ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਸੰਤ ਕਾਲਾ ਸਿੰਘ ਨੰਗਲ ਵਾਲੇ

ਕ੍ਰਿਤ

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼



ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਸੰਪਾਦਕ

ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

Namdhari Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸੰਤ ਕਾਲਾ ਸਿੰਘ ਨੌਂਗਲ ਵਾਲੇ

ਕ੍ਰਿਤ

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ

(ਨਾਮਧਾਰੀ ਇਤਿਹਾਸ ਦੇ ਮੁੱਢਲੇ ਸਰੋਤਾਂ ਵਿਚੋਂ ਇੱਕ ਕਾਵਿ-ਸੰਗ੍ਰਹਿ)

ਸੰਪਾਦਕ

ਦੇਵਿੰਦਰ ਸਿੰਘ ਗਿਲ (ਜੀਆ ਨੱਥਾ)

ਵਿਸ਼ਵ ਨਾਮਧਾਰੀ ਸੰਗਤ (ਰਜਿ.)

ਸ੍ਰੀ ਭੈਣੀ ਸਾਹਿਬ (ਲੁਧਿਆਣਾ)

Namdhari Elibrary NamdhariElibrary@gmail.com

ਸੰਤ ਕਾਲਾ ਸਿੰਘ ਨੰਗਲ ਵਾਲੇ
ਕ੍ਰਿਤ
# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ

ਸੰਪਾਦਕ : ਦੇਵਿੰਦਰ ਸਿੰਘ ਗਿਲ (ਜੀਆ ਨੱਥਾ)
ਪਿੰਡ-ਜੀਆ ਨੱਥਾ.
ਡਾਕਖਾਨਾ-ਖੁਡਾ-144305
ਜਿਲਾ-ਹੁਸਿਆਰਪੁਰ (ਪੰਜਾਬ)
ਮੋਬਾਈਲ-94177-69103
ਫੋਨ-01886-267380
© ਸਭ ਹੱਕ ਸੰਪਾਦਕ ਦੇ ਰਾਖਵੇਂ ਹਨ

ਪਹਿਲਾ ਐਡੀਸ਼ਨ : 1914 ਈਸਵੀ
ਦੂਜਾ ਐਡੀਸ਼ਨ : 2014 ਈਸਵੀ

ਪ੍ਰਕਾਸ਼ਕ : ਵਿਸ਼ਵ ਨਾਮਧਾਰੀ ਸੰਗਤ (ਰਜਿ.)
ਸ੍ਰੀ ਭੈਣੀ ਸਾਹਿਬ (ਲੁਧਿਆਣਾ)

ਭੇਟਾ : 150/-

ਟਾਈਪ ਸੈਟਰਜ : ਆਈਕੋਨ ਪ੍ਰਿੰਟਰਜ਼
ਰਾਮ ਨਗਰ, ਲੁਧਿਆਣਾ
ਮੋਬਾਇਲ : 9872404050

Namdhari Elibrary NamdhariElibrary@gmail.com

ਸਮਰਪਣ

ਮਨੁੱਖਤਾ ਦੇ ਰਹਿਬਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਨੂੰ

Namdhari Elibrary NamdhariElibrary@gmail.com

Namdhari Elibrary NamdhariElibrary@gmail.com




ਮਲੇਰ ਕੋਟਲੇ ਦਾ ਸਾਕਾ

Namdhari Elibrary namdharielibrary@gmail.com

Namdhari Elibrary NamdhariElibrary@gmail.com



ਨਾਮਧਾਰੀ ਪੰਥ ਦੇ ਵਡਮੁੱਲੇ ਹੀਰੇ ਅਤੇ ਪ੍ਰਸਿੱਧ ਇਤਿਹਾਸਕਾਰ

ਸੰਤ ਕਾਲਾ ਸਿੰਘ ਜੀ ਨੰਗਲ ਵਾਲੇ (ਲੁਧਿਆਣਾ)

Namdhari Elibrary NamdhariElibrary@gmail.com

Namdhari Elibrary NamdhariElibrary@gmail.com


# ਪੰਥ ਪ੍ਰਕਾਸ਼

ਪਾਤਸ਼ਾਹੀ ੧੨

ਸਾਕਾ ਮਲੇਰ ਕੋਟਲੇ ਦਾ

ਜਿਸ ਵਿਚ ਅੱਸੀਆਂ ਸਿੰਘਾਂ ਦਾ ਤੋਪਾਂ ਮੂਹਰੇ ਸ਼ਹੀਦ ਹੋਣਾ ਹੈ

**ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਲੈਕੇ ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਸ੍ਰੀ ਗੁਰੂ ਹਰੀ ਸਿੰਘ ਜੀ ਤੇ ਸ੍ਰੀ ਮਹਾਰਾਜ ਬਾਬਾ ਪ੍ਰਤਾਪ ਸਿੰਘ ਜੀ ਦਾ ਆਦ ਤੋਂ ਅੰਤ ਤਾਂਈ ਅਰ ਸਾਰੇ ਸਿਤ ਖਾਲਸੇ ਦਾ ਠੇਠ ਪੰਜਾਬੀ ਬੋ ਤਾਰੀਖ਼ ਵ ਸੰਪੂਰਨ ਬਿਰਤਾਂਤ ਅਤੇ ਬੜੀ ਰਸੀਲੀ ਕਵਿਤਾ ਵਿਚ ਬਰਨਨ ਹੈ**

ਗਿਆਨੀ

**ਭਾਈ ਕਾਲਾ ਸਿੰਘ ਨਾਮਧਾਰੀਆ**

**[illegible] ਡਾਕਖਾਨਾ ਲਤਾਲਾ**

ਜ਼ਿਲਾ ਲੁਧਿਆਣਾ ਨੇ ਰਚਕੇ ਛਪਾਯਾ ॥

ਪਹਿਲੀ ਵਾਰ ੧੦੦੦ ਸੰ: ੧੯੧੪ ਮੁਲ ਪੰਜ ਆਨੇ

---

ਸਰਦਾਰ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ

ਸ੍ਰੀ ਗੁਰਮਤ ਪ੍ਰੈਸ ਅੰਮ੍ਰਿਤਸਰ ਵਿਚ ਛਪਾ ॥

ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼ ਪੁਸਤਕ ਦੇ ਪਹਿਲੇ ਐਡੀਸ਼ਨ (1914 ਈਸਵੀ) ਦੇ ਟਾਈਟਲ ਦੀ ਤਸਵੀਰ

Namdhari Elibrary NamdhariElibrary@gmail.com

# ਤੱਤਕਰਾ


ਪੰਨਾ ਨੰ.

1. ਅਥ ਪੰਥ ਪ੍ਰਕਾਸ਼ ਲਿਖਯਤੇ 2
2. ਏਸ ਗ੍ਰੰਥ ਦੇ ਸਾਰੇ ਪ੍ਰਸੰਗਾਂ ਦਾ ਅਲੰਕਾਰ 5
3. ਪ੍ਰਸੰਗ ਸ੍ਰੀ ਗੁਰੂ ਬਾਬੇ ਬਾਲਕ ਸਿੰਘ ਜੀ ਦੇ ਅਵਤਾਰ ਧਾਰਨ ਦਾ 10
4. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਕੇ ਸੰਤ ਖਾਲਸੇ ਨੂੰ ਪਰਗਟ ਕਰਨਾ 13
5. ਲਾਹੌਰ ਜਾਕੇ ਸਤਿਗੁਰੂ ਰਾਮ ਸਿੰਘ ਜੀ ਨੇ ਨੌਕਰੀ ਕਰਨੀ 14
6. ਸਤਿਗੁਰੂ ਦੇ ਸਬੰਧੀ ਨੇ ਸਤਿਗੁਰੂ ਜੀ ਨਾਲ ਸਖਤੀ ਕਰਨੀ 17
7. ਸਤਿਗੁਰਾਂ ਨੇ ਸਰਾਫ ਦੇਣਾ ਆਪਣੇ ਸੰਬੰਧੀ ਨੂੰ 18
8. ਗੁਰੂ ਜੀ ਨੂੰ ਰਾਜੇ ਨੌਨਿਹਾਲ ਸਿੰਘ ਨੇ ਅੰਦਰ ਕੋਠੜੀ ਦੇ ਦੇਣਾ 19
9. ਗੁਰੂ ਜੀ ਨੇ ਨੌਕਰੀ ਤੋਂ ਅਸਤੀਫਾ ਦੇਣਾ 20
10. ਗੁਰੂ ਜੀ ਨੇ ਲਾਹੌਰ ਤੋਂ ਹਜਰੋ ਸਾਹਿਬ ਨੂੰ ਜਾਣਾ 21
11. ਗੁਰੂ ਜੀ ਨੇ ਭੈਣੀ ਸਾਹਿਬ ਆਕੇ ਧਰਮ ਦੀ ਕਿਰਤ ਕਰਨੀ ਨਾਮ ਜਪਣਾ 24
12. ਪ੍ਰਸੰਗ ਮਹਾਰਾਜ ਗੁਰੂ ਹਰੀ ਸਿੰਘ ਜੀ ਦਾ 25
13. ਗੁਰੂ ਜੀ ਨੇ ਮੜੀਆਂ ਤੇ ਗੋਰਾਂ ਢਹਾਉਣੀਆਂ 27
14. ਸਤਿਗੁਰਾਂ ਨੇ ਮਾਈਆਂ ਬੀਬੀਆਂ ਨੂੰ ਉਪਦੇਸ਼ ਕਰਨਾ 29
15. ਸਤਿਗੁਰੂ ਬਾਲਕ ਸਿੰਘ ਜੀ ਦਾ ਜੋਤੀ ਜੋਤ ਸਮਾਉਂਣਾ 30
16. ਗੁਰੂ ਜੀ ਨੇ ਸ੍ਰੀ ਅਮ੍ਰਿਤਸਰ ਜੀ ਦਰਸਨ ਕਰਨ ਜਾਣਾ 31
17. ਪੁਜਾਰੀਆਂ ਨੇ ਚਿਠੀ ਲਿਖਣੀ ਕੂਕੇ ਤਨਖਾਹੀਏ ਹੈਨ 34
18. ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਤੋਂ ਮੁਕਤਸਰ ਜਾਣਾ 36
19. ਸਤਿਗੁਰੂ ਜੀ ਨੇ ਦਰਬਾਰ ਦਰਸ਼ਨ ਕਰਨ ਨੂੰ ਜਾਣਾ 37
20. ਸਤਿਗੁਰਾਂ ਨੇ ਦਮਦਮੇ ਦਰਸ਼ਨ ਕਰਨੇ 41
21. ਪੁਜਾਰੀ ਤੇ ਨਿਹੰਗਾਂ ਨੇ ਬਾਰੂਦ ਵਾਂਗ ਸੰਤ ਖਾਲਸੇ ਨੂੰ ਦੇਖ ਕੇ ਸੜਨਾ 44
22. ਪੁਜਾਰੀਆਂ ਤੇ ਨਿਹੰਗਾਂ ਨੇ ਅਰਜੀ ਦੇਣੀ ਸਰਕਾਰ ਪਾਸ 47
23. ਸਤਿਗੁਰਾਂ ਨੇ ਦਰਸ਼ਨ ਕਰਨ ਅਨੰਦਪੁਰ ਜੀ ਜਾਣਾ 48


Namdhari Elibrary NamdhariElibrary@gmail.com

24. ਪ੍ਰਸੰਗ ਇਕ ਸਾਧ ਉਦਾਸੀ ਦਾ 57
25. ਸਾਧ ਨੇ ਅਰਜ਼ ਕਰਨੀ ਹੱਥ ਜੋੜਕੇ ਸਤਿਗੁਰਾਂ ਪਾਸ 58
26. ਗੁਰੂ ਜੀ ਨੇ ਸਾਧ ਨੂੰ ਸਿਖ ਬਣੌਣਾ ਤੇ ਭਜਨ ਦਸਣਾ 59
27. ਸਤਿਗੁਰਾਂ ਨੇ ਚੌਹਾਂ ਤਖਤਾਂ ਦਾ ਰੌਲਾ ਵੇਖ ਕੇ ਸਿੰਘ ਨੂੰ ਭੇਜਣਾ ਹਜ਼ੂਰ ਸਾਹਿਬ ਨੂੰ 61
28. ਹਜ਼ੂਰ ਸਾਹਿਬ ਜੀ ਦੇ ਪੁਜਾਰੀਆਂ ਨੇ ਪੰਜ ਸਿੰਘ ਭੇਜਣੇ ਭੈਣੀ ਸਾਹਿਬ 65
29. ਕਵੀ ਦੇ ਪਿਤਾ ਨੇ ਦਰਸ਼ਨ ਕਰਨਾ ਸਤਿਗੁਰੂ ਰਾਮ ਸਿੰਘ ਜੀ ਦਾ 67
30. ਪ੍ਰਸੰਗ ਇਕ ਮਸਤਾਨੇ ਦਾ 68
31. ਸਤਿਗੁਰਾਂ ਨੇ ਸੂਬੇ ਸਾਜਣੇ ਬਾਈ, ਸਾਰਿਆਂ ਪਿੰਡਾਂ ਦੇ ਨਾਮ 71
32. ਪ੍ਰਸੰਗ ਹੁਕਮ ਸਤਿਗੁਰਾਂ ਨੇ ਦੇਣਾਂ ਸੂਬਿਆਂ ਨੂੰ 73
33. ਪ੍ਰਸੰਗ ਗੁਰੂ ਜੀ ਅਗੇ ਬੇਨਤੀ ਕਰਨੀ ਬਾਈਆਂ ਸੂਬਿਆਂ ਨੇ 75
34. ਹੁਕਮ ਸਤਿਗੁਰ ਰਾਮ ਸਿੰਘ ਜੀ 75
35. ਸੰਤ ਖਾਲਸੇ ਦਾ ਜ਼ੋਰ ਹੋਣਾ ਤੇ ਸੂਬਿਆਂ ਨੇ ਦੇਸਾਂ ਨੂੰ ਸਚੇ ਮਾਰਗ ਪਾਉਣਾ 77
36. ਸਾਕਾ ਅੰਮ੍ਰਿਤਸਰ ਦਾ ਗਊ ਧਰਮ ਹਿਤਕੀਨ 78
37. ਸਿੰਘਾਂ ਨੇ ਗੁਰਮਤਾ ਕਰਨਾ 80
38. ਸਿੰਘਾਂ ਨੇ ਪ੍ਰਸਾਦਿ ਕਰਕੇ ਹਵਨ ਕਰਨਾ ਘਰ ਭਾਈ ਲਹਿਣਾ ਸਿੰਘ ਦੇ 81
39. ਸਿੰਘਾਂ ਨੇ ਹਮਲਾ ਕਰਕੇ ਕਸਾਈਆਂ ਨੂੰ ਕਤਲ ਕਰਨਾ 84
40. ਸਿੰਘਾਂ ਨੇ ਸਤਿਗੁਰਾਂ ਦੇ ਦਰਸ਼ਨ ਨੂੰ ਸ੍ਰੀ ਭੈਣੀ ਸਾਹਿਬ ਜੀ ਜਾਣਾ 86
41. ਸਿੰਘਾਂ ਨੇ ਕਤਲ ਦਾ ਹਵਾਲ ਸਤਿਗੁਰਾਂ ਨੂੰ ਸੁਣੌਣਾ 87
42. ਸਤਿਗੁਰਾਂ ਨੇ ਸੁਣਕੇ ਹਵਾਲ ਕਤਲ ਦਾ ਸਿੰਘਾਂ ਨੂੰ ਮੋੜਨਾ 88
43. ਸਿੰਘਾਂ ਨੇ ਬੇਨਤੀ ਕਰਨੀ ਸਤਿਗੁਰਾਂ ਪਾਸ ਹੱਥ ਜੋੜਕੇ ਚੌਹਾਂ ਨੇ 89
44. ਸਿੰਘਾਂ ਨਾਮਧਾਰੀਆਂ ਨੇ ਨਿਹੰਗ ਸਿੰਘਾਂ ਨੂੰ ਫਾਹੇ ਦੇਣ ਤੇ ਛੁਡਾ ਦੇਣਾ 91
45. ਸਿੰਘਾਂ ਦੀ ਸਚਾਈ ਸੁਣ ਕੇ ਪੁਲਸ ਦੇ ਹਾਕਮਾਂ ਨੇ ਹੈਰਾਨ ਹੋਣਾ 91
46. ਸਿੰਘਾਂ ਨੇ ਸੱਚਾ ਬਿਆਨ ਦੇਣਾ ਪੁਲਸ ਪਾਸ 92
47. ਪੁਲੀਸ ਨੇ ਤਾਰੀਫ ਕਰਨੀ ਸਤਿਗੁਰਾਂ ਦੀ ਸਿੰਘਾਂ ਦੀ ਸਚਾਈ ਦੇਖ ਕੇ 93
48. ਸ਼ਿਸ਼ਨ ਨੇ ਇਜ਼ਹਾਰ ਪੁਛਣੇ ਸਿੰਘਾਂ ਪਾਸੋ ਅਦਬ ਅਦਾਬ ਨਾਲ 95
49. ਸਿੰਘਾਂ ਨੇ ਸਚੇ ਬਿਆਨ ਪਾਸ ਸ਼ਿਸ਼ਨ ਦੇ ਕਰਨੇ 97


Namdhari Elibrary NamdhariElibrary@gmail.com

50. ਸ਼ਿਸ਼ਨ ਨੇ ਵਿਚਾਰ ਕਰਨੀ 98

51. ਸਿੰਘਾਂ ਦੀ ਸਚਾਈ ਦੇਖਕੇ ਸ਼ਿਸ਼ਨ ਨੇ ਤਾਰੀਫ ਕਰਨੀ 98

52. ਸਿੰਘਾਂ ਨੇ ਬ੍ਰਹਮ ਗਿਆਨ ਨੂੰ ਦ੍ਰਿੜ ਕਰਕੇ ਆਪਣੀ ਮੌਤ ਆਪ ਮੰਗਨੀ 99

53. ਸਿੰਘਾਂ ਨੇ ਬੇਨਤੀ ਕਰਨੀ ਅਕਾਲ ਪੁਰਖ ਅਗੇ 101

54. ਬਾਰਾਂ ਗੁਰੂਆਂ ਤੇ ਸਾਰੇ ਸ਼ਹੀਦਾਂ ਸਿੰਘਾਂ ਨੇ ਦਰਸ਼ਨ ਦੇਣਾ 102

55. ਸਿੰਘਾਂ ਦਾ ਸ਼ਹੀਦ ਹੋਣਾ ਭਾਈ ਲੈਹਣਾ ਸਿੰਘ ਜੀ ਤੇ ਭਾਈ ਬੀਹਲਾ ਸਿੰਘ ਜੀ ਤੇ ਭਾਈ ਹਾਕਮ ਸਿੰਘ ਜੀ ਤੇ ਭਾਈ ਫਤੇ ਸਿੰਘ ਜੀ ਦਾ 102

56. ਪ੍ਰਸੰਗ ਰਾਇਕੋਟ ਦਾ ਚਲਿਆ 104

57. ਸਿੰਘਾਂ ਨੇ ਸੋਚ ਕਰਨੀ 106

58. ਸਿੰਘਾਂ ਨੇ ਅਰਦਾਸ ਕਰਨੀ ਬਾਰਾਂ ਗੁਰਾਂ ਅਗੇ 107

59. ਸਿੰਘਾਂ ਨੇ ਹਮਲਾ ਕਰਕੇ ਕਸਾਈਆਂ ਨੂੰ ਕਤਲ ਕਰਨਾ 108

60. ਹਿੰਦੂਆਂ ਨੇ ਮੁਕਬਰ ਹੋਕੇ ਸਿੰਘਾਂ ਨੂੰ ਫੜਾਇ ਦੇਣਾ ਸਰਕਾਰ ਨੂੰ 109

61. ਮੁਕਬਰਾਂ ਨੇ ਗਿਆਨੀ ਸਿੰਘ ਜੀ ਨੂੰ ਅਦਾਲਤ ਵਿਚ ਬੋਲਕੇ ਫੜੌਣਾ 110

62. ਮੁਕਬਰਾਂ ਨੇ ਕਹਿਣਾ ਗਿਆਨੀ ਸਿੰਘ ਨੇ ਮੰਨ ਲੈਣਾ 111

63. ਅਦਾਲਤ ਨੇ ਫਾਹੇ ਦਾ ਹੁਕਮ ਦੇਣਾ 111

64. ਸਿੰਘਾਂ ਨੇ ਫਾਹੇ ਪਾਸ ਜਾਣਾ 112

65. ਸਿੰਘਾਂ ਅੰਤ੍ਰ ਧਿਆਨ ਹੋਕੇ ਬਾਰਾਂ ਗੁਰਾਂ ਅਗੇ ਬੇਨਤੀ ਕਰਨੀ 113

66. ਭਾਈ ਮੰਗਲ ਸਿੰਘ ਜੀ ਦਾ ਸ਼ਹੀਦ ਹੋਣਾ 115

67. ਭਾਈ ਗੁਰਮੁਖ ਸਿੰਘ ਜੀ ਦਾ ਸ਼ਹੀਦ ਹੋਣਾ 116

68. ਭਾਈ ਮਸਤਾਨ ਸਿੰਘ ਜੀ ਦਾ ਸ਼ਹੀਦ ਹੋਣਾ 117

69. ਲੋਕਾਂ ਦਾ ਹੈਰਾਨ ਹੋਣਾ ਸ਼ਹੀਦਾਂ ਨੂੰ ਦੇਖ ਕੇ 117

70. ਬਾਬਾ ਗਿਆਨੀ ਸਿੰਘ ਜੀ ਆਖਦਾ ਹੈ ਸਾਡੇ ਗੁਰਾਂ ਵਡੇ ਉਪਕਾਰ ਕੀਤੇ ਨੇ 118

71. ਅਦਾਲਤ ਨੇ ਫਾਹੇ ਦਾ ਹੁਕਮ ਦੇਣਾ ਗਿਆਨੀ ਸਿੰਘ ਨੂੰ ਤੇ ਰਤਨ ਸਿੰਘ ਨੂੰ 119

72. ਸਿੰਘਾਂ ਨੇ ਨਿਤਨੇਮ ਵਿਚ ਫਰਕ ਨਾ ਪੈਣ ਦੇਣਾ 120

73. ਸਿੰਘਾਂ ਨੇ ਬੇਨਤੀ ਕਰਨੀ ਬਾਰਾਂ ਗੁਰਾਂ ਅਗੇ 121

74. ਸਿੰਘਾਂ ਦੀ ਤਰਫ ਸਤਿਗੁਰਾਂ ਦੀ ਨਿਗਾ ਹੋਣੀ 123

75. ਬਾਰਾਂ ਗੁਰਾਂ ਨੇ ਦਰਸ਼ਨ ਦੇਣਾ ਸਿੰਘਾਂ ਨੂੰ 124


Namdhari Elibrary NamdhariElibrary@gmail.com

76. ਬਾਬੇ ਗਿਆਨੀ ਸਿੰਘ ਤੇ ਭਾਈ ਰਤਨ ਸਿੰਘ ਜੀ ਦਾ ਸ਼ਹੀਦ ਹੋਣਾ 125

77. ਸਾਕਾ ਸ਼ਹਿਰ ਕੋਟਲੇ ਹੋਇਆ ਵਿਚ ਮਲੇਰ 127

78. ਹਾਲ ਸ਼ਹਿਰ ਕੋਟਲੇ ਦਾ 127

79. ਅਹਿਲਕਾਰਾਂ ਨੇ ਰਾਜ ਵਿਚ ਹਨੇਰ ਪਉਣਾ 128

80. ਅਹਿਲਕਾਰਾਂ ਨੇ ਗਊਆਂ ਮਰਵਾਉਣੀਆਂ ਸ਼ਹਾਦਤ ਦੇ ਕੇ ਮੁਸਲਮਾਨਾਂ ਪਾਸੋਂ 129

81. ਗੁਰਮੁਖ ਸਿੰਘ ਜੀ ਨੇ ਕੰਜੂਜੜੇ ਨੂੰ ਕਹਿਣਾ 129

82. ਜਵਾਬ ਸਰਦਾਰ ਹੀਰਾ ਸਿੰਘ ਜੀ ਦਾ 131

83. ਅਹਿਲਕਾਰਾਂ ਨੇ ਮੰਦਾ ਬੋਲ ਕੇ ਧੱਕੇ ਮਾਰਨੇ ਸਿੰਘ ਦੇ 133

84. ਸਾਰੇ ਸ਼ਹੀਦਾਂ ਦੇ ਪਿੰਡਾਂ ਤੇ ਜ਼ਿਲਿਆਂ ਦੇ ਨਾਮ 136

85. ਗੁਰੂ ਜੀ ਨੇ ਹੁਕਮ ਦੇਕੇ ਭੋਗ ਪਾ ਦੇਣੇ ਤੇ ਸੰਗਤ ਨੇ ਵਿਦਾ ਹੋ ਜਾਣਾ 140

86. ਸਿੰਘਾਂ ਨੇ ਅਰਜ ਕਰਨੀ ਸਤਿਗੁਰਾਂ ਪਾਸ ਪਿਹਲੀ ਵਾਰ 142

87. ਸਤਿਗੁਰਾਂ ਨੇ ਸਿੰਘਾਂ ਨੂੰ ਮਨਾ ਕਰਨਾ 142

88. ਸਿੰਘਾਂ ਨੇ ਅਰਜ ਕਰਨੀ ਸਤਿਗੁਰਾਂ ਪਾਸ ਦੂਜੀ ਵਾਰ 143

89. ਸਿੰਘਾਂ ਨੇ ਅਰਜ ਕਰਨੀ ਸਤਿਗੁਰਾਂ ਪਾਸ ਵਾਰ ਤੀਜੀ 144

90. ਸਿੰਘਾਂ ਨੇ ਅਰਦਾਸਾ ਕਰਨਾ ਬਾਰਾਂ ਗੁਰੂਆਂ ਅੱਗੇ ਹੱਥ ਜੋੜ ਕੇ 146

91. ਸਿੰਘਾਂ ਨੇ ਸਸਤ੍ਰ ਲੈਣੇ ਨੂੰ ਮਲੋਦ ਜਾਣਾ 148

92. ਸਿੰਘਾਂ ਨੇ ਕੋਟਲੇ ਵਿਚ ਵੜਕੇ ਕਸਾਈਆਂ ਤੇ ਅਹਿਲਕਾਰਾਂ ਨੂੰ ਭਾਲਣਾ 150

93. ਸਿੰਘਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਆਖਣਾ ਥੋੜਾ ਤੇ ਸਾਡਾ ਰੌਲਾ ਨਹੀਂ ਹੈ 152

94. ਜੇਮਲ ਜਟ ਰੜ ਪਿੰਡ ਦੇ ਨੇ ਸ਼ੇਰਪੁਰ ਪਿੰਡ ਦੇ ਥਾਣੇਦਾਰ ਨੂੰ ਲੇ ਕੇ ਆਉਣਾ 156

95. ਜੇਮਲ ਤੇ ਉਤਮ ਨੇ ਕਸਮਾਂ ਖਾਕੇ ਸਿੰਘਾਂ ਨੂੰ ਸ਼ੇਰਪੁਰ ਲੇ ਜਾਣਾ 157

96. ਠਾਣੇਦਾਰ ਨੇ ਸਿੰਘਾਂ ਨੂੰ ਸ਼ਬਦ ਪੜਨ ਲੌਣਾਂ ਹੌਸਲਾ ਦੇ ਕੇ 158

97. ਸਿੰਘਾਂ ਨੂੰ ਗੱਡਿਆਂ ਉਤੇ ਚਾੜਕੇ ਮਲੇਰਕੋਟਲੇ ਨੂੰ ਲੈ ਜਾਣਾ 159

98. ਭਾਈ ਹੀਰਾ ਸਿੰਘ ਜੀ ਨੇ ਫੌਜਾਂ ਨੂੰ ਉਪਦੇਸ਼ ਕਰਨਾ 160

99. ਸ਼ਬਦ ਸੁਣਕੇ ਹਾਕਮ ਨੇ ਘਬਰਾ ਜਾਣਾ ਰੌਲਾ ਸਮਝਕੇ 160

100. ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਜੀ ਨੇ ਕਰਤਾਰ ਦੀ ਸਿਫ਼ਤ ਕਰਨੀ 161


Namdhari Elibrary NamdhariElibrary@gmail.com

101. ਪ੍ਰਸੰਗ ਭਾਈ ਹਰਨਾਮ ਸਿੰਘ ਜੀ ਦਾ 162
102. ਪ੍ਰਸੰਗ ਦੋਇ ਬਚਿਆਂ ਮਾਸੂਮਾਂ ਬਾਰਾਂ-ਬਾਰਾਂ ਸਾਲ ਦਿਆਂ ਦਾ 163
103. ਬਾਰਾਂ-ਬਾਰਾਂ ਸਾਲ ਦਿਆਂ ਬਚਿਆਂ ਨੇ ਸਰਕਾਰ ਅਗੇ ਰੋਣਾ 163
104. ਭਾਈ ਪ੍ਰੇਮ ਸਿੰਘ ਜੀ ਨੂੰ ਇਕ ਸਰਦਾਰ ਨੇ ਛੁੜਾ ਦੇਣਾ 164
105. ਸਿੰਘਾਂ ਨੇ ਅਰਦਾਸ ਕਰਨੀ ਬਾਰਾਂ ਗੁਰਾਂ ਅਗੇ ਹੱਥ ਜੋੜਕੇ 165
106. ਸਤਿਗੁਰੂ ਰਾਮ ਸਿੰਘ ਜੀ ਨੇ ਗੁਪਤ ਰੂਪ ਵਿਚ ਹੁਕਮ ਦੇਣਾ ਸਿੰਘਾਂ ਨੂੰ 166
107. ਭਾਈ ਹੀਰਾ ਸਿੰਘ ਮਸਤਾਨੇ ਨੇ ਤੋਪ ਨੂੰ ਆਖਣਾ ਕਿਉਂ ਨਹੀ ਚਲਦੀ ਚਲ 167
108. ਗੁਰੂ ਜੀ ਦੇਹਿ ਕਰਕੇ ਭੈਣੀ ਸਾਹਿਬ, ਪਰ ਸਿੰਘਾਂ ਨੂੰ ਕੋਟਲੇ ਦਰਸ਼ਨ ਦਿਤੇ 167
109. ਹੁਕਮ ਮੰਨ ਕੇ ਤੋਪ ਨੇ ਚਲਕੇ ਸਿੰਘਾਂ ਨੂੰ ਸ਼ਹੀਦ ਕਰਨਾ 167
110. ਮਾਈ ਇੰਦ ਕੌਰ ਤੇ ਖੇਮ ਕੌਰ ਨੇ ਬਰਲਾਪ ਕਰਨਾ ਸਰਕਾਰ ਪਾਸ 169
111. ਸਰਕਾਰ ਨੇ ਕਿਹਾ ਮਾਈਆਂ ਨੂੰ ਮਾਰਨ ਦਾ ਹੁਕਮ ਨਹੀ ਹੈ 170
112. ਗੁਰੂ ਜੀ ਨੇ ਪਰਦੇਸ ਨੂੰ ਜਾਣਾ ਬਾਰਾਂ ਸੂਬਿਆਂ ਦੇ ਸਾਥ 172
113. ਜਦੋਂ ਰਾਜਿਆਂ ਦੁਖ ਦਿੱਤਾ ਨਾਮਧਾਰੀਆਂ ਦੀ ਕੀ ਦਸ਼ਾ ਹੋਈ 175
114. ਜੇੜੇ ਅੰਗਰੇਜ਼ਾਂ ਦੇ ਰਾਜ ਵਿਚ ਨਾਮਧਾਰੀ ਨੇ ਉਹਨਾਂ ਦਾ ਹਾਲ ਸੁਣੋ 176
115. ਸਿੰਘਾਂ ਨੇ ਸਮੁੰਦਰ ਲੰਘ ਕੇ ਗੁਰੂ ਜੀ ਦਾ ਦਰਸ਼ਨ ਕਰਨਾ 177
116. ਪ੍ਰਸੰਗ ਮਹਾਰਾਜ ਹਰੀ ਸਿੰਘ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸ਼ਬਦ ਦੀ ਸ਼ਕਤੀ ਬਖਸ਼ਣੀ 178
117. ਸਤਿਗੁਰਾਂ ਨੇ ਸਰਕਾਰ ਨੂੰ ਪੁਛਣਾ ਸਾਨੂੰ ਕੇੜੇ ਕਸੂਰ ਤੇ ਟਾਪੂਏਂ ਆਂਦਾ ਹੈ 179
118. ਸਤਿਗੁਰਾਂ ਨੇ ਸੰਤ ਖਾਲਸਾ ਤੇ ਸੂਬੇ ਟਾਪੂਆਂ ਤੇ ਸਾਜ ਦੇਣੇ 180
119. ਭਾਈ ਮੀਹਾਂ ਸਿੰਘ ਨੇ ਅਰਜ ਕਰਨੀ ਸਤਿਗੁਰਾਂ ਪਾਸ ਹਥ ਜੋੜ ਕੇ 182
120. ਸਤਿਗੁਰਾਂ ਨੇ ਭਾਈ ਮੀਹਾਂ ਸਿੰਘ ਜੀ ਨੂੰ ਉਪਦੇਸ਼ ਦੇਣਾ 183
121. ਮੀਹਾਂ ਸਿੰਘ ਨੇ ਸਤਿਗੁਰਾਂ ਪਾਸੋਂ ਭੈਣੀ ਸਾਹਿਬ ਜਾਕੇ ਗੁਰੂ ਹਰੀ ਸਿੰਘ ਨੂੰ ਮਿਲਣਾ 184
122. ਪ੍ਰਸੰਗ ਮਹਾਰਾਜ ਗੁਰੂ ਹਰੀ ਸਿੰਘ ਜੀ ਦਾ 185
123. ਗੁਰੂ ਹਰੀ ਸਿੰਘ ਜੀ ਨੇ ਸੰਗਤ ਨੂੰ ਗੁਰੂ ਪ੍ਰਤਾਪ ਸਿੰਘ ਜੀ ਦਾ


Namdhari Elibrary NamdhariElibrary@gmail.com

| | | |
|---|---|---|
| | ਪੱਲਾ ਫੜਾ ਦੇਣਾ | 187 |
| 124. | ਪ੍ਰਸੰਗ ਮਹਾਰਾਜ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਸਚਖੰਡ ਨੂੰ ਜਾਣਾ | 188 |
| 125. | ਪ੍ਰਸੰਗ ਮਹਾਰਾਜ ਸ੍ਰੀ ਗੁਰੂ ਬਾਬਾ ਪ੍ਰਤਾਪ ਸਿੰਘ ਜੀ ਦਾ | 189 |
| 126. | ਕਵੀ ਦਾ ਜਨਮ | 190 |
| 127. | ਫੁਟ ਨੋਟ ਅਤੇ ਟਿਪਣੀਆਂ (ਅੰਤਿਕਾ) | 190 |


◆ ◆ ◆

Namdhari Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਪ੍ਰਸਤਾਵਨਾ

ਨਾਮਧਾਰੀ ਇਤਿਹਾਸ ਤੇ ਸਾਹਿਤ ਦੇ ਮੁਢਲੇ ਸਰੋਤ ਜੋ ਉਨ੍ਹੀਵੀ ਸਦੀ ਦੇ ਮੱਧ ਜਾਂ ਮੱਧ ਤੋ ਕੁਝ ਸਮੇਂ ਬਾਅਦ ਰਚਣੇ ਸ਼ੁਰੂ ਹੋ ਗਏ ਸਨ। ਉਹਨਾਂ ਵਿਚੋਂ ਸੰਤ ਕਾਲਾ ਸਿੰਘ ਨੰਗਲਾਂ ਵਾਲਿਆਂ ਦਾ ਗਰੰਥ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ" ਵੀ ਹੈ ਜੋ ਪਹਿਲੀ ਵਾਰ 1914 ਈਸਵੀ ਵਿਚ ਸਰਦਾਰ ਬੁਧ ਸਿੰਘ ਮਾਲਕ ਗੁਰਮਤ ਪ੍ਰੈਸ ਸ੍ਰੀ ਅੰਮ੍ਰਿਤਸਰ ਤੋਂ ਕਵੀ ਕਾਹਲਾ ਸਿੰਘ ਜੀ ਨੇ ਪ੍ਰਕਾਸ਼ਤ ਕਰਵਾਇਆ ਸੀ। ਉਸ ਤੋਂ ਬਾਅਦ ਇਹ ਗਰੰਥ ਮੁੜ ਪ੍ਰਕਾਸ਼ਤ ਨਹੀ ਹੋਇਆ ਅਤੇ ਇਹ ਗਰੰਥ ਦੁਰਲਭ ਹੋ ਗਿਆ ਸੀ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਤੇ ਬਖਸ਼ਿਸ਼ ਨਾਲ ਲਗਭਗ ਅਠੱਨਵੇਂ ਸਾਲ ਬਾਅਦ ਇਹ ਗਰੰਥ ਮੁੜ ਪ੍ਰਕਾਸ਼ਤ ਹੋਕੇ ਪਾਠਕਾਂ ਦੇ ਹੱਥਾਂ ਵਿਚ ਆਇਆ ਹੈ।

ਇਹ ਗਰੰਥ ਮੈਨੂੰ ਕਿਵੇ ਤੇ ਕਿਥੋ ਪ੍ਰਾਪਤ ਹੋਇਆ ? ਇਸ ਬਾਰੇ ਮੈਂ ਅਗਲੇ ਪੰਨਿਆਂ ਵਿਚ ਵਿਚਾਰ ਕਰਾਂਗਾ। 1994 ਈਸਵੀ ਵਿਚ ਮੈਂ ਜਪੁ ਪ੍ਰਯੋਗ ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਗਿਆ ਸਾਂ, ਉਥੇ ਮੈਨੂੰ ਦੋ ਸਿੰਘ ਮਿਲੇ ਜੋ ਏਲਨਾਬਾਦ ਤੋਂ ਆਏ ਸਨ। ਉਹਨਾਂ ਨੇ ਗਲਾਂ ਬਾਤਾਂ ਵਿਚ ਦਸਿਆ ਸੀ ਕਿ ਉਹ ਮਹਾਨ ਕਵੀ ਸੰਤ ਕਾਲਾ ਸਿੰਘ ਨੰਗਲ ਵਾਲਿਆਂ ਦੇ ਖਾਨਦਾਨ ਵਿਚੋਂ ਹਨ। ਮੈਂ ਉਹਨਾਂ ਨੂੰ ਇਸ ਗਰੰਥ ਬਾਰੇ ਪੁਛਿਆ ਤਾਂ ਉਹਨਾਂ ਨੇ ਕਿਹਾ ਕਿ ਇਹ ਗਰੰਥ ਦੁਰਲੰਭ ਹੋ ਚੁਕਾ ਹੈ, ਕਿਧਰੇ ਵੀ ਨਹੀ ਮਿਲਦਾ। ਸਾਡੇ ਕੋਲ ਇਕ ਕਾਪੀ ਆਪਣੇ ਰਿਕਾਰਡ ਲਈ ਹੈ, ਉਹ ਅਸੀ ਦੇ ਨਹੀ ਸਕਦੇ। ਸਾਡੇ ਤੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਇਸ ਗਰੰਥ ਦੀ ਪੁਛ ਪੜਤਾਲ ਕੀਤੀ ਸੀ ਪਰੰਤੂ ਸਾਡੇ ਕੋਲ ਸਿਰਫ ਇਕ ਕਾਪੀ ਸੀ। ਇਸ ਲਈ ਸਿਰਫ ਪੜ੍ਹਕੇ ਸੁਣਾਇਆ ਗਿਆ। ਉਸ ਆਵਾਜ ਨੂੰ ਆਡੀਓ ਕੈਸਟ ਵਿਚ ਰਿਕਾਰਡ ਕਰ ਲਿਆ ਸੀ। ਉਸ ਸਮੇਂ ਮੈਂ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ ਸੀ, ਕਿਰਪਾ ਕਰੋਂ, ਮੈਂ ਇਸ ਗਰੰਥ ਨੂੰ ਭਾਲਣ ਵਿਚ ਸਫਲ ਹੋ ਸਕਾਂ। ਅਜ ਮੇਰੀ ਅਰਦਾਸ ਪੂਰੀ ਹੋ ਗਈ ਹੈ। ਗਰੰਥ ਮੁੜ ਪ੍ਰਕਾਸ਼ਤ ਹੋਕੇ ਪਾਠਕਾਂ ਦੇ ਹੱਥਾਂ ਵਿਚ ਆਇਆ ਹੈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨਕੋਟ ਧੰਨਵਾਦ ਹੈ।

Namdhari Elibrary NamdhariElibrary@gmail.com

## ਕਵੀ ਕਾਲਾ ਸਿੰਘ ਜੀ ਦੀਆਂ ਰਚਨਾਵਾਂ ਵਿਚ ਉਹਨਾਂ ਦੇ ਜੀਵਨ ਦੇ ਸੰਕੇਤ

ਕਾਲਾ ਸਿੰਘ ਜੀ ਨਾਮਧਾਰੀ ਪੰਥ ਦੇ ਮੁਢਲੇ ਕਵੀਆਂ ਵਿਚੋ ਹੋਏ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥ ਦੇ ਪਹਿਲੇ ਸ੍ਰੇਸ਼ਠ ਕਵੀ, ਭਾਈ ਚੰਦਾ ਸਿੰਘ ਝੱਬਰ ਨੂੰ ਆਪਣੇ ਉਪਦੇਸ਼ਾਂ ਵਿਚ ਮੰਨਿਆ ਹੈ ਅਤੇ ਦੂਜੇ ਨੰਬਰ ਤੇ ਕਵੀ ਕਾਲਾ ਸਿੰਘ ਇਸ ਗ੍ਰੰਥ ਦੇ ਕਰਤਾ ਨੂੰ ਮੰਨਿਆ ਹੈ ਅਤੇ ਉਹਨਾਂ ਦੀ ਰਚਨਾ ਪੈਂਤੀਸ ਅਖਰੀ ਅਤੇ ਪੰਥ ਪ੍ਰਕਾਸ਼ ਦੇ ਅਨੇਕ ਵਾਰ ਹਵਾਲੇ ਦਿਤੇ ਹਨ। ਇਸ ਤੋ ਬਿਨਾਂ ਪੰਜਾਬੀ ਸਾਹਿਤ ਦੇ ਵਿਦਵਾਨ ਡਾ. ਹਰਭਜਨ ਸਿੰਘ ਜੀ ਨੇ ਵੀ ਉਹਨਾਂ ਦੀਆਂ ਕਾਵਿ ਰਚਨਾਵਾਂ ਉਸਤਤਨਾਮਾ, ਸ਼ਹੀਦ ਬਿਲਾਸ ਆਦਿਕ ਨੂੰ ਸਲਾਹਿਆ ਹੈ। ਉਹ ਕਵੀ ਜੀ ਬਾਰੇ ਪੁਸਤਕ "ਉਨ੍ਹੀਵੀ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ" ਵਿਚ ਇਸ ਪ੍ਰਕਾਰ ਲਿਖਦੇ ਹਨ :—

"ਕਵੀ ਕਾਹਲਾ ਸਿੰਘ ਨਾਮਧਾਰੀ ਲਹਿਰ ਦੇ ਮੁਢਲੇ ਕਵੀਆਂ ਵਿਚੋਂ ਪ੍ਰਮੁਖ ਹੈ। ਆਪਣੀ ਰਚਨਾ "ਸ਼ਹੀਦ ਬਿਲਾਸ" ਵਿਚ ਉਹਨੇ ਆਪਣੀ ਜੀਵਨੀ ਬਾਰੇ ਸੰਖੇਪ ਜਾਣਕਾਰੀ ਦਿਤੀ ਹੈ ਜੋ ਇਸ ਪ੍ਰਕਾਰ ਹੈ। ਜੱਦੀ ਪਿੰਡ ਨੰਗਲ ਜਿਲਾ ਲੁਧਿਆਣਾ, ਨਿਵਾਸ ਪਿੰਡ ਪੱਖੋਵਾਲ ਜਾਤ ਨਾਮਾ ਬੰਸ, ਗੋਤ ਨਿੱਝਰ, ਪਿਤਾ ਰਾਮ ਸਿੰਘ, ਮਾਤਾ ਕਰਮ ਕੌਰ, ਕਿੱਤਾ ਠਠਿਆਰਾ। ਜਦੋਂ ਨਾਮਧਾਰੀ ਸਿੰਘ ਰਾਏਕੋਟ ਵਿਚ ਸ਼ਹੀਦ ਕੀਤੇ ਗਏ ਤਾਂ ਉਹ ਸੱਤਾਂ ਸਾਲਾਂ ਦਾ ਸੀ। ਨਾਮਧਾਰੀ ਸੰਤ ਖਾਲਸੇ ਵਿਚ ਪ੍ਰਵੇਸ਼ ਗੁਰੂ ਹਰੀ ਸਿੰਘ ਹੱਥੀਂ ਹੋਇਆ। ਉਹਨੇ ਆਪਣੇ ਦੋ ਪੁਤਰਾਂ ਦੇ ਨਾਮ ਹੀਰਾ ਸਿੰਘ ਤੇ ਬਿਸ਼ਨ ਸਿੰਘ ਵੀ ਦਿਤੇ ਹਨ।"

ਕਵੀ ਜੀ ਦੀਆਂ ਕਾਵਿ ਰਚਨਾਵਾਂ ਵਿਚ ਅਖੀਰ ਤੇ ਆਪਣੇ ਬੰਸ, ਕਿੱਤੇ ਅਤੇ ਪੂਰੇ ਪਰਿਵਾਰ ਦੀ ਸੰਖੇਪ ਜਾਣਕਾਰੀ ਦਿਤੀ ਹੋਈ ਹੈ ਜੋ ਉਹਨਾਂ ਦੀ ਇਤਿਹਾਸਕ ਜਾਗਰੂਕਤਾ ਬਾਰੇ ਚਾਨਣਾ ਪਾਉਂਦੀ ਹੈ ਕਿਉਂਕਿ ਅਤੀਤ ਕਾਲ ਵਿਚ ਅਨੇਕ ਪ੍ਰਸਿਧ ਰਚਨਾਵਾਂ ਦੇ ਪ੍ਰਸਿਧ ਰਚੇਤਾ ਹੋਏ ਹਨ, ਜਿਹਨਾਂ ਦੀਆਂ ਰਚਨਾਵਾਂ ਤਾਂ ਆਪਣੇ ਗੁਣਾਂ ਕਾਰਨ ਪ੍ਰਸਿਧ ਹੋ ਗਈਆਂ ਪਰੰਤੂ ਉਹਨਾਂ ਨੇ ਆਪਣੇ ਜੀਵਨ ਬਾਰੇ ਕੋਈ ਚਾਨਣਾ ਨਹੀ ਪਾਇਆ ਹੈ। ਕਵੀ ਕਾਲਾ ਸਿੰਘ ਜੀ ਨੇ ਉਸ ਘਾਟ ਨੂੰ ਮਹਿਸੂਸ ਕਰਕੇ ਹਰ ਗਰੰਥ ਦੇ ਅਖੀਰ ਵਿਚ ਆਪਣੇ ਬਾਰੇ ਕੁਝ ਨਾ ਕੁਝ ਲਿਖਕੇ ਉਸ ਘਾਟ ਦੀ ਭਰਪਾਈ ਕੀਤੀ ਹੈ। ਅਗੇ ਮੈਂ ਉਹਨਾਂ ਦੇ ਜੀਵਨ ਬਾਰੇ ਉਹਨਾਂ ਦੀਆਂ ਰਚਨਾਵਾਂ ਵਿਚੋਂ ਕੁਝ ਹਵਾਲੇ ਪਾਠਕਾਂ ਦੀ ਜਾਣਕਾਰੀ ਲਈ ਹਾਜ਼ਰ ਕਰ ਰਿਹਾ ਹਾਂ :—

Namdhari Elibrary NamdhariElibrary@gmail.com

(ੳ) ਆਪਣੀ ਰਚਨਾ "ਪੈਂਤੀਸ ਅਖਰੀ" ਵਿਚ ਕਵੀ ਜੀ ਲਿਖਦੇ ਹਨ :—

ਨੰਗਲ ਵਡਾ ਪਖੋਵਾਲ ਪਾਸ ਮੇਰਾ, ਭੈਣੀ ਸਾਹਿਬੋਂ ਸੋਲਾਂ ਕੋਸ ਧਾਮ ਹੈ ਜੀ।
ਸੁੰਦਰ ਸਿੰਘ ਮਤਾਬ ਹੈ ਸਿੰਘ ਭਾਈ, ਨਾਮਾ ਬੰਸੀਆਂ ਦਾ ਸਾਡਾ ਜਾਮ ਹੈ ਜੀ।
ਸਾਲ ਉਨੀ ਸੈ ਵਿਚ ਬਤਾਲੀਏ ਦੇ, ਅਸੀ ਪੁਛਿਆ ਗੁਰੂ ਦਾ ਨਾਮ ਹੈ ਜੀ।

(ਅ) ਕਵੀ ਜੀ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ" ਵਿਚ ਆਪਣੇ ਬਾਰੇ ਇਸ ਪ੍ਰਕਾਰ ਲਿਖਦੇ ਹਨ :—

ਜਿਥੇ ਜਨਮ ਲੀਤਾ ਦੇਹੀ ਧਾਰਕੇ ਮੈਂ, ਨੰਗਲ ਵਡਾ ਹੈ ਪਿੰਡ ਮਕਾਨ ਸੰਤੋ।
ਭੈਣੀ ਸਾਹਿਬ ਤੇ ਦਖਣ ਦੀ ਤਰਫ ਜਾਣੋ, ਸੋਲਾਂ ਕੋਸ ਦਾ ਫੈਸਲਾ ਮਾਨ ਸੰਤੋ।
ਸਾਲ ਉੱਨੀ ਸੈ ਵਿਚ ਬਤਾਲੀਏ ਦੇ, ਭਜਨ ਪੁਛਿਆ ਸੀ ਮੈਂ ਭੀ ਆਣ ਸੰਤੋ।
ਹੀਰਾ ਸਿੰਘ ਦੂਜਾ ਬਿਸ਼ਨ ਸਿੰਘ ਬੇਟਾ, ਸਿਖੀ ਸਿਦਕ ਦੇ ਨਾਲ ਧਿਆਨ ਸੰਤੋ।
ਕੜਾ ਕਛ ਕਿਰਪਾਨ ਪਰਵਾਰ ਪਾਵੇ, ਸਣੇ ਕੇਸ ਕਰਦਾ ਇਸਨਾਨ ਸੰਤੋ।
ਚੰਗਾ ਸਤਿਗੁਰਾਂ ਨਾਲ ਪਿਆਰ ਸਭਦਾ, ਕਿਰਤ ਧਰਮ ਦੀ ਕਰਨ ਲਾ ਭਾਨ ਸੰਤੋ।

(ੲ) ਕਵੀ ਜੀ "ਸ਼ਹੀਦ ਬਿਲਾਸ-ਅੰਮ੍ਰਿਤਸਰ" ਵਿਚ ਆਪਣੇ ਬਾਰੇ ਲਿਖਦੇ ਹਨ—

ਜਿਲਾ ਲੁਧਿਆਣਾ ਨੰਗਲ ਪਿੰਡ ਮੇਰਾ, ਪਖੋਵਾਲ ਹੈ ਪਾਸ ਮਕਾਨ ਮੇਰਾ।
ਰਾਮ ਸਿੰਘ ਪਿਤਾ ਕਰਮ ਕੌਰ ਮਾਤਾ, ਨਿਝਰ ਗੋਤ ਨਾਮਾ ਵੰਸੀ ਹੈ ਜਾਮ ਮੇਰਾ।
ਰਾਏ ਕੋਟ ਮੇ ਹੁੰਦੇ ਸ਼ਹੀਦ ਡਿਠੇ, ਸਤ ਸਾਲ ਉਮਰੋਂ ਵਿਚ ਸੀ ਸਨਾਮ ਮੇਰਾ।
ਉਨੀ ਸੌ ਬਤਾਲੀ ਮੈਂ ਸਿੰਘ ਸਜਿਆਂ, ਗੁਰੂ ਹਰੀ ਸਿੰਘ ਰਖਿਆ ਨਾਮ ਮੇਰਾ।
ਕਿਰਪਾ ਓਸ ਕੀਤੀ ਦਿਤਾ ਵਰ ਮੈਨੂੰ, ਕਿਰਤ ਕਰਨਾ ਨਿਆਰਾ ਹੈ ਕਾਮ ਮੇਰਾ।
ਲਿਖੇ ਪੁਸਤਕ ਉਸਤਤ ਨਾਮਧਾਰੀਆਂ ਦੀ, ਭੈਣੀ ਸਾਹਿਬ ਤੇ ਸੋਲਾਂ ਕੋਹ ਧਾਮ ਮੇਰਾ।
ਹੀਰਾ ਸਿੰਘ ਪੁਤਰ ਬਿਸ਼ਨ ਸਿੰਘ ਦੂਜਾ, ਨਾਮਧਾਰੀਆਂ ਸਿੰਘਾਂ ਪੈਗਾਮ ਮੇਰਾ।
ਅੰਮ੍ਰਿਤਸਰ ਸ਼ਹੀਦਾਂ ਦਾ ਹਾਲ ਲਿਖਕੇ, ਹੁਣ ਹੋ ਗਿਆ ਹੈ ਬਿਸਰਾਮ ਮੇਰਾ।
ਕਾਹਲਾ ਸਿੰਘ ਸਤਿ ਸ੍ਰੀ ਅਕਾਲ ਮੇਰੀ, ਸੰਤ ਖਾਲਸੇ ਤਾਈਂ ਪਰਨਾਮ ਮੇਰਾ।

(ਸ) ਰਚਨਾ "ਉਸਤਤ ਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ" ਜੋ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਈ ਸੀ, ਵਿਚ ਕਵੀ ਜੀ ਆਪਣੇ ਬਾਰੇ ਲਿਖਦੇ ਹਨ :—

**ਦੋਹਰਾ**

ਕਾਹਲਾ ਸਿੰਘ ਨੰਗਲ ਪਿੰਡ ਹੈ, ਜਿਲਾ ਲੁਧਿਆਣਾ ਜਾਣ।
ਗੁਰੂ ਸਤਿਗੁਰੂ ਦਾ ਸਿੰਘ ਜੋ, ਦਰਸ਼ਨ ਦੇਵੇ ਆਣ।

Namdhari Elibrary NamdhariElibrary@gmail.com

ਹੀਰਾ ਸਿੰਘ ਤੇ ਬਿਸ਼ਨ ਸਿੰਘ ਦੋ ਪੁਤ ਜਗ ਸੀਰ।
ਕਾਹਲਾ ਸਿੰਘ ਉਸਤਤ ਗੁਰੂ ਪੂਰੀ ਕਰੀ ਅਖੀਰ।

(ਹ) ਰਚਨਾ "ਸ੍ਰੀ ਨਾਮਦੇਵ ਪ੍ਰਕਾਸ-ਜਨਮ ਸਾਖੀ ਬਾਬੇ ਨਾਮ ਦੇਵ ਜੀ" ਵਿਚ ਕਵੀ ਜੀ ਸਫਾ 175 ਤੇ ਇਸ ਪ੍ਰਕਾਰ ਲਿਖਦੇ ਹਨ :—

ਨੰਗਲ ਵਡੇ ਏਹ ਦੇਹ ਨੇ ਜਨਮ ਪਾਇਆ, ਪੱਖੋਵਾਲ ਦਾ ਪ੍ਰਗਣਾ ਗਾਇਆ ਮੈਂ।
ਜਿਲਾ ਲੁਦਿਆਣਾ ਠਾਣਾ ਵਿਚ ਡੇਲੋਂ, ਡਾਕ ਖਾਨਾ ਲਤਾਲੇ ਦਾ ਪਾਇਆ ਮੈਂ।
ਹੀਰਾ ਸਿੰਘ ਬਿਸ਼ਨ ਸਿੰਘ ਪੁਤ੍ਰ, ਨਾਮੁ ਇਨਾਂ ਦਾ ਦਸ ਦਸਾਇਆ ਮੈਂ।
ਸਾਖੀ ਹੋਵੇ ਦੂਜਾ ਮੰਗਾਉਣ ਦੀ ਲੋੜ ਜਿਨੇ, ਏਸ ਪਤੇ ਦਾ ਵੇਰਵਾ ਪਾਇਆ ਮੈਂ।
ਪੰਥ ਪ੍ਰਕਾਸ ਸਿੰਘਾਂ ਨਾਮਧਾਰੀਆਂ ਦਾ, ਤਰਜ ਬੈਤਾਂ ਦੀ ਵਿਚ ਬਣਾਇਆ ਮੈਂ।
ਕੋਈ ਬਿਨਾਂ ਅਜਾਜਤੋਂ ਨਾਹਿ ਛਾਪੇ, ਇਹੋ ਸਰਬ ਨੂੰ ਆਖ ਸੁਣਾਇਆ ਮੈਂ।
ਮੈਂ ਤੋਂ ਬਿਨਾਂ ਨ ਕਿਸੇ ਦੇ ਮਿਲਣ ਪਾਸੋਂ, ਮੈ ਤੋ ਲਵੋ ਦੇ ਆਖ ਜਨਾਇਆ ਮੈਂ।
ਮੈਂ ਇਥਾਣ ਜੇ ਕੁਝ ਅਜੋਗ ਹੋਵੇ, ਲਿਖ ਭੇਜਣਾ ਆਪ ਅਲਾਇਆ ਮੈਂ।
ਕੰਮੁ ਕ੍ਰਿਤ ਕਾਂਸੀ ਪਿਤਲ ਦੀ, ਮੈਂ ਭਾਂਡੇ ਕਰਨ ਦਾ ਕਾਰ ਚਲਾਇਆ ਮੈਂ।
ਛੰਨੇ ਥਾਲ ਪਰਾਤ ਤੇ ਟੋਕਣੀ ਜੋ, ਗੜਵਿਆਂ ਘਾੜ ਘੜਾਇਆ ਮੈਂ।
ਨਾਮ ਦੇਵ ਦੀ ਬੰਸ ਤੇ ਗੋਤ ਨਿਜਰ, ਨਾਮਧਾਰੀਆ ਸਿੰਘ ਸਦਾਇਆ ਮੈਂ।
ਮੁਹਕਮ ਸਿੰਘ ਪਿਆਰਾ ਦਸਮੇਸ਼ ਗੁਰ ਦਾ, ਨਾਲੇ ਉਸਦੀ ਬੰਸ ਕਹਾਇਆ ਮੈਂ।
ਕਿਰਪਾ ਕਰੀ ਸਤਿਗੁਰ ਰਾਮ ਸਿੰਘ ਜੀ ਨੇ, ਅਰਥ ਬੋਧ ਤਾਂ ਲਿਖ ਲਿਖਾਇਆ ਮੈਂ।

(ਕ) ਰਚਨਾ "ਜਨਮ ਸਾਖੀ ਭਗਤ ਰਵਿਦਾਸ ਜੀ" ਵਿਚ ਕਵੀ ਜੀ ਆਪਣੇ ਬਾਰੇ ਜਾਣਕਾਰੀ ਇਸ ਪ੍ਰਕਾਰ ਦੇਂਦੇ ਹਨ :—

ਨੰਗਲ ਵਡਾ ਏਸ ਦੇਹ ਨੇ ਜਨਮ ਪਾਇਆ, ਪਖੋਵਾਲ ਦਾ ਪਿੱਛਾ ਦਸਾਂਵਦਾ ਮੈਂ।
ਜਿਲਾ ਲੁਧਿਹਾਨਾ ਥਾਰਾ ਕੌਮ ਹੈ ਜੀ, ਥਾਣਾ ਡੇਹਲੋਂ ਤੇ ਹੈ ਸੁਣਾਂਵਦਾ ਮੈਂ।
ਨਾਮਦੇਵ ਦੀ ਬੰਸ ਤੇ ਜਾਤ ਨਿਭਰ, ਨਾਮਧਾਰੀਆ ਸਿੰਘ ਸਧਾਂਵਦਾਂ ਮੈਂ।
ਕੰਮ ਕਿਰਤ ਮੇਰੀ ਪਿਤਲ ਕੈਂਹ ਘੜਨੀ, ਦਸਾਂ ਨੌਹਾਂ ਦੀ ਕਿਰਤ ਕਰਾਂਵਦਾ ਮੈਂ।
ਪਾਈ ਵਿਦਿਆ ਕਾਵਿ ਦੀ ਸੰਸਕ੍ਰਿਤੀ, ਅਰਬੀ, ਫਾਰਸੀ ਇਲਮ ਨੂੰ ਪਾਂਵਦਾ ਮੈਂ।
ਕਿਰਪਾ ਹੋਈ ਸਤਿਗੁਰੂ ਰਾਮ ਸਿੰਘ ਦੀ, ਅਰਥ ਕਾਵਿ ਨੂੰ ਲਿਖ ਰਖਾਂਵਦਾ ਮੈਂ।
ਲਿਖੇ ਪੁਸਤਕ ਠੇਠ ਪੰਜਾਬੀ ਅੰਦਰ, ਸ਼ਬਦ ਸਿਧੇ-ਸਿਧੇ ਸਾਧੇ ਲਿਖੀ ਜਾਂਵਦਾ ਮੈਂ।
ਪੈਂਤੀ ਅਖਰੀ ਲਿਖੀ ਕਿਤਾਬ ਪਹਿਲਾਂ, ਜ਼ੁਲਮ ਗੋਰਿਆਂ ਦਾ ਕੀਤਾ ਛਪਾਂਵਦਾ ਮੈਂ।
ਕਥਾ ਕੋਟਲੇ ਦੀ ਤੋਪ ਜ਼ਾਲਮਾਂ ਦੀ, ਸਿੰਘ ਸ਼ਹੀਦ ਬਤਾਂਵਦਾ ਮੈਂ।
ਏਸ ਲਿਖਣ ਪਿਛੋਂ ਨਜਰ ਬੰਦ ਰਿਹਾ, ਰਿਹਾ ਆਪਣਾ ਜੀਵਨ ਬਤਾਂਵਦਾ ਮੈਂ।

Namdhari Elibrary NamdhariElibrary@gmail.com

ਸ਼ਹੀਦ ਬਿਲਾਸ ਤੇ ਪੰਥ ਪ੍ਰਕਾਸ਼ ਰਚਿਆ, ਨਾਮਧਾਰੀ ਪ੍ਰਸੰਗ ਬਣਾਂਵਦਾ ਮੈਂ।
ਨਾਮ ਦੇਵ ਸਾਖੀ ਕਾਹਨ ਸ਼ਬਦ ਟੀਕਾ, ਰਚ ਸੰਗਤਾਂ ਭੇਟ ਚੜ੍ਹਾਂਵਦਾ ਮੈਂ।
ਏਨਾਂ ਛਪਣ ਵੇਲੇ ਦਿਕਤਾਂ ਪੇਸ਼ ਹੋਈਆਂ, ਤਲਾਸ਼ੀ ਕਰਾਂ ਕਿਤਾਬਾਂ ਗੁਆਵਦਾ ਮੈਂ।
ਪਿੰਡਾਂ ਵਿਚ ਸਤਿਸੰਗ ਸੀ ਕੰਮ ਕੀਤਾ, ਅੰਮ੍ਰਿਤ ਕਰ ਪ੍ਰਚਾਰ ਛਕਾਂਵਦਾ ਮੈਂ।
ਕਿਸੇ ਮਜਬ ਦੇ ਨਾਲ ਨ ਵੈਰ ਕਰਦਾ, ਨਾਨਕ ਨਾਮ ਦਾ ਝੰਡਾ ਝੁਲਾਂਵਦਾ ਮੈਂ।

(ਖ)ਸੰਤ ਬਿਸ਼ਨ ਸਿੰਘ ਹਿਸਟੋਰੀਅਨ ਜੀ ਸਪੁਤਰ ਸੰਤ ਕਵੀ ਕਾਹਲਾ ਸਿੰਘ ਜੀ ਉਹਨਾਂ ਦੀ ਰਚਨਾ "ਉਸਤਤ ਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ" ਦੀ ਭੂਮਿਕਾ ਵਿਚ ਕਵੀ ਜੀ ਬਾਰੇ ਲਿਖਦੇ ਹਨ :—

"ਬਾਬਾ ਕਾਹਲਾ ਸਿੰਘ ਜੀ, ਨਾਮਧਾਰੀ ਕਵੀ ਨੰਗਲ ਪਿੰਡ ਜਿਲਾ ਲੁਧਿਆਣਾ ਬ੍ਰਿਕਮ 1942 ਵਿਚ ਭੈਣੀ ਸਾਹਿਬ ਆਏ ਭਜਨ ਪੁਛ ਅੰਮ੍ਰਿਤ ਛਕ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਪਰਸੇ, ਬਿਕਰਮ 1946 ਵਿਚ ਦੋ ਨਾਮਧਾਰੀ ਟਰੈਕਟ ਲਿਖ ਪ੍ਰਕਾਸ਼ਤ ਕੀਤੇ ਪੈਂਤੀਸ ਅਖਰੀ, ਜੰਗ ਨਾਮਾ, ਅਤੇ ਉਸਤਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਤਾਂ ਜਪਤ ਹੋ ਗਿਆ ਆਪ ਦੋ ਸਾਲ ਪਿੰਡ ਵਿਚ ਨਜ਼ਰਬੰਦ ਕਰ ਦਿਤੇ ਅੰਗਰੇਜ ਸਰਕਾਰ ਨੇ।

ਈਸਵੀ 1913 ਨਾਮਦੇਵ ਪ੍ਰਕਾਸ ਸਾਖੀ ਅਤੇ ਸ਼ਹੀਦ ਬਲਾਸ ਰਾਏਕੋਟ ਤੇ ਸ੍ਰੀ ਅੰਮ੍ਰਿਤਸਰ ਤੇ ਸ਼ਹੀਦ ਬਲਾਸ ਮਲੇਰਕੋਟਲਾ ਪ੍ਰਕਾਸ਼ਤ ਕੀਤੇ ਗਏ। ਬਿਕ੍ਰਮ 1986, 22 ਮਾਘ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੇ ਹੁਕਮ ਵਿਚ ਬਸੰਤ ਅੰਕ ਵਿਚ ਕਵੀ ਜੀ ਦੀ ਤਸਵੀਰ ਪ੍ਰਕਾਸ਼ਤ ਕਰਵਾਈ ਅਤੇ ਰਵਿਦਾਸ ਪ੍ਰਕਾਸ਼, ਆਦਿਕ ਪੁਸਤਕ ਛਾਪ ਕੇ ਬਿਕ੍ਰਮ 1985 ਦੇ 29 ਮਾਘ ਨੂੰ ਸਚਖੰਡ ਜਾ ਵਸੇ।"

ਉਪਰੋਕਤ ਇਤਿਹਾਸਕ ਹਵਾਲਿਆਂ ਅਨੁਸਾਰ ਕਵੀ ਕਾਹਲਾ ਸਿੰਘ ਜੀ ਦਾ ਨਾਮਾਬੰਸੀ ਅਰਥਾਤ ਛੀਬਿਆਂ ਦੇ ਨਿਝਰ ਗੋਤ ਵਾਲੇ ਸੰਤ ਰਾਮ ਸਿੰਘ ਅਤੇ ਮਾਤਾ ਕਰਮ ਕੌਰ ਦੇ ਗ੍ਰਹਿ ਜਿਲਾ ਲੁਧਿਆਣਾ ਦੇ ਪਿੰਡ ਨੰਗਲ ਕਲਾਂ ਵਿਖੇ ਲਗਭਗ 1865 ਈਸਵੀ ਨੂੰ ਜਨਮ ਹੋਇਆ ਸੀ।ਸੁਝ ਅਵਸਥਾ ਵਿਚ ਉਹਨਾਂ ਨੇ ਪੰਜਾਬੀ ਭਾਸ਼ਾ ਤੋਂ ਬਿਨਾਂ ਸੰਸਕ੍ਰਿਤ, ਬ੍ਰਿਜ ਭਾਸ਼ਾ, ਉਰਦੂ ਅਤੇ ਫਾਰਸੀ ਭਾਸ਼ਾਵਾਂ ਦਾ ਗਿਆਨ ਹਾਸਲ ਕੀਤਾ ਅਤੇ ਮਹੰਤ ਆਤਮਾ ਸਿੰਘ ਸਨਖਤਰਾ (ਦੇਖੋ ਟਰੈਕਟ ਚਾਰ ਇਤਿਹਾਸਕ ਬਾਰਾਂ ਮਾਹ, ਸਫਾ 8) ਅਨੁਸਾਰ ਕਵਿਤਾ ਰਚਣ ਦੀ ਪਰੇਰਨਾ ਤੇ ਗਿਆਨ ਬਾਬਾ ਸ਼ਿਵਰਾਮ ਜੀ ਉਦਾਸੀ ਤੇ ਭਾਈ ਜੀਵਾ ਸਿੰਘ ਕਵੀਸ਼ਰ ਨੰਗਲਾਂ ਵਾਲਿਆਂ ਤੋਂ ਹਾਸਲ ਕੀਤਾ ਸੀ।

Namdhari Elibrary NamdhariElibrary@gmail.com

ਉਹਨਾਂ ਦੇ ਦੋ ਹੋਰ ਭਰਾ ਮਤਾਬ ਸਿੰਘ ਅਤੇ ਸੁੰਦਰ ਸਿੰਘ ਜੀ ਸਨ। ਕਵੀ ਜੀ ਨੇ ਸਤ ਸਾਲ ਦੀ ਉਮਰ ਵਿਚ ਰਾਏਕੋਟ ਵਿਖੇ ਨਾਮਧਾਰੀ ਸਿੰਘ ਸ਼ਹੀਦ ਹੁੰਦੇ ਵੇਖੇ ਸਨ। ਉਹ 1942 ਬਿਕਰਮੀ (1885 ਈਸਵੀ) ਵਿਚ ਸਤਿਗੁਰੂ ਹਰੀ ਸਿੰਘ ਜੀ ਦੀ ਚਰਨ ਸ਼ਰਨ ਵਿਚ ਆਏ ਸਨ ਅਤੇ ਨਾਮ ਦੀ ਦਾਤ ਪ੍ਰਾਪਤ ਕਰਕੇ ਅੰਮ੍ਰਿਤ ਛਕ ਕੇ ਨਾਮਧਾਰੀ ਸਿੰਘ ਸਜ ਗਏ ਸਨ। ਉਹਨਾਂ ਦੀ ਅਮਰ ਰਚਨਾ ਪੰਥ ਪ੍ਰਕਾਸ਼ ਅਨੁਸਾਰ ਉਹਨਾਂ ਦੇ ਪਿਤਾ ਰਾਮ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਕੋਲ ਨਾਮਧਾਰੀ ਸੰਤ ਸਜਣ ਲਈ ਆਏ ਸਨ ਪਰੰਤੂ ਉਹ ਉਸ ਸਮੇਂ ਨਾਮਧਾਰੀ ਨਾ ਬਣ ਸਕੇ।

ਉਹਨਾਂ ਤੇ ਸਤਿਗੁਰੂ ਹਰੀ ਸਿੰਘ ਜੀ ਦੀ ਕਿਰਪਾ ਹੋਈ ਸਤਿਗੁਰੂ ਹਰੀ ਸਿੰਘ ਜੀ ਨੇ ਦੋਵੇਂ ਪਿਤਾ ਪੁਤਰ ਨੂੰ ਪੁਛਿਆ ਕਿ ਰੋਜ਼ੀ ਰੋਟੀ ਲਈ ਕੀ ਸਾਧਨ ਅਪਣਾਇਆ ਹੋਇਆ ਹੈ। ਉਹਨਾਂ ਨੇ ਨਿਮਰਤਾ ਸਹਿਤ ਜਵਾਬ ਦਿਤਾ, ਸਤਿਗੁਰੂ ਜੀ, ਅਸੀ ਨਾਮਾਬੰਸੀ ਛੀਬੇ ਹਾਂ, ਲੋਕਾਂ ਦੇ ਕਪੜੇ ਧੋਦੇ ਹਾਂ ਤੇ ਰੰਗਦੇ ਹਾਂ। ਸਤਿਗੁਰੂ ਜੀ ਉਹਨਾਂ ਵਿਚੋਂ ਹੀਣ ਭਾਵਨਾ ਖਤਮ ਕਰਨੀ ਚਾਹੁੰਦੇ ਸੀ, ਇਸ ਲਈ ਸਤਿਗੁਰੂਆਂ ਨੇ ਉਹਨਾਂ ਨੂੰ ਉਹ ਕਿੱਤਾ ਛਡ ਦੇਣ ਲਈ ਕਿਹਾ। ਸਤਿਗੁਰੂ ਜੀ ਦਾ ਹੁਕਮ ਮੰਨ ਕੇ ਸੰਤਾਂ ਨੇ ਦਰਜ਼ੀ ਤੇ ਠਠਿਆਰਾਂ ਦਾ ਕਿਤਾ ਅਪਣਾ ਲਿਆ। ਉਹ ਪਿਤਲ ਆਦਿਕ ਧਾਤਾਂ ਦੇ ਭਾਂਡੇ ਵੀ ਪਿੰਡ-ਪਿੰਡ ਜਾ ਕੇ ਵੇਚਦੇ ਅਤੇ ਨਾਲ ਹੀ ਜਿਹਨਾਂ ਲੋਕਾਂ ਕੋਲ ਨਾਮਧਾਰੀ ਇਤਿਹਾਸ ਸੀ ਭਾਵ ਸ਼ਹੀਦੀ ਸਾਕੇ ਦੇਖੇ ਸਨ, ਉਹ ਕਲਮ ਦਵਾਤ ਨਾਲ ਕਾਗਜਾਂ ਤੇ ਲਿਖ ਲੈਂਦੇ ਸਨ। ਫਿਰ ਉਹੋ ਹੀ ਇਤਿਹਾਸਕ ਮਸਾਲਾ ਇਤਿਹਾਸਕ ਪੁਸਤਕਾਂ ਦੀ ਰਚਨਾ ਕਰਨ ਵਿਚ ਸਹਾਈ ਹੁੰਦਾ ਸੀ।

ਸੰਤ ਕਾਹਲਾ ਸਿੰਘ ਜੀ ਨੇ ਸਭ ਤੋਂ ਪਹਿਲਾਂ "ਪੈਂਤੀਸ ਅਖਰੀ" ਛੋਟੀ ਪੁਸਤਕ ਦੀ ਰਚਨਾ ਕੀਤੀ ਜਿਸ ਵਿਚ ਮਲੇਰਕੋਟਲੇ ਦੇ ਸਾਕੇ ਦਾ ਵਰਣਨ ਕੀਤਾ ਗਿਆ, ਫਿਰ ਉਹਨਾਂ ਨੇ ਉਸਤਤਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤਿਆਰ ਕਰਕੇ ਛਪਵਾਇਆ ਜੋ ਅੰਗਰੇਜ ਸਰਕਾਰ ਨੇ ਜ਼ਬਤ ਕਰ ਲਿਆ ਸੀ ਅਤੇ ਅੰਗਰੇਜ਼ ਸਰਕਾਰ ਨੇ ਦੋ ਸਾਲ ਲਈ ਪਿੰਡ ਨੰਗਲਾਂ ਵਿਚ ਨਜ਼ਰਬੰਦ ਕਰ ਦਿਤੇ ਸਨ। ਉਸ ਤੋਂ ਬਾਅਦ ਉਹਨਾਂ ਨੇ ਅਮਰ ਰਚਨਾ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼" 1914 ਈਸਵੀ ਵਿਚ ਪ੍ਰਕਾਸ਼ਤ ਕੀਤੀ ਜਿਸ ਕਾਰਨ ਉਹਨਾਂ ਦੀ ਕੀਰਤੀ ਸਾਹਿਤ ਜਗਤ ਵਿਚ ਚਹੁੰ ਕੁੰਟਾਂ ਵਿਚ ਫੈਲ ਗਈ ਸੀ।

ਉਪਰੋਕਤ ਰਚਨਾਵਾਂ ਤੋਂ ਬਿਨਾਂ ਉਹਨਾਂ ਨੇਂ ਸਾਕਾ ਅੰਮ੍ਰਿਤਸਰ, ਕੂਕੇ ਸਿਖ ਤੇ ਅੰਗਰੇਜ ਰਾਜ, ਸ਼ਹੀਦ ਬਿਲਾਸ ਰਾਏ ਕੋਟ, ਸਾਕਾ ਮਲੇਰਕੋਟਲਾ, ਬਾਰਾ ਮਾਹਾ, ਜਨਮ ਸਾਖੀ ਭਗਤ ਰਵਿਦਾਸ, ਜਨਮ ਸਾਖੀ ਭਗਤ ਨਾਮ

Namdhari Elibrary NamdhariElibrary@gmail.com

ਦੇਵ ਪ੍ਰਕਾਸ਼ ਆਦਿਕ ਪੁਸਤਕਾਂ ਸਮੇਂ-ਸਮੇਂ ਪ੍ਰਕਾਸ਼ਤ ਕੀਤੀਆਂ। ਇਹਨਾਂ ਤੋਂ ਬਿਨਾਂ ਉਹਨਾਂ ਨੇ ਕੁਝ ਅਣਪ੍ਰਕਾਸ਼ਤ ਰਚਨਾਵਾਂ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਜੋਤ ਪ੍ਰਕਾਸ਼, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਖੰਡ ਪਾਠ ਤੇ ਜੋਗ ਪ੍ਰਯੋਗ, ਤਰਨ ਤਾਰਨ ਵਿਚ ਨਾਮਧਾਰੀ ਸਿੰਘਾਂ ਦਾ ਦਿਵਾਨ, ਸੰਤ ਖਾਲਸਾ ਪੰਥ ਪ੍ਰਭਾਕਰ, ਦਸਵੇਂ ਗੁਰੂ ਜੀ ਦਾ ਕੌਤਕ ਤੇ ਅੰਤਮ ਸਮਾਂ ਰਚੀਆਂ ਜੋ ਅਜ ਤਕ ਪਾਠਕਾਂ ਦੇ ਹਥਾਂ ਵਿਚ ਨਹੀ ਆਈਆਂ। ਆਪ ਜੀ 29 ਮਾਘ 1985 ਬਿਕਰਮੀ (1929 ਈਸਵੀ) ਵਿਚ ਕਲਮ ਦਾ ਸਫਰ ਸੰਪੂਰਨ ਕਰ ਗਏ ਭਾਵ ਇਸ ਫਾਨੀ ਜਗਤ ਨੂੰ ਅਲਵਿਦਾ ਕਹਿ ਸਤਿਗੁਰਾਂ ਦੇ ਚਰਨਾਂ ਵਿਚ ਜਾ ਬਿਰਾਜੇ॥ ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਦੀ ਸਾਹਿਤਕ ਵਿਰਾਸਤ ਦੀ ਸੰਭਾਲ ਉਹਨਾਂ ਦੇ ਸਪੁਤਰ ਬਿਸ਼ਨ ਸਿੰਘ ਹਿਸਟੋਰੀਅਨ ਨੇ ਕੀਤੀ ਅਤੇ ਉਹਨਾਂ ਦੀਆਂ ਕੁਝ ਪੁਸਤਕਾਂ ਨੂੰ ਮੁੜ ਪ੍ਰਕਾਸ਼ਤ ਕੀਤਾ ਸੀ।

## ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਸੰਤ ਕਾਲਾ ਸਿੰਘ ਜੀ

ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਅਨੇਕ ਥਾਂ ਕਵੀ ਕਾਲਾ ਸਿੰਘ ਜੀ ਦਾ ਨਾਮ ਆਇਆ ਹੈ। ਸਤਿਗੁਰੂ ਜੀ ਨੇ ਪੈਂਤੀਸ ਅਖਰੀ ਅਤੇ ਪੰਥ ਪ੍ਰਕਾਸ਼ ਵਿਚ ਦਰਜ ਕਵਿਤਾ ਨੂੰ ਸਲਾਹਿਆ ਹੈ। ਬੀਬੀ ਬੇਅੰਤ ਕੌਰ ਦੀ ਸੰਪਾਦਨਾ ਹੇਠ ਪ੍ਰਕਾਸ਼ਤ "ਲਾਲ ਏਹਿ ਰਤਨ" ਭਾਗ ਪਹਿਲਾ ਵਿਚ ਸਤਿਗੁਰੂ ਜੀ ਇਸ ਪ੍ਰਕਾਰ ਕਿਰਪਾ ਕਰਦੇ ਹਨ—

"(ਪੰਨਾ 43) ....... ਇਥੇ ਭਾਈ ਕਾਲਾ ਸਿੰਘ ਜੀ - ਇਕ ਸਾਡੇ ਮਹਾਤਮਾ ਹੋਏ ਹਨ - ਜਿਹਨਾਂ ਨੂੰ ਅਸੀ ਨਾਮਧਾਰੀਆਂ ਵਿਚ ਦੂਸਰੇ ਕਵੀ ਕਹਿ ਸਕਦੇ ਹਾਂ। ਪਹਿਲੇ ਚੰਦਾ ਸਿੰਘ ਜੀ ਸਨ - ਇਕ, ਜਿਹਨਾਂ ਦੇ ਨੇਤਰ ਨਹੀ ਸਨ ......।

(ਪੰਨਾ 44) .... ਦੂਸਰੇ ਕਵੀ - ਇਹ ਭਾਈ ਕਾਲਾ ਸਿੰਘ ਜੀ ਸਨ, ਜਿਨ੍ਹਾਂ ਦਾ ਜਨਮ ਨੰਗਲ, ਜਿਲਾ ਲੁਧਿਆਣਾ ਦਾ ਔਰ ਇਹ ਦਰਜ਼ੀਆਂ ਦਾ ਕੰਮ ਕਰਦੇ ਸਨ। ਇਹਨਾਂ ਨੇ ਆਪਣਾ ਸਾਰਾ ਹਾਲ ਉਥੇ ਦਸਿਆ। ਸਤਿਗੁਰੂਆਂ ਦੇ ਜਾਣ ਤੋਂ ਬਾਅਦ ਪਹਿਲਾਂ ਇਹਨਾਂ ਨੇ ਇਕ ਪੈਂਤੀਸ ਅਖਰੀ ਲਿਖੀ, ਜਿਹੜੀ ਬੜੀ ਇਕ ਖਾਸ ਚੀਜ ਹੈ, ਜਿਹਦੇ ਵਿਚ ਸਾਕਾ ਮਲੇਰਕੋਟਲੇ ਦਾ ਸਾਦਾ ਬਿਆਨ ਕੀਤਾ ਹੋਇਆ ਹੈ। ਉਹ ਇਕ ਖਾਸ ਚੀਜ਼ ਉਹਨਾਂ ਨੇ ਬਣਾਈ ਜਿਸ ਵਕਤ ਉਹਨਾਂ ਦੇ ਵਿਚ ਸ਼ੁਰੂ ਦਾ ਪ੍ਰੇਮ ਸੀ। ਉਸ ਤੋਂ ਬਾਅਦ ਇਹ ਪੁਸਤਕ (ਪੰਥ ਪ੍ਰਕਾਸ਼) ਉਹਨਾਂ ਨੇ ਲਿਖੀ। ਇਸ ਪੁਸਤਕ ਦੇ ਵਕਤ ਉਹਨਾਂ ਦੀ ਬਿਰਤੀ ਜਿਹੜੀ ਸੀ, ਪਹਿਲੇ ਵਾਲੀ ਥਾਂ ਉਤੇ ਨਹੀ ਸੀ ਰਹੀ

Namdhari Elibrary NamdhariElibrary@gmail.com

– ਪ੍ਰੇਮ ਦੇ ਥਾਂ ਵਿਵਹਾਰਕ ਹੋ ਗਈ ਸੀ। ਕੋਈ ਚੀਜ਼ ਆ ਜਾਂਦੀ ਹੈ। – ਆਦਮੀ ਦੇ ਵਿਚ, ਪਤਾ ਨਹੀ ਉਹਨੂੰ ਲਗਦਾ। ਇਕ ਵਕਤ ਉਹ ਹੁੰਦਾ ਹੈ ਕਿ ਜਿਸ ਵੇਲੇ – ਉਹਨੂੰ ਪਰੇਮ ਦੇ ਵਿਚ ਹੋਏ – ਹੋਏ ਨੂੰ ਕੋਈ ਚੀਜ਼ ਦਾ ਪਤਾ ਨਹੀ ਲਗਦਾ ਉਹਦੇ ਵਿਚ ਸੁਆਦ ਕੁਝ ਹੋਰ ਚੀਜ਼ ਹੈ, ਜਦੋਂ ਵਿਹਾਰ ਵਿਚ ਆਦਮੀ ਪੈਂਦਾ ਹੈ– ਉਹਦਾ ਕੁਛ ਹੋਰ ਸੁਆਦ ਹੈ।

ਮਲੇਰਕੋਟਲੇ ਦਾ ਸਾਕਾ (ਸਫਾ 45) ਇਸੇ ਤਰ੍ਹਾਂ ਇਸ ਗ੍ਰੰਥ ਵਿਚ ਹੁਣ ਉਹ ਜਿਸ ਤਰ੍ਹਾਂ ਮਲੇਰਕੋਟਲੇ ਦਾ ਸਾਕਾ ਹੈ, ਉਹਦਾ ਹਾਲ ਦਸਦੇ ਹਨ – ਸੰਤ ਜੀ ਸੁਣਾਉਣ ਲਗੇ ਹਨ। ਉਸ ਪੁਸਤਕ ਤੋਂ ਬਾਅਦ – ਇਹ ਪੁਸਤਕ (ਪੰਥ ਪ੍ਰਕਾਸ਼) ਉਹਨਾਂ ਨੇ ਲਿਖੀ – ਇਹਦੇ ਵਿਚ ਹੁਣ ਉਹ ਮਲੇਰਕੋਟਲੇ ਦਾ ਸਾਕਾ ਦਸਦੇ ਹਨ ਕਿ ਕਿਸ ਤਰ੍ਹਾਂ ਹੋਇਆ।

**ਜਿਵੇਂ ਛੇੜ ਛਿੜਿਆ ਸ਼ਹਿਰ ਕੋਟਲੇ ਦਾ**
**ਤਿਵੇਂ ਤੁਸਾਂ ਨੂੰ ਆਖ ਸੁਣਾਵਦਾ ਮੈਂ।**

ਸੰਤ ਜੀ ਕਹਿੰਦੇ ਹਨ, "ਮਲੇਰਕੋਟਲੇ ਵਿਚ ਕਿਉਂ ਸਿੰਘ ਚੜ੍ਹੇ ? ਕਿਸ ਤਰ੍ਹਾਂ ਸਿੰਘ ਸ਼ਹੀਦ ਹੋਏ ? ਕਿਉਂ ਹੋਏ ? ਉਹ ਗਲ ਜਿਸ ਤੋਂ ਰੌਲਾ ਛਿੜਿਆ, ਉਹ ਦਸਦਾ ਹਾਂ–

**"ਪਹਿਲੇ ਬਿਘਨ ਪਾਇਆ ਸਾਰਾ ਅਹਿਲਕਾਰਾਂ**
**ਗੁਰਮੁਖ ਸਿੰਘ ਦਾ ਹਾਲ ਲਿਖਾਂਵਦਾ ਮੈਂ।"**

## ਪੁਸਤਕ ਦਾ ਵਿਸ਼ਾ ਵਸਤੂ

ਸੰਤ ਕਾਲਾ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਅਤੇ ਅਟਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਿਆਈ ਕਾਲ ਅਤੇ ਇਤਿਹਾਸ ਨੂੰ ਆਪਣੀਆਂ ਅਖਾਂ ਨਾਲ ਵੇਖਿਆ ਅਤੇ ਫਿਰ ਕਈ ਇਤਿਹਾਸਕ ਘਟਨਾਵਾਂ ਦੇ ਉਹ ਆਪ ਪਾਤਰ ਵੀ ਬਣੇ। ਇਹੋ ਕਾਰਨ ਹੈ ਕਿ ਉਹਨਾਂ ਨੇ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੇ ਗਰੰਥਾਂ "ਪੰਥ ਪ੍ਰਕਾਸ" ਵਾਂਗ ਆਪਣੇ ਗਰੰਥ ਦਾ ਨਾਮ ਵੀ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ" ਰਖਿਆ ਅਤੇ ਉਸ ਵਿਚ ਸਤਿਗੁਰੂ ਰਾਮ ਸਿੰਘ ਜੀ ਤੋਂ ਸ਼ੁਰੂ ਕਰਕੇ 1914 ਈਸਵੀ ਤਕ ਸਤਿਗੁਰੂ ਪ੍ਰਤਾਪ ਸਿੰਘ ਦੇ ਇਤਿਹਾਸ ਦੀਆਂ ਇਤਿਹਾਸਕ ਘਟਨਾਵਾਂ ਨੂੰ ਸੰਖੇਪ ਰੂਪ ਵਿਚ ਪਾਠਕਾਂ ਅਗੇ ਪੇਸ਼ ਕੀਤਾ ਹੈ।

ਭਾਵੇਂ ਕਵੀ ਪੰਜਾਬੀ (ਗੁਰਮੁਖੀ) ਤੋਂ ਬਿਨਾਂ ਸੰਸਕ੍ਰਿਤ, ਉਰਦੂ ਤੇ ਫਾਰਸੀ ਭਾਸ਼ਾਵਾਂ ਦਾ ਵੀ ਵਿਦਵਾਨ ਸੀ ਪਰੰਤੂ ਉਸਨੇ ਗਰੰਥ ਵਿਚ ਸਾਰੀ ਕਵਿਤਾਂ ਸਰਲ ਤੇ ਠੇਠ ਪੰਜਾਬੀ ਵਿਚ ਜੋ ਹਰ ਜਨ ਸਾਧਾਰਨ ਨੂੰ ਸਮਝ

Namdhari Elibrary NamdhariElibrary@gmail.com

ਆਵੇ, ਉਸ ਵਿਚ ਰਚਨਾ ਕੀਤੀ। ਗਰੰਥ ਦੇ ਸ਼ੁਰੂ ਵਿਚ ਦੋਹਰਾ ਛੰਦ ਤਿੰਨ ਵਾਰ ਵਰਤਿਆ ਹੈ, ਬਾਕੀ ਸਾਰੀ ਕਵਿਤਾ ਬੈਂਤਾਂ ਵਿਚ ਰਚੀ ਗਈ ਹੈ। ਬੈਂਤ ਮਾਤ੍ਰਿਕ ਛੰਦ ਹੈ, ਜਿਸ ਦੀਆਂ ਲਗ-ਭਗ ਚਾਲ੍ਹੀ ਮਾਤਰਾਂ ਹੁੰਦੀਆਂ ਹਨ। ਕਵੀ ਮਾਲਵੇ ਦੇ ਇਲਾਕੇ ਦਾ ਵਸਨੀਕ ਹੋਣ ਕਾਰਨ ਮਲਵਈ ਉਪ-ਭਾਸ਼ਾ ਦਾ ਵੀ ਪ੍ਰਭਾਵ ਕਬੂਲਦਾ ਹੈ, ਜਿਵੇਂ ਕਿ ਤੁਹਾਡਾ, ਤੁਸੀ ਨੂੰ "ਥੋਡਾ" ਲਿਖਦਾ ਹੈ; ਜਿਵੇਂ ਕਿ—

"ਰੋਕੇ ਸਤਿਗੁਰੂਆਂ ਨੇ ਸਾਰੇ ਨਾਮਧਾਰੀ ਥੋਨੂੰ ਦਿਨਾਂ ਦੇ ਨਾਲ ਨਾ ਲੜਨ ਦੇਣਾ"

*(ਸਫਾ 46)*

"ਮੇਰੇ ਜਦੋਂ ਦੀਦਾਰ ਨੂੰ ਤੁਸੀ ਚਾਹੋ ਥੋਡੇ ਪਾਸ ਹਾਜਰ ਉਸੇ ਬਾਰ ਭਾਈ।"

*(ਸਫਾ 89)*

1872 ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ ਨਾਮਧਾਰੀ ਪੰਥ ਤੇ ਸਰਕਾਰੀ ਮੁਖਬਰਾਂ ਅਤੇ ਅੰਗਰੇਜ਼ ਸਰਕਾਰ ਨੇ ਜ਼ੁਲਮ ਢਾਹੇ। ਉਹਨਾਂ ਨੂੰ ਕਵੀ ਜੀ ਨੇ ਆਪਣੀਆਂ ਅਖਾਂ ਨਾਲ ਤੱਕਿਆ ਅਤੇ ਆਪਣੀ ਰਚਨਾ "ਪੈਂਤੀਸ ਅਖਰੀ" ਅਤੇ "ਉਸਤਤਨਾਮਾ" ਰਚਣ ਕਾਰਨ ਸਰਕਾਰੀ ਕਰੋਪੀ ਦਾ ਉਹਨਾਂ ਨੂੰ ਸਾਹਮਣਾ ਕਰਨਾ ਪਿਆ। ਸ੍ਰੀ ਭੈਣੀ ਸਾਹਿਬ ਦੇ ਮੁਖ ਦੁਆਰ ਤੇ ਸਰਕਾਰ ਨੇ ਪੋਲੀਸ ਚੌਕੀ ਬਿਠਾ ਦਿਤੀ ਸੀ। ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਸੰਗਤ ਆਜ਼ਾਦੀ ਨਾਲ ਨਹੀ ਸੀ ਕਰ ਸਕਦੀ। ਕਈ ਵਾਰ ਸਰਕਾਰੀ ਕਰੋਪੀ ਕਾਰਨ ਗੁਰੂ ਦੇ ਲੰਗਰ ਦੀ ਹਾਲਤ ਮਸਤਾਨੀ ਵੀ ਹੋਣ ਵਾਲੀ ਹੋ ਜਾਂਦੀ ਸੀ। ਪੰਜ ਤੋਂ ਵਧ ਨਾਮਧਾਰੀ ਇਕਠੇ ਨਹੀ ਸੀ ਹੋ ਸਕਦੇ, ਉਹ ਸ੍ਰੀ ਆਦਿ ਗਰੰਥ ਸਾਹਿਬ ਦੇ ਅਖੰਡ ਪਾਠਾਂ ਦੇ ਭੋਗ ਨਹੀ ਸੀ ਪਵਾ ਸਕਦੇ। ਉਹਨਾਂ ਨੂੰ ਆਪਣੇ ਨੇੜੇ ਪੋਲੀਸ ਥਾਣੇ ਵਿਚ ਰੋਜ਼ਾਨਾ ਹਾਜ਼ਰੀ ਦੇਣੀ ਪੈਂਦੀ ਸੀ। ਉਹ ਸਾਰੇ ਹਾਲਾਤਾਂ ਬਾਰੇ ਕਵੀ ਜੀ ਨੇ ਇਸ ਗਰੰਥ ਵਿਚ ਲਿਖਿਆ ਹੈ।

ਕਵੀ ਕਾਹਲਾ ਸਿੰਘ ਜੀ ਨੇ ਨਾਮਧਾਰੀ ਇਤਿਹਾਸ ਦੀਆਂ ਕੁਝ ਨਵੀਆਂ ਜਾਣਕਾਰੀਆਂ ਵੀ ਦਿਤੀਆਂ ਹਨ ਜੋ ਹੋਰ ਕਿਧਰੋਂ ਵੀ ਨਹੀਂ ਮਿਲਦੀਆਂ। ਜਿਵੇਂ ਸਫਾ 118 ਤੇ ਰਾਏ ਕੋਟ ਦੇ ਸ਼ਹੀਦਾਂ ਦਾ ਸੰਸਕਾਰ ਮੋਹਰ ਸਿੰਘ ਨੇ ਕੀਤਾ ਲਿਖਿਆ ਹੈ। ਇਸ ਤਰਾਂ ਸਫਾ 127 ਤੇ ਮੁਖਤਿਆਰ ਸੁੰਦਰ ਸਿੰਘ, ਗੁਰਦਿਤ ਸਿੰਘ ਨਾਈਵਾਲਾ ਵਲੋਂ ਸੂਬਾ ਗਿਆਨੀ ਸਿੰਘ ਅਤੇ ਰਤਨ ਸਿੰਘ ਨਾਈਵਾਲਾ, ਲੁਧਿਆਣੇ ਵਾਲੇ ਸ਼ਹੀਦਾਂ ਦਾ ਸੰਸਕਾਰ ਕੀਤਾ ਲਿਖਿਆ ਹੈ। ਕਵੀ, ਮਲੇਰਕੋਟਲੇ ਦੇ ਸ਼ਹੀਦਾਂ ਦੀ ਗਿਣਤੀ ਇਕੱਤਰ ਦਸਦਾ ਹੈ। ਕਵੀ ਜੀ ਨੂੰ ਮਲੇਰਕੋਟਲੇ ਦ ਸਾਕੇ ਦਾ ਸਾਰਾ ਹਾਲ ਮਾਈ ਇੰਦ ਕੌਰ ਹਡਿਆਏ ਵਾਲੀ ਨੇ ਦਸਿਆ ਸੀ। ਸ਼ਹੀਦ ਬਿਸ਼ਨ ਸਿੰਘ ਦੀ ਸ਼ਹਾਦਤ

Namdhari Elibrary NamdhariElibrary@gmail.com

ਦਾ ਜ਼ਿਕਰ ਕਵੀ ਨੇ ਨਹੀ ਕੀਤਾ। ਕਵੀ ਦੀ ਸ਼ਬਦ ਬਣਤਰ ਨੂੰ ਮੈਂ ਜਾਣ ਬੁਝ ਕੇ ਨਹੀ ਛੇੜਿਆਂ ਜਿਵੇਂ ਉਹ ਮਰਗੋਈ ਨੂੰ ਮੁਰਗੀ, ਕੋਹਾੜਾ ਨੂੰ ਘੁਆੜਾ, ਸਰਹਾਲੀ ਨੂੰ ਸਡਹਾਲੀ ਆਦਿਕ ਲਿਖਦਾ ਹੈ।

ਕਵੀ ਜੀ ਨੇ ਪੁਸਤਕ ਵਿਚ ਕੁਝ ਸੰਮਤ ਗਲਤ ਦਿਤੇ ਹਨ ਜੋ ਮੈਂ ਅਖੀਰ ਵਿਚ ਫੁਟ ਨੋਟ ਤੇ ਟਿਪਣੀਆਂ ਕਾਲਮ ਵਿਚ ਪਾਠਕਾਂ ਦੀ ਜਾਣਕਾਰੀ ਹਿਤ ਸੋਧ ਕੇ ਲਿਖ ਦਿਤੇ ਹਨ। ਸਾਨੂੰ ਇਹ ਵੀ ਭੁਲਣਾ ਨਹੀ ਚਾਹੀਦਾ ਕਿ ਉਸ ਸਮੇਂ ਨਾਮਧਾਰੀ ਇਤਿਹਾਸ ਦਾ ਖੋਜ ਕਾਰਜ ਅਜੇ ਸ਼ੁਰੂ ਨਹੀ ਸੀ ਹੋਇਆ, ਨਾਂ ਹੀ ਅਜੇ ਉਸ ਸਮੇਂ ਸਰਕਾਰੀ ਕਾਗਜ਼ਾਤ ਇਤਿਹਾਸ ਬਾਰੇ ਸਾਹਮਣੇ ਆਏ ਸਨ। ਕਵੀ ਜੀ ਨੇ ਆਪ ਹੀ ਮਿਹਨਤ ਕਰਕੇ ਇਤਿਹਾਸਕ ਮਸਾਲਾ ਇਕਠਾ ਕੀਤਾ ਸੀ ਅਤੇ ਇਹ ਯਤਨ, ਇਤਿਹਾਸਕ ਸਮਗਰੀ ਇਕਤਰ ਕਰਨ ਵਲ ਮੁਢਲੇ ਯਤਨ ਸਨ।

ਮੈਂ ਉਪਰ ਲਿਖ ਆਇਆ ਹਾਂ ਕਿ ਇਹ ਪੁਸਤਕ ਦੁਰਲਭ ਹੋ ਚੁਕੀ ਹੈ, ਕਵੀ ਜੀ ਦੇ ਪ੍ਰਵਾਰ ਵਿਚੋਂ ਐਲਨਾਬਾਦ ਰਹਿਣ ਵਾਲਿਆਂ ਨੇ 1994 ਵਿਚ ਦਸਿਆ ਸੀ ਕਿ ਸਤਿਗੁਰੂ ਜੀ ਨੇ ਇਹ ਪੁਸਤਕ ਦੀ ਭਾਲ ਕਰਨ ਲਈ ਕਿਹਾ ਸੀ ਪਰੰਤੂ ਉਹਨਾਂ ਨੇ ਇਹ ਪੁਸਤਕ ਸਤਿਗੁਰਾਂ ਨੂੰ ਇਕੋ ਕਾਪੀ ਹੋਣ ਕਾਰਨ ਨਹੀ ਦਿਤੀ ਸੀ। ਸਿਰਫ਼ ਆਡੀਓ ਕੈਸਟ ਹੀ ਤਿਆਰ ਕੀਤੀ ਸੀ। ਸਮਾਂ ਬੀਤਦਾ ਗਿਆਂ ਮੈਂ ਅਨੇਕ ਜਗ੍ਹਾ ਲਾਏਬਰੇਰੀਆਂ ਵਿਚ ਇਸਦੀ ਢੂੰਡ ਭਾਲ ਕੀਤੀ, ਸ੍ਰੀ ਭੈਣੀ ਸਾਹਿਬ ਤੋਂ ਬਿਨਾਂ ਸ੍ਰੀ ਜੀਵਨ ਨਗਰ ਵੀ ਪੁਛ ਪੜਤਾਲ ਕੀਤੀ ਪਰੰਤੂ ਇਹ ਪੁਸਤਕ ਨਾ ਮਿਲੀ। ਫਿਰ ਨੈਸ਼ਨਲ ਲਾਏਬ੍ਰਰੀ ਕਲਕਤਾ ਵਿਖੇ ਵੀ ਢੂੰਡ ਭਾਲ ਕੀਤੀ ਪਰੰਤੂ ਕੋਈ ਗਲ ਨਾ ਬਣੀ। ਅਚਾਨਕ ਮੇਰੇ ਪਰਮ ਮਿਤਰ ਉਘੇ ਸਾਹਿਤਕਾਰ ਸ੍ਰ. ਚੇਤਨ ਸਿੰਘ ਜੀ ਜਾਇੰਟ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਤੋਂ ਆਸ ਦੀ ਕਿਰਨ ਜਾਗੀ। ਉਹ ਇੰਗਲੈਂਡ ਗਏ ਸਨ ਅਤੇ ਉਥੋਂ ਬ੍ਰਿਟਿਸ਼ ਲਾਏਬਰੇਰੀ ਲੰਡਨ ਤੋਂ ਪੰਜਾਬੀ ਪੁਸਤਕਾਂ ਦੀ ਸੂਚੀ ਲੈਪ ਟੌਪ ਵਿਚ ਫੀਡ ਕਰਕੇ ਲਿਆਏ ਸਨ। ਉਹਨਾਂ ਨੇ ਦੱਸਿਆ, ਇਹ ਪੁਸਤਕ ਲੰਡਨ ਵਿਚ ਹੈ। ਬ੍ਰਿਟਿਸ਼ ਲਾਏਬ੍ਰੇਰੀ ਲੰਡਨ ਨੇ 1975 ਵਿਚ ਪ੍ਰਿੰਟਿਡ ਪੰਜਾਬੀ ਪੁਸਤਕਾਂ ਦੀ ਸੂਚੀ 1902 ਤੋਂ 1964 ਈਸਵੀ ਤਕ ਦੀਆਂ ਪ੍ਰਕਾਸ਼ਤ ਪੁਸਤਕਾਂ ਦੀ ਸੂਚੀ ਤਿਆਰ ਕੀਤੀ ਸੀ ਜਿਸਦੇ ਸੰਪਾਦਕ ਗਨੇਸ਼ ਗੌਡ ਸੀ। ਉਸ ਵਿਚ ਇਹ ਪੁਸਤਕ ਦਾ ਨੰਬਰ PANJ/F/52 ਸੀ। ਪੁਸਤਕ ਦੀ ਸੂਚਨਾ ਸੁਣਕੇ ਮਨ ਬਹੁਤ ਪ੍ਰਸੰਨ ਹੋਇਆ। ਇਸ ਸੂਚਨਾ ਲਈ ਮੈਂ ਸ੍ਰ. ਚੇਤਨ ਸਿੰਘ ਜੀ ਦਾ ਅਤਿਅੰਤ ਧੰਨਵਾਦੀ ਹਾਂ।

ਹੁਣ ਸਵਾਲ ਖੜਾ ਹੋ ਗਿਆ ਕਿ ਇੰਗਲੈਂਡ ਤੋਂ ਇਹ ਪੁਸਤਕ ਕਿਵੇਂ ਪ੍ਰਾਪਤ ਕੀਤੀ ਜਾਵੇ। ਕਈ ਨਾਮਧਾਰੀ ਵੀਰਾਂ ਅਗੇ ਇਹ ਸਵਾਲ ਪਾਇਆ

Namdhari Elibrary NamdhariElibrary@gmail.com

ਪਰੰਤੂ ਮਸਲਾ ਹਲ ਨਾ ਹੋਇਆ ਫਿਰ ਕਾਵੈਂਟਰੀ (ਇੰਗਲੈਂਡ) ਨਿਵਾਸੀ ਸਤਿਕਾਰ ਯੋਗ ਵੀਰ ਹਰਜਿੰਦਰ ਸਿੰਘ ਕੰਵਲ ਜੀ ਜੋ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਦੇ ਵਿਦਵਾਨ ਅਤੇ ਉਘੇ ਲਿਖਾਰੀ ਹਨ, ਮੈਨੂੰ ਮਿਲੇ। ਮੈਂ ਉਹਨਾਂ ਨੂੰ ਆਪਣੀ ਸਮਸਿਆ ਦਸੀ, ਉਹਨਾਂ ਨੇ ਇੰਡੀਆਂ ਤੋਂ ਇੰਗਲੈਂਡ ਜਾਕੇ ਬ੍ਰਿਟਿਸ਼ ਲਾਏਬਰ੍ਰੇਰੀ ਤੋਂ ਉਹ ਪੁਸਤਕ ਦੀ ਸੀ ਡੀ ਪ੍ਰਾਪਤ ਕਰਕੇ ਮੈਨੂੰ ਭੇਜ ਦਿੱਤੀ। ਇਸ ਕਾਰਜ ਲਈ ਮੈਂ ਉਹਨਾਂ ਦਾ ਕੋਟਾਨ ਕੋਟ ਧੰਨਵਾਦੀ ਹਾਂ ਕਿਉਂਕਿ ਉਹਨਾਂ ਦੇ ਪੁਰਸ਼ਾਰਥ ਤੋਂ ਬਿਨਾਂ ਇਹ ਕਾਰਜ ਸ਼ਾਇਦ ਕਦੇ ਨਹੀ ਸੀ ਹੋਣਾ। ਮਾਨਯੋਗ ਸੰਤ ਜਗਤਾਰ ਸਿੰਘ ਜੀ ਮੁਖ ਪ੍ਰਬੰਧਕ ਸ੍ਰੀ ਭੈਣੀ ਸਾਹਿਬ ਜੀ ਜੋ ਵਿਦਵਾਨਾਂ ਦੇ ਕਦਰਦਾਨ ਹਨ ਅਤੇ ਵਿਦਵਾਨਾਂ ਦੀ ਮਦਤ ਕਰਨ ਲਈ ਸਦਾ ਤਤਪਰ ਰਹਿੰਦੇ ਹਨ, ਦਾ ਧੰਨਵਾਦੀ ਹਾਂ। ਸ੍ਰ ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਉਘੇ ਨਾਮਧਾਰੀ ਇਤਿਹਾਸ ਦੇ ਵਿਦਵਾਨ ਖੋਜੀ ਸੁਵਰਨ ਸਿੰਘ ਵਿਰਕ, ਸੰਤ ਹਰਪਾਲ ਸਿੰਘ, ਸੰਤ ਰਛਪਾਲ ਸਿੰਘ ਹਜ਼ੂਰੀ ਸੇਵਕ ਅਤੇ ਜਥੇਦਾਰ ਪ੍ਰਭਜੀਤ ਸਿੰਘ ਰਾਣੀ ਪਿੰਡ ਦਾ ਵੀ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਸਮੇਂ-ਸਮੇਂ ਸੰਪਾਦਨ ਕਾਰਜ ਵਿਚ ਯੋਗ ਸੁਝਾਅ ਦਿੱਤੇ। ਮੈਂ ਆਪਣੀ ਪਤਨੀ ਪਰਮਜੀਤ ਕੌਰ ਦਾ ਵੀ ਧੰਨਵਾਦ ਕੀਤੇ ਬਿਨਾਂ ਨਹੀ ਰਹਿ ਸਕਦਾ ਜਿਸਨੇ ਪੁਸਤਕ ਪਾਠਕਾਂ ਤਕ ਪਹੁੰਚਣ ਵਿਚ ਮੇਰੀ ਹਰ ਮਦਤ ਕੀਤੀ ਅਤੇ ਮੈਨੂੰ ਘਰੇਲੂ ਕੰਮਾਂ ਤੋਂ ਮੁਕਤ ਕਰੀ ਰਖਿਆ। ਆਸ ਹੈ ਕਿ ਪਾਠਕ ਮੇਰੇ ਇਸ ਯਤਨ ਦੀ ਸ਼ਲਾਘਾ ਕਰਨਗੇ ਅਤੇ ਮੇਰੀਆਂ ਪਹਿਲੀਆਂ ਪੁਸਤਕਾਂ ਵਾਂਗ ਇਸ ਪੁਸਤਕ ਨੂੰ ਵੀ ਪਸੰਦ ਕਰਨਗੇ।

ਪਿੰਡ-ਜੀਆ ਨੱਥਾ
ਡਾਕ ਖਾਨਾ - ਖੁਡਾ 144305
ਜਿਲਾ - ਹੁਸ਼ਿਆਰਪੁਰ (ਪੰਜਾਬ)
ਮਿਤੀ - 14-05-2014

ਤੁਹਾਡੇ ਹੁੰਗਾਰੇ ਦਾ ਉਡੀਕਵਾਨ,
ਦੇਵਿੰਦਰ ਸਿੰਘ ਗਿਲ (ਜੀਆ ਨੱਥਾ)
ਮੋਬਾਈਲ - 94177-69103
ਫੋਨ ਨੰ. 01886-267380

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਇਕ ਉਤਮ ਪੰਥ ਸੁਨਿਓ ਗੁਰ ਸੰਗਤ
ਤਿਹ ਮਿਲੰਤ ਜਮ ਤ੍ਰਾਸ ਮਿਟਾਈ। ਸਵੱਯੇ ਮਹੱਲਾ ੪

---

ਸਿੰਘਾਂ ਨਾਮ ਧਾਰੀਆਂ ਦਾ

# ਪੰਥ ਪ੍ਰਕਾਸ਼

ਪਾਤਸ਼ਾਹੀ ੧੨

## ਸਾਕਾ ਮਲੇਰ ਕੋਟਲੇ ਦਾ

ਜਿਸ ਵਿਚ ਅੱਸੀਆਂ ਸਿੰਘਾਂ ਦਾ ਤੋਪਾਂ ਮੂਹਰੇ ਸ਼ਹੀਦ ਹੋਣਾ ਹੈ

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਲੈਕੇ ਸ੍ਰੀ ਸਤਿ
ਗੁਰੂ ਰਾਮਸਿੰਘ ਜੀ ਸ੍ਰੀ ਗੁਰੂ ਹਰੀ ਸਿੰਘ ਜੀ ਤੇ
ਸ੍ਰੀ ਮਹਾਰਾਜ ਬਾਬਾ ਪ੍ਰਤਾਪ ਸਿੰਘ ਜੀ ਦਾ
ਆਦ ਤੋਂ ਅੰਤ ਤਾਂਈ ਅਰ ਸਾਰੇ
ਸੰਤ ਖਾਲਸੇ ਦਾ ਠੇਠ ਪੰਜਾਬੀ ਬੈਂਤਾ ਵਿਚ
ਸੰਪੂਰਨ ਬ੍ਰਿਤਾਂਤ ਅਤੇ ਬੜੀ ਰਸੀਲੀ
ਕਵਿਤਾ ਵਿਚ ਬਰਨਨ ਹੈ

ਗਿਆਨੀ

**ਭਾਈ ਕਾਲਾ ਸਿੰਘ ਨਾਮਧਾਰੀਆ**

ਮੁਕਾਮ ਨੰਗਲ ਵੱਡਾ ਡਾਕਖਾਨਾ ਲਤਾਲਾ
ਜ਼ਿਲਾ ਲੁਧਿਹਾਣਾ ਨੇ ਰਚਕੇ ਛਪਾਯਾ॥

ਪੇਹਲੀ ਵਾਰ ੧੦੦੦ ਸੰ: ੧੯੧੪ ਮੁਲ ਪੰਜ ਆਨੇ

---

ਸਰਦਾਰ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ
ਸ੍ਰੀ ਗੁਰਮਤ ਪ੍ਰੇਸ ਅਮ੍ਰਿਤਸਰ ਵਿਚ ਛਪਾ॥

Namdhari Elibrary NamdhariElibrary@gmail.com

ੴ ਸਤਿਗੁਰਪ੍ਰਸਾਦਿ॥

# ਅਥ ਪੰਥ ਪ੍ਰਕਾਸ਼ ਲਿਖ੍ਯਤੇ

॥ ਦੋਹਰਾ॥

ਸੱਚਾ ਨਾਮ ਅਕਾਲ ਹੈ ਵਾਹਿਗੁਰੂ ਪ੍ਰਿਤ ਪਾਲ।
ਤਿਨਕੋ ਮੇਰੀ ਬੰਦਨਾ ਸ਼ਕਤੀ ਮਾਨ ਅਕਾਲ॥ ੧॥
ਨਾਨਕ ਗੁਰੂ ਗੋਬਿੰਦ ਸਿੰਘ ਗੁਰੂ ਰਾਮ ਸਿੰਘ ਜੋਇ।
ਵਾਹਿਗੁਰੂ ਕੀ ਫਤੇ ਹੈ ਬਿਘਨ ਬਿਨਾਸਨ ਸੋਇ॥ ੨॥
ਗੁਰੂ ਗ੍ਰੰਥ ਗੁਰ ਪੰਥ ਜੋ ਗੁਰ ਸੁਤ ਪਿਆਰੇ ਪੰਜ।
ਤਿਨਕੋ ਮੇਰੀ ਬੰਦਨਾਂ ਕਟੋ ਜਾਲ ਮੁਹਿ ਛੰਦ॥ ੩॥

ਬੇਨਤੀ ਅਕਾਲ ਪੁਰਖ ਅਗੇ

ਬੈਂਤ॥ ਵਾਹਿਗੁਰੂ ਅੱਗੇ ਕਰਾਂ ਬੇਨਤੀ ਮੈਂ
ਜੀਦਾ ਕੁਝ ਨਾ ਅੰਤ ਸ਼ਮਾਰ ਹੋਇਆ।
ਇਕ ਰੂਪ ਤੇ ਰੂਪ ਅਨੇਕ ਕੀਤੇ
ਜੋਤ ਰੂਪ ਹੈਵਾਨ ਸੰਸਾਰ ਹੋਇਆ।
ਖਾਕ ਬਾਦ ਆਤਸ਼ ਆਬ ਮੇਲ ਕੀਤਾ
ਜੀਵ ਜੰਤ ਹੈ ਬੇਸ਼ਮਾਰ ਹੋਇਆ।
ਕਾਲਾ ਸਿੰਘ ਨਾ ਆਸਰਾ ਹੋਰ ਸਾਨੂੰ
ਆਦ ਅੰਤ ਤੂੰ ਹੀ ਕਰਨ ਹਾਰ ਹੋਇਆ॥੧॥

ਬੇਨਤੀ ਬਾਰਾਂ ਗੁਰਾਂ ਅਗੇ ਪਾਤਸ਼ਾਹੀ ੧੨

ਵਾਰ ਵਾਰ ਡੰਡੌਤ ਪ੍ਰਨਾਮ ਮੇਰੀ
ਆਇਆ ਸਰਨ ਤੇਰੀ ਔਗਣ ਹਾਰ ਸਤਿਗੁਰ।
ਲਾਜ ਰੱਖ ਲੈਣੀ ਨਾਮ ਆਪਨੇ ਦੀ
ਤੇਰੇ ਪਾਸ ਆਇਆ ਸਰਧਾ ਧਾਰ ਸਤਿਗੁਰ।
ਨਾਨਕ ਗੁਰੂ ਅੰਗਦ ਅਮਰ ਦਾਸ ਗੁਰ ਜੀ
ਰਾਮਦਾਸ ਅਰਜਨ ਕਰਨ ਹਾਰ ਸਤਿਗੁਰ।

Namdhari Elibrary NamdhariElibrary@gmail.com

ਹਰਿ ਗੋਬਿੰਦ ਹਰਿ ਰਾਇ ਹਰਿ ਕ੍ਰਿਸ਼ਨ ਗੁਰ ਜੀ
ਨੌਮਾਂ ਪਾਤਿਸ਼ਾਹਿ ਹੈ ਤਰਨ ਤਾਰ ਸਤਿਗੁਰ।
ਦਸਵੇਂ ਗੁਰੂ ਜੀ ਰਖਿਆ ਅਸਾਂ ਤਾਂਈ
ਕੀਤੇ ਦੁਸ਼ਟ ਸਮੁੰਦਰੋਂ ਪਾਰ ਸਤਿਗੁਰ।
ਰੂਪ ਗਯਾਰਵਾਂ ਫੇਰ ਬਣ ਆਏ
ਬਾਲਕ ਸਿੰਘ ਗੁਰ ਜੀ ਜਾਮਾ ਧਾਰ ਸਤਿਗੁਰ।
ਬਾਰਾਂ ਰੂਪ ਧਾਰੇ ਜਗਤ ਤਾਰਨੇ ਨੂੰ
ਨਾਮ ਜਪਣ ਲਾਏ ਨਰ ਨਾਰ ਸਤਿਗੁਰ।
ਹੁਕਮ ਆਪਣਾ ਭੇਜ ਗਰੰਥ ਗੁਰ ਜੀ
ਦਿਤਾ ਸਾਗਰੋਂ ਪਾਰ ਉਤਾਰ ਸਤਿਗੁਰ।
ਬਾਰਾਂ ਗੁਰਾਂ ਤਾਂਈ ਨਮਸਕਾਰ ਮੇਰੀ
ਹੱਥ ਜੋੜਕੇ ਤੇ ਵਾਰ ਵਾਰ ਸਤਿਗੁਰ।
ਪੰਜਾਂ ਪਿਆਰਿਆਂ ਤੇ ਚਾਲੀ ਮੁਕਤਿਆਂ ਨੂੰ
ਅੱਸੀ ਗੁਰਮੁਖਾਂ ਨੂੰ ਨਮਸਕਾਰ ਸਤਿਗੁਰ।
ਦਿੱਤੇ ਸੀਸ ਕੁਰਬਾਨੀਆਂ ਤੋਪ ਮੂਹਰੇ
ਕੀਤ ਧਰਮ ਵਾਲੇ ਬੇੜੇ ਪਾਰ ਸਤਿਗੁਰ।
ਹੀਰਾ ਸਿੰਘ ਲਹਿਣਾ ਸਿੰਘ ਸੀਸ ਦੇ ਕੇ
ਲਾਈ ਵਿਚ ਬੈਕੁੰਠ ਬਹਾਰ ਸਤਿਗੁਰ।
ਮਨੀ ਸਿੰਘ ਭਾਈ ਤਾਰੂ ਸਿੰਘ ਵਾਂਗੂੰ
ਸਾਹਿਬ ਜਾਦਿਆਂ ਵਾਂਗ ਕਰਨ ਕਾਰ ਸਤਿਗੁਰ।
ਧੰਨ ਧੰਨ ਮੇਰੀ ਨਮਸਕਾਰ ਹੋਵੇ
ਵਾਰ ਵਾਰ ਡੰਡੌਤ ਹਜਾਰ ਸਤਿਗੁਰ।
ਹਰੀਸਿੰਘ ਗੁਰ ਜੀ ਸਿੱਖੀ ਹਰੀ ਕੀਤੀ
ਗੱਦੀ ਬਾਰਵੀਂ ਦੀ ਲਈ ਸਾਰ ਸਤਿਗੁਰ।
ਕਾਲਾਸਿੰਘ ਦੀ ਬੰਦਨਾ ਅਨਕ ਵਾਰੀ
ਤੇਰੇ ਨਾਮ ਦਾ ਰਹੇ ਅਧਾਰ ਸਤਿਗੁਰ॥੨॥

Namdhari Elibrary NamdhariElibrary@gmail.com

ਪ੍ਰਸੰਗ ਜੋ ਦੁਸ਼ਟਾਂ ਲੋਕਾਂ ਨੇ ਮੰਦ ਕੰਮ ਕੀਤੇ ਨੇ ਸਤਿਗੁਰਾਂ ਦੇ ਪੰਥ ਨਾਲ ਉਨਹਾਂ ਦਾ ਬਰਨਨ ਹੈ

ਮੱਤਮੰਦ ਜੋ ਦੁਸ਼ਟ ਕਠਰ ਬੁੱਧੀ
ਗੁਰ ਤਾਂਈ ਕੁਰਾਹੀ ਬੀ ਆਖਦੇ ਨੇ।
ਇੱਟਾਂ ਮਾਰੀਆਂ ਨੇ ਨਾਨਕ ਸਤਿਗੁਰੂ ਦੇ
ਪਾਪੀ ਪਾਪ ਦੇ ਰਸਾਂ ਨੂੰ ਚਾਖਦੇ ਨੇ।
ਦੂਜੇ ਗੁਰੂ ਖਡੂਰ ਤੋਂ ਕਢ ਦਿੱਤੇ
ਬੈਰ ਪੰਜਵੇਂ ਦੇ ਨਾਲ ਰਾਖਦ ਨੇ।
ਤੱਤੀ ਤਵੀ ਤੇ ਰੇਤ ਕਰ ਗਰਮ ਕੀਤੀ
ਦੇ ਕੇ ਦੁਖ ਸਰੀਰ ਨੂੰ ਗਾਖਦੇ ਨੇ।
ਚਹੁੰਣ ਤੋੜਨੀ ਬੀੜ ਗ੍ਰੰਥ ਗੁਰ ਦੀ
ਹਿੰਦੂ ਲੋਕ ਭੇੜੀ ਫਲ ਸਾਖਦੇ ਨੇ।
ਹਰਗੋਬਿੰਦ ਜੀ ਗੁਰੂ ਨੂੰ ਵਿਹੁ ਦਿੱਤੀ
ਨੌਮੇਂ ਗੁਰੂ ਉੱਤੇ ਚੁਗਲੀ ਭਾਖਦੇ ਨੇ।
ਵਿਚ ਦਿੱਲੀ ਦੇ ਕਤਲ ਕਰਾਇ ਦਿੱਤੇ
ਦਸਵੇਂ ਗੁਰੂ ਉੱਤੇ ਫੌਜ ਸਾਧਦੇ ਨੇ।
ਪਹਿਲੇ ਜੰਗ ਕੀਤਾ ਹਿੰਦੂ ਰਾਜਿਆਂ ਨੇ
ਸੁੱਚਾ ਨੰਦ ਗੰਗੂ ਪਾਪ ਰਾਖਦੇਨੇ।
ਸਾਹਿਬ ਜ਼ਾਦਿਆਂ ਤਾਂਈ ਸ਼ਹੀਦ ਕੀਤਾ
ਪੰਥ ਖਾਲਸੇ ਨੂੰ ਬੁਰਾ ਆਖਦੇ ਨੇ।
ਸਿੰਘ ਸੈਕੜੇ ਪਕੜ ਸ਼ਹੀਦ ਕੀਤੇ
ਵਿੱਚ ਸ਼ਹਿਰ ਲਾਹੌਰ ਦੀ ਸਾਖਦੇ ਨੇ।
ਸੰਮਤ ਉੱਨੀ ਸੌ ਵਿੱਚ ਅਠਾਈਏ ਦੇ
ਅੱਸੀ ਸਿੰਘਾਂ ਦੀ ਸਾਖ ਸੁਨਾਖਦੇ ਨੇ।
ਸ਼ਹਿਰਕੋਟਲੇ ਵਿੱਚ ਸ਼ਹੀਦ ਹੋਏ
ਮੂਹਰੇ ਤੋਪ ਦੇ ਤਨਾਂ ਨੂੰ ਧਾਖਦੇਨੇ।
ਝੂਠੇ ਨੇਮ ਕੀਤੇ ਪਾਪੀ ਹਿੰਦੂਆਂ ਨੇ
ਆਦਿ ਅੰਤ ਤੇ ਵੈਰ ਜੋ ਰਾਖਦੇ ਨੇ।

Namdhari Elibrary NamdhariElibrary@gmail.com

ਭਲੀ ਕਰੀ ਨਾ ਗੁਰਾਂ ਦੇ ਨਾਲ. ਏਨਾਂ
ਸਿਘਾਂ ਨਾਲ ਭਲਿਆਈ ਕਿਉਂ ਪਾਖਦੇ ਨੇ।
ਕਾਲਾ ਸਿੰਘ ਪ੍ਰਸੰਗ ਮੈਂ ਕਹੂੰ ਸਾਰਾ
ਅੱਸੀ ਗੁਰਮੁਖਾਂ ਦਾ ਜੇਹੜਾ ਆਖਦੇ ਨੇ॥ ੩॥

ਏਸ ਗ੍ਰੰਥ ਦੇ ਸਾਰੇ ਪ੍ਰਸੰਗਾਂ ਦਾ ਅਲੰਕਾਰ

ਲੈਕੇ ਗੁਰਾਂ ਦਾ ਨਾਮ ਮੈਂ ਕਲਮ ਪਕੜੀ
ਸੱਚੋ ਸੱਚ ਪ੍ਰਸੰਗ ਲਿਖਾਂਵਦਾ ਮੈਂ।
ਨਾਮ ਧਾਰੀਏ ਪੰਥ ਦਾ ਹਾਲ ਸਾਰਾ
ਆਦ ਅੰਤ ਤੋਂ ਲਿਖ ਦਿਖਾਂਵਦਾ ਮੈਂ।
ਬਾਲਕ ਸਿੰਘ ਗੁਰੂ ਜਿਵੇਂ ਅਵਤਾਰ ਹੋਏ
ਥੋੜਾ ਜਿਹਾ ਪ੍ਰਸੰਗ ਭੀ ਪਾਂਵਦਾ ਮੈਂ।
ਰਾਮ ਸਿੰਘ ਗੁਰ ਦਾ ਅਵਤਾਰ ਹੋਣਾ
ਥੋਹੜਾ ਉਨਹਾਂ ਦਾ ਖੇਡ ਬਤਾਂਵਦਾ ਮੈਂ।
ਜਿਵੇਂ ਨੌਕਰੀ ਕਰੀ ਲਹੌਰ ਗੁਰ ਜੀ
ਹਜਰੋ ਗੁਰਾਂ ਦੇ ਮਿਲਣ ਨੂੰ ਗਾਂਵਦਾ ਮੈਂ।
ਓਥੋਂ ਆਣਕੇ ਧਰਮ ਦੀ ਕ੍ਰਿਤ ਕੀਤੀ
ਦੱਸਾਂ ਜਿਵੇਂ ਗੁਰ ਪੰਥ ਚਲਾਂਵਦਾ ਮੈਂ।
ਅਮ੍ਰਿਤਸਰ ਪੁਜਾਰੀਆਂ ਮੁਕਤਸਰੀਆਂ
ਹਜੂਰ ਸਾਹਿਬ ਦਾ ਜੋੜ ਜੁੜਾਂਵਦਾ ਮੈਂ।
ਜਿਵੇਂ ਬੋਇ ਖਿੰਡਾਈ ਪੁਜਾਰੀਆਂ ਨੇ
ਦੱਸਾਂ ਓਸ ਵਿਚ ਫਰਕ ਨਾਂ ਪਾਂਵਦਾ ਮੈਂ।
ਜਿਵੇਂ ਕਰੇ ਬਾਈ ਸੂਬੇ ਸਤਿਗੁਰਾਂ ਨੇ
ਕੀਤਾ ਪੰਥ ਪ੍ਰਚਾਰ ਜਤਾਂਵਦਾ ਮੈਂ।
ਜਿਵੇਂ ਬੁੱਚੜਾਂ ਨੂੰ ਸਿੰਘਾਂ ਕਤਲ ਕੀਤਾ
ਅੱਸੀ ਹੋਏ ਸ਼ਹੀਦ ਅਲਾਂਵਦਾ ਮੈਂ।
ਅਮ੍ਰਿਤਸਰ ਰਾਇਕੋਟ ਤੇ ਕੋਟਲੇ ਦਾ
ਤਰਜ਼ ਬੈਂਤਾਂ ਦੀ ਵਿਚ. ਬਣਾਂਵਦਾ ਮੈਂ।

Namdhari Elibrary NamdhariElibrary@gmail.com

ਔਣਾ ਜਾਣਾ ਪ੍ਰਦੇਸ ਨੂੰ ਸਤਿਗੁਰੂ ਦਾ
ਕਲਮ ਨਾਲ ਨਾਂ ਲਿਖਣ ਨੂੰ ਚਾਂਵਦਾ ਮੈਂ।
ਜਿਨਾਂ ਟਾਪੂਆਂ ਵਿੱਚ ਦੀਦਾਰ ਕੀਤੇ
ਧੰਨ ਧੰਨ ਓਹ ਸਿੰਘਾਂ ਨੂੰ ਗਾਂਵਦਾ ਮੈਂ।
ਜਿਵੇਂ ਰਾਜਿਆਂ ਸਿੰਘਾਂ ਦੇ ਨਾਲ ਕੀਤੀ
ਸਾਰਾ ਲਿਖ ਬਿਆਨ ਨੂੰ ਪਾਂਵਦਾ ਮੈਂ।
ਹਰੀ ਸਿੰਘ ਗੁਰਜੀ ਸਿੱਖੀ ਹਰੀ ਕੀਤੀ
ਥੋੜਾ ਜੇਹਾ ਪ੍ਰਸੰਗ ਸੁਣਾਂਵਦਾ ਮੈਂ।
ਬੀਤ ਗਏ ਬਤਾਲੀ ਸੋ ਸਾਲ ਸੰਤੋ
ਫੋਟੂ ਖਿੱਚ ਪ੍ਰਸੰਗ ਦਿਖਾਂਵਦਾ ਮੈਂ।
ਬਾਬਾ ਸਾਹਿਬ ਪ੍ਰਤਾਪ ਸਿੰਘ ਗੁਰੂ ਜੀ ਦੇ
ਸੀਸ ਚਰਨਾਂ ਦੇ ਉੱਤੇ ਟਿਕਾਂਵਦਾ ਮੈਂ।
ਕਾਲਾ ਸਿੰਘ ਸਾਰੇ ਸੰਤ ਖਾਲਸੇ ਨੂੰ
ਵਾਹਿਗੁਰੂ ਦੀ ਫ਼ਤੇ ਬੁਲਾਂਵਦਾ ਮੈਂ ॥ ੪ ॥

ਵਾਹਿ ਗੁਰੂ ਨਾਮ ਦਾ ਸਰੂਪ ਚਾਰ ਗੁਰੂ ਹੇਨ ਸ੍ਰੀ ਗੁਰੂ ਬਾਬੇ ਨਾਨਕ ਜੀ ਤੇ ਅਖਰ ਵਾਵਾ ਹੈ। ਸ੍ਰੀ ਗੁਰੂ ਹਰ ਗੋਬਿੰਦ ਜੀ ਤੇ ਅਖਰ ਹਾਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਅਖਰ ਗਗਾ ਹੈ। ਸ੍ਰੀ ਗੁਰੂ ਰਾਮ ਸਿੰਘ ਜੀ ਦੇ ਅਖਰ ਰਾਰਾ ਹੈ। ਵਾਹਿਗੁਰੂ ਨਾਮ ਦੜਾਕੇ ਨਾਮ ਧਾਰੀ ਪ੍ਰਗਟ ਕੀਤੇ ਹੈਨ।

ਮੇਰੀ ਲਖ ਡੰਡੌਤ ਪ੍ਰਨਾਮ ਹੋਵੇ
ਨਾਨਕ ਸਤਿਗੁਰੂ ਜੋ ਕਰਨ ਹਾਰ ਹੋਇਆ।
ਕਲੂ ਕਾਲ ਕੁਚਾਲ ਨੂੰ ਦੂਰ ਕਰਨੇ
ਨਾਨਕ ਆਪ ਬਾਬਾ ਅਵਤਾਰ ਹੋਇਆ।
ਵਾਹਿਗੁਰੂ ਅਕਾਲ ਦਾ ਰੂਪ ਬਾਬਾ
ਜਪ ਕੇ ਨਾਮ ਹੈ ਪਰ ਸੰਸਾਰ ਹੋਇਆ।
ਬਾਣੀ ਦੂਸਰੇ ਤੇ ਨੌਮੇਂ ਪੰਜਵੇਂ ਦੀ
ਨਾਨਕ ਨਾਮ ਪਾਕੇ ਜਗ ਤਤਾਰ ਹੋਇਆ।
ਬਾਬੇ ਨਾਨਕ ਜੀ ਤੇ ਅਖਰ ਜਾਨ ਵਾਵਾ
ਵਾਹਿਗੁਰੂ ਤੇ ਸਰਬ ਪਸਾਰ ਹੋਇਆ।

Namdhari Elibrary NamdhariElibrary@gmail.com

ਛੀਵੇਂ ਗੁਰੂ ਅਕਾਲ ਸਰੂਪ ਆਏ
ਬਾਬੇ ਬੁਢੇ ਦਾ ਬਚਨ ਅਪਾਰ ਹੋਇਆ।
ਹਰ ਗੋਬਿੰਦ ਜੀ ਤੇ ਅਖਰ ਜਾਣ ਹਾਹਾ
ਮੀਰੀ ਪੀਰੀ ਦਾ ਜੋ ਕਰਨ ਹਾਰ ਹੋਇਆ।
ਤੀਜਾ ਗੁਰੂ ਗੋਬਿੰਦ ਹੈ ਸਿੰਘ ਗਗਾ
ਵਾਹਿਗੁਰੂ ਸਰੂਪ ਅਪਾਰ ਹੋਇਆ।
ਹੁਕਮ ਪਾਏ ਅਕਾਲ ਦਾ ਪੰਥ ਕੀਤਾ
ਪਾਪ ਦੂਰ ਕਰ ਧਰਮ ਪ੍ਰਚਾਰ ਹੋਇਆ।
ਝੰਡੇ ਜ਼ਾਲਮਾ ਦੇ ਚਕਨਾ ਚੂਰ ਕੀਤੇ
ਪਿਤਾ ਪੂਤ ਸਰਬੰਸ ਹੈ ਵਾਰ ਹੋਇਆ।
ਸਦੀ ਬਾਰਾਂ ਨਬੇੜਕੇ ਫਤੇ ਬੋਲੇ
ਜਦੋਂ ਤੇਰਵੀਂ ਦਾ ਅਮਲਦਾਰ ਹੋਇਆ।
ਪਿਛਲੀ ਵਾਰ ਦੇ ਵਿਚ ਗੁਰਦਾਸ ਭਾਈ
ਜੋ ਕੁਛ ਲੇਖ ਲਿਖਿਆ ਸੋਈ ਪਾਰ ਹੋਇਆ।
ਰਾਮ ਸਿੰਘ ਗੁਰ ਤੇ ਅਖਰ ਜੋੜ ਰਾਰਾ
ਇਕ ਵਾਹਿਗੁਰੂ ਨਾਮ ਉਚਾਰ ਹੋਇਆ।
ਨਾਮ ਧਾਰੀਆਂ ਦਾ ਗੁਰ ਮੰਤ੍ਰ ਏਹੋ
ਸੰਤ ਖਾਲਸਾ ਪੰਥ ਤਿਆਰ ਹੋਇਆ।
ਚੌਹਾਂ ਗੁਰਾਂ ਕੇ ਨੇ ਅਖਰ ਬਣੇ ਚਾਰੇ
ਨਾਮ ਵਾਹਿਗੁਰੂ ਦਾ ਬਿਸਥਾਰ ਹੋਇਆ।
ਚੌਹਾਂ ਜੁਗਾਂ ਦਾ ਭਜਨ ਨਾ ਸਮਝਣਾ ਜੇ
ਕਲੂਕਾਲ ਅੰਦਰ ਤਤਸਾਰ ਹੋਇਆ।
ਅਖਰ ਚਾਰ ਨੂੰ ਗੁਰੂ ਗਰੰਥ ਗਾਵੇ
ਪੜ ਦੇਖਣਾ ਨਾਲ ਵਿਚਾਰ ਹੋਇਆ।
ਭਰਮ ਭੇਦ ਦੇ ਛੇਦ ਮਟੌਣ ਵਾਲਾ
ਵਾਹਿਗੁਰੂ ਪਰਗਟ ਸੰਸਾਰ ਹੋਇਆ।
ਇਕੋ ਪੰਥ ਉਤਮ ਸੰਗਤ ਗੁਰੂ ਜੀ ਦੀ
ਮਿਲਕੇ ਜਮਾਂ ਦਾ ਛੰਡ ਹੈ ਟਾਰ ਹੋਇਆ।

Namdhari Elibrary NamdhariElibrary@gmail.com

ਚੌਥੇ ਗੁਰੂ ਲਿਖਿਆ ਕਲਮ ਆਪਣੀ ਸੇ
ਜੇੜ੍ਹਾ ਹੁਕਮ ਸੀ ਵਲੋਂ ਕਰਤਾਰ ਹੋਇਆ।
ਇਹੋ ਪੰਥ ਉਤਮ ਨਾਮਧਾਰੀਆਂ ਦਾ
ਸਿੱਟਾ ਨਿਕਲਕੇ ਜੋ ਦਾਣੇ ਦਾਰ ਹੋਇਆ।
ਕਾਲਾ ਸਿੰਘ ਰਚਨਾ ਰਚੀ ਵਾਹਿਗੁਰੂ ਨੇ
ਜਦੋਂ ਬਾਰਵਾਂ ਗੁਰੂ ਅਵਤਾਰ ਹੋਇਆ॥ ੫॥

ਸ਼ੰਕਾ ਵਾਲੇ ਗੁਰੂ ਜੀ ਦੀਆਂ ਸਾਖੀਆਂ ਪੜ੍ਹਕੇ ਵਿਚਾਰ ਕਰਨ

ਕਈ ਕਰਨ ਸ਼ੰਕਾ ਏਸੇ ਬਾਤ ਉੱਤੇ
ਗੁਰੂ ਬਾਰਵੀਂ ਵਾਰ ਨਾ ਆਇਆ ਸੀ।
ਦਸ ਕਰੇ ਜਾਮੇਂ ਪੂਰ ਸਤਿਗੁਰਾਂ ਨੇ
ਫੇਰ ਗੁਰੂ ਗਰੰਥ ਬਣਾਇਆ ਸੀ।
ਏਦੂੰ ਬਾਦ ਨਾ ਗੁਰੂ ਜੀ ਫੇਰ ਆਊ
ਏਹੋ ਚਿਤ ਦੇ ਵਿਚ ਵਸਾਇਆ ਸੀ।
ਸ਼ੰਕਾ ਓਨਾਂ ਭਰਾਵਾਂ ਦੀ ਦੂਰ ਹੋਵੇ
ਮੈ ਵੀ ਸ਼ਬਦ ਪਰਮਾਨ ਦਾ ਪਾਇਆ ਸੀ।
ਜੁਗੋ ਜੁਗ ਪੀੜ੍ਹੀ ਚੱਲੇ ਗੁਰੂ ਵਾਲੀ
ਏਹ ਗੁਰੂ ਗਰੰਥ ਫੁਰਮਾਇਆ ਸੀ।
ਦਸਵੇਂ ਗੁਰੂ ਜੀ ਨੂੰ ਓਸ ਵਕਤ ਅੰਦਰ
ਨਜ਼ਰ ਗੱਦੀ ਦੀ ਕੋਈ ਨਾ ਆਇਆ ਸੀ।
ਜਿਵੇਂ ਦੱਸਕੇ ਅੱਠਵੇਂ ਗੁਰੂ ਜੀ ਨੇ
ਨੌਵੇਂ ਗੁਰੂ ਦਾ ਲੜ ਫੜਾਇਆ ਸੀ।
ਤਿਵੇ ਸੌ ਹੈ ਸਾਖੀ ਦੇ ਵਿਚ ਲਿਖਿਆ
ਸ੍ਰੀ ਆਪ ਮੁਖਵਾਕ ਅਲਾਇਆ ਸੀ।
ਰਾਮਸਿੰਘ ਹੋਵੇ ਆਹਾ ਨਾਮ ਮੇਰਾ
ਭੈਣੀ ਨਾਮ ਤੇ ਗਾਮ ਲਿਖਾਇਆ ਸੀ।
ਰਿਲਪੁਰ ਵੀਚ ਬਾਢੀ ਘਰ ਰੂਪ ਮੇਰਾ
ਹਮਰਾ ਪੰਥ ਸੰਭਾਲਣੇ ਆਇਆ ਸੀ।

ਗੁਰੂੰਡ ਨਾਮਾਂ ਗੁਰਦਾਸ ਦੀ ਵਾਰ ਪਿਛਲੀ
ਕਈਆਂ ਸਾਖੀਆਂ ਦਸ ਦਸਾਇਆ ਸੀ।
ਸਾਰਾ ਗੁਰੂ ਗਰੰਥ ਸਬੂਤ ਦਿੰਦਾ
ਰੈਹਤ ਨਾਮਾ ਜੋ ਗੁਰੂ ਦਙ੍ਰਾਇਆ ਸੀ।
ਹਾਲ ਬਹੁਤ ਮੈਂ ਲਿਖ ਨਾਂ ਸਕਦਾ ਜੋ
ਨਾਨਕ ਗੁਰੂ ਜੀ ਆਖ ਸੁਣਾਇਆ ਸੀ।
ਗੋਸ਼ਟ ਜਿੱਤਿ ਰੰਧਾਵੇ ਦੀ ਵਿਚ ਲਿਖਿਆ
ਜਾਮਾਂ ਬਾਰਵਾਂ ਭਾਖ ਅਲਾਇਆ ਸੀ।
ਚੌਦਾਂ ਗੁਰੂ ਜਾਮੇਂ ਸੱਤ੍ਰ ਭਗਤ ਹੋਵਣ
ਸ੍ਰੀ ਆਪ ਮੁਖ ਵਾਕ ਫੁਰਮਾਇਆ ਸੀ।
ਗਿਰੇ ਪੰਥ ਦੀ ਆਣ ਸਮਾਲ ਕੀਤੀ
ਜੋਰ ਪਾਪ ਨੇ ਆਣਕੇ ਪਾਇਆ ਸੀ।
ਧਰਤ. ਕੰਬ ਉਠੀ ਹੋਏ ਪਾਪ ਭਾਰੇ
ਸੱਚ ਖੰਡ ਤੇ ਸਤਿਗੁਰੂ ਧਾਇਆ ਸੀ।
ਆਇਆ ਤਰਸ ਜਾਂ ਭਟਕਦੇ ਜੀਵ ਦੇਖੇ
ਪਈ ਸਾਂਤ ਜਾਂ ਦਰਸ਼ ਦਿਖਾਇਆ ਸੀ।
ਨਾਮ ਵਾਹਿਗੁਰੂ ਦੱਸਕੇ ਕੰਨ ਬਾਣੀ
ਸੰਤ ਖਾਲਸਾ ਪੰਥ ਚਲਾਇਆ ਸੀ।
ਅੱਸੀ ਸਿੰਘ ਸ਼ਹੀਦ ਬਣੌਣ ਖਾਤਰ
ਭੈਣੀ ਸਾਹਿਬ ਆਕੇ ਡੇਰਾ ਲਾਇਆ ਸੀ।
ਸਾਰੇ ਲੋਕ ਕੁਟੰਬ ਨੂੰ ਤੋੜ ਦਿਤਾ
ਗੁਰਮਤਿ ਪਰਕਾਸ ਕਰਾਇਆ ਸੀ।
ਸੁੱਕੇ ਆਤਮੇ ਨਾਮ ਦੇ ਹਰੇ ਕੀਤੇ
ਜਿੰਦੇ ਮੁਰਦਿਆਂ ਤਾਂਈ ਕਰਾਇਆ ਸੀ।
ਕਾਲਾ ਸਿੰਘ ਗੁਰ ਦਸਮ ਦੀ ਰਸਮ ਤਾਂਈ
ਗੁਰੂ ਬਾਰਵੇਂ ਆਣ ਵਧਾਇਆ ਸੀ॥ ੬॥
ਤਥਾ॥ ਏਸ ਪੰਥ ਕਲ ਬ੍ਰਿਛ ਨੂੰ ਲਾਏ ਸਿਟਾ
ਦਾਣਾ ਪਾਏ ਦਿਤਾ ਅੰਮ੍ਰਿਤ ਨਾਮ ਸੰਤੋ।

ਪਹਿਲੇ ਗੁਰੂ ਦਿੱਤੀ ਗੱਦੀ ਗੁਰੂ ਦੂਜੇ
ਭਾਈ ਬਾਲੇ ਦੇ ਚਿਤ ਸੀ ਭਾਮ ਸੰਤੋ।
ਹੈਸੀ ਕਾਮਨਾ ਗੁਰੂ ਜੀ ਦੇਣ ਗੱਦੀ
ਮੇਰਾ ਗੁਰੂ ਦਾ ਇਕ ਹੈ ਗਾਮ ਸੰਤੋ।
ਹੋਇਆ ਹੁਕਮ ਹਜ਼ੂਰ ਤੇ ਮਿਲੇ ਗੱਦੀ
ਧਰੇਂ ਗਿਆਰਵਾਂ ਗੁਪਤ ਤੂੰ ਜਾਮ ਸੰਤੋ।
ਜੜੇ ਗੁਰੂਗੱਦੀ ਦਿਤੀ ਅਸਾਂ ਤਾਈਂ
ਦੇਵੇ ਤੁਸਾਂ ਨੂੰ ਵਿੱਚ ਇਲਹਾਮ ਸੰਤੋ।
ਜਾਤ ਪਾਤ ਦੇ ਵਿਚ ਨਾ ਸ਼ਬਦ ਰਹਿਦਾ
ਜਿਥੇ ਮੇਹਰ ਸੋ ਸ਼ਬਦ ਕਮਾਣ ਸੰਤੋ।
ਪੀੜੀ ਗੁਰੂਵਾਲੀ ਜੁਗੋਜੁੱਗ ਚੱਲੇ
ਪੁਸਤਕ ਗੁਰੂ ਦੇ ਕਹਿਣ ਤਮਾਮ ਸੰਤੋ।
ਗੁਰੂ ਗਿਆਰਵੇਂ ਜਿਥੇ ਅਵਤਾਰ ਧਰਿਆ
ਸੁਣੋ ਸ਼ਹਿਰ ਦਾ ਨਾਮ ਤੇ ਗਾਮ ਸੰਤੋ।
ਮਨਮੁਖ ਜੋ ਬੁੱਧ ਕਠੋਰ ਵਾਲੇ
ਸੱਚੇ ਸਬਦ ਨੂੰ ਕਹਿਣ ਕਲਾਮ ਸੰਤੋ।
ਭਰਮੁ ਭੇਦ ਦੇ ਛੇਦ ਮਟਉਣ ਖਾਤ੍ਰ
ਲਿਖਾਂ ਬੁੱਧ ਨੂੰ ਦੇ ਲਗਾਮ ਸੰਤੋ।
ਕਾਲਾਸਿੰਘ ਹੈ ਗਿਆਰਵੇਂ ਗੁਰੂ ਤਾਈ
ਮੇਰੀ ਲਖ ਡੰਡੌਤ ਪਰਨਾਮ ਸੰਤੋ ॥ ੭॥

ਪ੍ਰਸੰਗ ਸ੍ਰੀ ਗੁਰੂ ਬਾਬੇ ਬਾਲਕ ਸਿੰਘ ਜੀ ਦੇ ਅਵਤਾਰ ਧਾਰਨ ਦਾ

ਵਾਹਿਗੁਰੂ ਜੀ ਨੂੰ ਮੇਰੀ ਬੰਦਨਾ ਹੈ
ਜੀ ਦਾ ਕੁਝ ਨਾ ਅੰਤ ਸੁਮਾਰ ਹੈ ਜੀ।
ਸਤਿ ਨਾਮ ਅਕਾਲ ਅਜੂਨ ਹੈ ਜੋ
ਗੁਰੂ ਕਰਨ ਕ੍ਰਿਪਾ ਪੈਂਦੀ ਸਾਰ ਹੈ ਜੀ।
ਬਾਰਾਂ ਧਾਰ ਜਾਮੇ ਆਏ ਜਗਤ ਤਾਰਨ
ਨਾਮ ਜਪਣ ਲਾਏ ਨਰ ਨਾਰ ਹੈ ਜੀ।

Namdhari Elibrary NamdhariElibrary@gmail.com

ਅਟਕ ਪਾਸ ਦਰਿਆਉ ਤਟ ਗਾਮ ਛੋਈ
ਨਾਮਦੇਸ਼ ਜਾਣੋਂ ਪੈ ਹਾਰ ਹੈ ਜੀ।
ਸੰਮਤ ਅਠਾਰਾਂ ਸੌ ਵਿਚ੧੮੫੬ ਛਿਪੰਜਵੇਂ ਦੇ
ਬਾਲਕ ਸਿੰਘ ਗੁਰ ਭਏ ਅਵਤਾਰ ਹੈ ਜੀ।[1]
ਈਸ ਅੰਸ ਤਾਰੀ ਬੰਸ ਰੋੜਿਆਂ ਦੀ
ਵਾਹਿਗੁਰੂ ਸਰੂਪ ਅਪਾਰ ਹੈ ਜੀ।
ਸੌ ਸਾਲ ੧੦੦ ਪਿਛੋਂ ਪੰਥ ਸਾਜਣੇ ਤੇ
ਮਾਹਿ ਦਿਵਸ ਸੋਈ ਤਿੱਥ ਵਾਰਹੈਜੀ।
ਨਾਮ ਜਪਣੁ ਕਰਤਾਰ ਦਾ ਦਿਨੇ ਰਾਤੀ
ਵਿਸ਼ੇਰਸ ਦਿਤੇ ਦੂਰ ਡਾਰ ਹੈ ਜੀ।
ਮਾਲਕ ਰੂਪ ਪਗੰਬਰੋਂ ਅੰਬਰੋਂਕਾ
ਦਿਤੀ ਤਿਆਗ ਅਡੰਬਰੀ ਕਾਰ ਹੈ ਜੀ।
ਤਲਕ ਰੱਖਦੇ ਇੱਕ ਅਕਾਲਸੇਤੀ
ਰਹਿੰਦੇ ਵਿਚ ਵਿਰਾਗ ਕਰਤਾਰ ਹੈ ਜੀ।
ਦੀਵੇ ਸ਼ਬਦ ਦਾ ਰਹੇ ਪਰਕਾਸ਼ ਅੰਦਰ
ਆਪ ਰਹਿਣ ਅਦਾਗ ਅਪਾਰ ਹੈ ਜੀ।
ਵਡੇ ਤਿਆਗ ਵਰਾਗ ਦੇ ਵਿੱਚ ਰਹਿੰਦੇ
ਨਾਮ ਜਪਣ ਬੇਅੰਤ ਸ਼ੁਮਾਰ ਹੈ ਜੀ।
ਕੀਰਤ ਕਥਾ ਸਤਿਸੰਗ ਬੇਅੰਤ ਕਰਦੇ
ਭਜਨਬਾਣੀ ਦੇਨਾਲ ਪਿਆਰ ਹੈ ਜੀ।
ਸੰਮਤ ਗਏ ਪਚਾਸੀਏ ਗਾਮ ਹਜਰੋਂ ੧੮੮੫
ਭਾਈ ਗੁਰਾਂਦੇ ਕਰਨ ਵਪਾਰ ਹੈ ਜੀ।[2]
ਉਹਾਂ ਜਾਇ ਦੁਕਾਨ ਸੀ ਖੋਹਲ ਦਿਤੀ
ਕਰਦੇ ਵਣਜ ਵਪਾਰ ਅਪਾਰ ਹੈ ਜੀ।
ਬਾਲਕ ਸਿੰਘ ਗੁਰ ਜੀ ਬਸੇ ਜਾਇਕੇ
ਤੇ ਕਰਨ ਧਰਮ ਦੀ ਕਿਰਤ ਤੇ ਕਾਰ ਹੈ ਜੀ।
੨੯ ਸਾਲਦੀ ਉਮਰ ਸੀ ਸਤਿਗੁਰੂ ਦੀ
ਹਜਰੋਂ ਵਸੇ ਸਾਰਾ ਪਰਵਾਰ ਹੈ ਜੀ।

Namdhari Elibrary NamdhariElibrary@gmail.com

ਵਧ ਗਿਆ ਪਰਤਾਪ ਸੀ ਸਤਿਗੁਰੂ ਦਾ
ਪਾਪ ਹਜਰੋਂ ਦੇ ਦਿਤੇ ਨੇ ਟਾਰ ਹੈ ਜੀ।
ਲੋਕ ਵਡੇ ਭਾਗਾਂ ਵਾਲੇ ਸਿੱਖ ਹੋਏ
ਸੰਤਸੰਗ ਕਰਦੇ ਨਿਰਾਧਾਰ ਹੈ ਜੀ।
ਸੇਵਾ ਕਰਨ ਜੋ ਮਨੋ ਤੇ ਤਨੋਂ ਲਾਕੇ
ਲੈਂਦੇ ਆਪਣਾ ਆਪ ਸੁਮਾਰ ਹੈ ਜੀ।
ਕੀਰਤ ਕਥਾ ਸਤਿਸੰਗ ਉਪਦੇਸ ਕਰਦੇ
ਨਾਮ ਜਪਣ ਲਾਏ ਨਰ ਨਾਰ ਹੈ ਜੀ।
ਭਵ ਸਾਗਰੋਂ ਪਾਰ ਉਤਾਰਨੇ ਨੂੰ
ਬਾਲਕ ਸਿੰਘ ਆਏ ਰੂਪ ਧਾਰ ਹੈ ਜੀ।
ਕਈ ਵਾਰ ਅਕਾਸ਼ ਤੇ ਭਈ ਬਾਣੀ
ਨਾਮ ਦੱਸਕੇ ਜੀਵਾਂ ਨੂੰ ਤਾਰ ਹੈ ਜੀ।
ਏਹੋ ਹੁਕਮ ਅਕਾਲ ਦੇ ਵੱਲੋਂ ਆਵੇ
ਨਾਮ ਦਸਕੇ ਜੀਵ ਉਭਾਰ ਹੈ ਜੀ।
ਭਜਨ ਰੋਜ ਕਰਦੇ ਗੁਰੂ ਬਾਹਰ ਜਾਕੇ
ਲਾਕੇ ਖੂਬ ਸਮਾਧ ਦੀ ਤਾਰ ਹੈ ਜੀ।
ਐਸੇ ਗੁਰੂ ਦਸਵੇਂ ਦਰਸ਼ਨ ਆਣ ਦਿੱਤਾ
ਕਹਿ ਹੋ ਸ੍ਰੀ ਮੁਖਵਾਕ ਉਚਾਰ ਹੈ ਜੀ।
ਬਾਲਕ ਸਿੰਘ ਗੁਰ ਨੂੰ ਦਸਵਾਂ ਗੁਰੂ ਆਖੇ
ਮੇਰਾ ਹੁਕਮ ਤੈਨੂੰ ਵਾਰ ਵਾਰ ਹੈ ਜੀ।
ਈਸ ਅੰਸ਼ ਤੋ ਰੂਪ ਅਵਤਾਰ ਮੇਰਾ
ਰਾਮ ਸਿੰਘ ਆਵੇ ਜਾਮਾ ਧਾਰ ਹੈ ਜੀ।
ਏਥੇ ਕਰੂਗਾ ਆਣਕੇ ਦਰਸ ਤੇਰਾ
ਮੇਰਾ ਬੁੱਝ ਲੈਣਾ ਅਵਤਾਰ ਹੈ ਜੀ।
ਦਸਵੇਂ ਗੁਰੂਜੀ ਆਪ ਅਲੋਪ ਹੋਏ
ਕੀਤੀ ਗੱਦੀ ਦੀ ਕਾਮਨਾ ਪਾਰ ਹੈ ਜੀ।
ਦਸਵੇਂ ਗੁਰੂ ਦੇ ਵਾਕ ਨੂੰ ਧਾਰ ਹਿਰਦੇ
ਕੀਤੀ ਚਿਤ ਦੇ ਵਿਚ ਵਿਚਾਰ ਹੈ ਜੀ।

ਹੋਵੇ ਦਰਸ ਮੈਨੂੰ ਰਾਮ ਸਿੰਘ ਗੁਰ ਦਾ
ਚਿੱਤ ਵਿੱਚ ਰੱਖਣ ਨਿਰਾਧਾਰ ਹੈ ਜੀ।
ਕਾਲਾ ਸਿੰਘ ਪ੍ਰਸੰਗ ਏਹ ਭਯਾ ਪੂਰਾ
ਗੁਰੂ ਬਾਰਵੇਂ ਦੀ ਤੁਰੂ ਕਾਰ ਹੈ ਜੀ॥ ੯॥

ਪ੍ਰਸੰਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਕੇ ਸੰਤ ਖਾਲਸੇ ਦੇ ਪੰਥ ਦਾ ਪਰਗਟ ਕਰਨਾ

ਦਸਾਂ ਗੁਰਾਂ ਦਾ ਪੰਥ ਵਰਾਨ ਹੋਇਆ
ਏਸੇ ਪੰਥ ਨੂੰ ਫੇਰ ਸੁਮਾਰਿਆ ਹੈ।
ਸੂਹਣ ਵਾਂਗ ਖਿੰਡਕੇ ਤੀਲੋ ਤੀਲ ਹੋਇਆ
ਬੰਨ੍ਹ ਸਾਮਣੇ ਖੂਬ ਦਖਾਰਿਆ ਹੈ।
੧੮੭੨ ਸੰਮਤ ਅਠਾਰਾਂ ਸੌ ਵਿੱਚ ਬਹੜ੍ਹੇ ਦੇ
ਰਾਮ ਸਿੰਘ ਸਤਿਗੁਰ ਰੂਪ ਧਾਰਿਆ ਹੈ।
ਮਾਘ ਸੁਦੀ ਸੀ ਖਸਟਮੀ ਤਿਥ ਲੱਗੀ
ਗੁਰਵਾਰ ਭੈਣੀ ਜਗਤ ਤਾਰਿਆ ਹੈ।
ਜੱਸਾ ਸਿੰਘ ਪਿਤਾ ਸਦਾ ਕੌਰ ਮਾਈ
ਘਰ ਤਿਨਾ ਦੇ ਜਨਮ ਸਧਾਰਿਆ ਹੈ।
ਬਾਵੀ ਬੰਸ ਨੂੰ ਤਾਰਕੇ ਪਾਰ ਕੀਤਾ
ਕਲੂਕਾਲ ਕੁਚਾਲ ਨੂੰ ਟਾਰਿਆ ਹੈ।
ਜਦੋਂ ਖੇਡਦੇ ਸੇ ਨਾਲ ਬਾਲਕਾਂ ਦੇ
ਵਾਹਿਗੁਰੂ ਹਿਰਦੇ ਜਾਪ ਧਾਰਿਆ ਹੈ।
ਜਪਦੇ ਆਪ ਜਪਾਂਵਦੇ ਬਾਲਕਾਂ ਨੂੰ
ਜੇੜ੍ਹਾ ਮਿਲੇ ਸੋ ਪਾਰ ਉਤਾਰਿਆ ਹੈ।
ਕਰਨ ਕ੍ਰਿਤ ਅਕਾਲ ਦਾ ਜਾਪ ਗੁਰ ਜੀ
ਪਾਪੀ ਜੀਵਾਂ ਨੂੰ ਗੁਰੂ ਨੇ ਤਾਰਿਆ ਹੈ।
ਸ਼ਾਦੀ ਕਰੀ ਮਾਈ ਜੱਸਾਂ ਨਾਲ ਗੁਰ ਜੀ
ਪਿੰਡ ਨਾਮ ਧਰੌੜ ਚੁਕਾਰਿਆ ਹੈ।
ਮਾਈ ਜਸਾਂ ਦੇ ਬੀਬੀਆਂ ਦੋਇ ਪ੍ਰਗਟ
ਨੰਦਾਂ ਦਿਆ ਕੌਰ ਨਾਮ ਉਚਾਰਿਆ ਹੈ।

Namdhari Elibrary NamdhariElibrary@gmail.com

ਕਰਨ ਧਰਮ ਦੀ ਕ੍ਰਿਤ ਵਿਹਾਰ ਸਾਰਾ
ਦੋਹਾਂ ਭਾਈਆਂ ਨੇ ਨਿਯਮ ਇਹ ਧਾਰਿਆ ਹੈ।
ਛਕਦੇ ਵੰਡਕੇ ਬਾਣੀ ਤੇ ਨਾਮ ਜਪਦੇ
ਸੱਚਧਾਰ ਕੇ ਝੂਠ ਬਡਾਰਿਆ ਹੈ।
ਸੰਮਤ ਅਠਾਰਾਂ ਸੌ ਵਿਚ ਤਿਰਾਨਵਦੇ
੧੮੯੩ ਕੀਤੀ ਨੌਕਰੀ ਕਾਜ ਸੁਵਾਰਿਆ ਹੈ।
ਉਮਰ ਗੁਰੂ ਜੀ ਦੀ ਇਕੀ ਸਾਲ ਦੀ ਸੀ
੨੧ ਜਾਣਾਂ ਵਿਚ ਲਹੌਰ ਦੇ ਧਾਰਿਆ ਹੈ।[3]
ਕਾਲਾ ਸਿੰਘ ਸੁਣਨਾ ਪ੍ਰਸੰਗ ਸਾਰਾ
ਜਿਵੇਂ ਵਿਚ ਲਾਹੌਰ ਗੁਜਾਰਿਆ ਹੈ ॥ ੯ ॥

ਪ੍ਰਸੰਗ ਲਾਹੌਰ ਜਾਕੇ ਸ੍ਰੀ ਸਤਿਗੁਰ ਰਾਮ ਸਿੰਘ ਜੀ ਨੇ ਨੌਕਰੀ ਕਰਨੀ
ਰਾਜੇ ਰਣਜੀਤ ਸਿੰਘ ਦੀ

ਹੈਸੀ ਰਾਜ ਰਣਜੀਤ ਸਿੰਘ ਪਾਤਸ਼ਾਹ ਦਾ
ਜਿਵੇਂ ਹੋਈ ਲਾਹੌਰ ਸੀ ਕਾਰ ਸੰਤੋ।
ਸੁਰਗ ਵਾਸ ਰਣਜੀਤ ਸਿੰਘ ਹੋ ਗਿਆ ਸੀ
ਪਿਛੋ ਕਰਦੇ ਸੇ ਰਾਜ ਸਰਦਾਰ ਸੰਤੋ।
ਨੌ ਨਿਹਾਲ ਸਿੰਘ ਦੀ ਫੌਜ ਵਿਚ ਜਾਕੇ
ਲਈ ਨੌਕਰੀ ਗੁਰਾਂ ਨਿਹਾਰ ਸੰਤੋ।
ਕਾਵਲ ਸਿੰਘ ਸਰਬੰਧੀ ਸੀ ਸਤਿਗੁਰਾਂ ਦਾ
ਸਾਰੀ ਬਣੀ ਬਸੀਲੇ ਦੀ ਕਾਰ ਸੰਤੋ।
ਗੁਰੂ ਸਾਹਿਬ ਤਾਂ ਹੀ ਨੌਕਰ ਜਾਏ ਹੋਏ
ਲਈ ਜਾਣ ਸੁਕਿਰਤ ਵਿਚਾਰ ਸੰਤੋ।
ਕਾਨ ਸਿੰਘ ਸੂਬਾ ਪਿੰਡ ਚੱਕ ਵਾਲਾ
ਫੌਜ ਵਿਚ ਮੇਜਰ ਸੂਬੇਦਾਰ ਸੰਤੋ।
ਉਪਰ ਤਵੀ ਸਤਿਗੁਰ ਲੰਗਰ ਸਾਜਦੇ ਨੇ
ਕਾਨ ਸਿੰਘ ਆਇਆ ਇਕਵਾਰ ਸੰਤੋ।
ਕਹੇ ਚੱਕ ਲੰਗਰ ਛੇਤੀ ਅਸੀ ਕਰਨਾ
ਹੋ ਕੇ ਗਰਮ ਆਖੇ ਗੁੱਸੇਦਾਰ ਸੰਤੋ।

ਸਾਰੀ ਤਬੀ ਸੁਵਰਨ ਦੀ ਨਜ਼ਰ ਆਈ
ਕਾਨ੍ਹ ਸਿੰਘ ਹੈਰਾਨ ਲਚਾਰ ਸੰਤੋ।
ਹੋਇਆ ਸਿੱਖ ਗੁਰ ਦਾ ਸੇਵਾ ਰੋਜ ਕਰਦਾ
ਲੋਕ ਸਿੱਖ ਹੋਏ ਸੇਵਾਦਾਰ ਸੰਤੋ।
ਕਾਨ ਸਿੰਘ ਸਤਿਗੁਰ ਗਏ ਸੈਲ ਕਰਨੇ
ਸੋਲਾਂ ਮੀਲ ਪਹੁੰਚੇ ਵਿਚਕਾਰ ਸੰਤੋ।
ਗਿਣਤੀ ਫੌਜ ਦੀ ਗਹਿਰਾਈ ਰਾਤ ਵੱਡੀ
ਕਾਨ ਸਿੰਘ ਨੂੰ ਸੋਚ ਅਪਾਰ ਸੰਤੋ।
ਫੜਕੇ ਹੱਥ ਸਤਿਗੁਰ ਆਖੇ ਮੀਟ ਅੱਖਾਂ
ਆਏ ਫੌਜ ਦੇ ਵਿਚ ਦਰਬਾਰ ਸੰਤੋ।
ਅੱਧੀ ਫੌਜ ਗਿਣਤੀ ਵਿਚ ਦਰਜ ਹੋਈ
ਅਧੀ ਕਰੀ ਗਿਣਤੀ ਸੂਬੇਦਾਰ ਸੰਤੋ।
ਹੋਇਆ ਬੜਾ ਪ੍ਰੇਮ ਸੀ ਕਾਨਸਿੰਘ
ਰੱਖੇ ਸਤਿਗੁਰੂ ਨਾਲ ਪਿਆਰ ਸੰਤੋ।
ਕਾਨਸਿੰਘ ਸਤਿਗੁਰ ਗਏ ਸੈਲ ਕਰਨੇ
ਖੂਹ ਜੱਟ ਵਾਹੁਣ ਵਿੱਚ ਚਾਰ ਸੰਤੋ।
ਸਤਿਗੁਰ ਪਕੜ ਸੋਟਾ ਬੈਲ ਦੂਰ ਕੀਤੇ
ਗੁੱਸੇ ਬਹੁਤ ਹੋਏ ਜ਼ੀਮੀਦਾਰ ਸੰਤੋ।
ਆਖਣ ਪਕੜ ਲਈਏ ਏਸ ਸਿੱਖ ਤਾਂਈ
ਝੱਟ ਪੱਟ ਦਈਏ ਹੁਣੇ ਮਾਰ ਸੰਤੋ।
ਖੂਹਾ ਢੇ ਗਿਆ ਸੀ ਇਕ ਪਲਕ ਅੰਦਰ
ਡਿਗੇ ਆਣ ਚਰਨੀ ਕਾਸ਼ਤਕਾਰ ਸੰਤੋ।
ਅੱਗੇ ਗਏ ਡਿੱਠੇ ਤੰਬੂ ਸੱਤ ਲਗੇ
ਓਥੇਂ ਕਰੀ ਕੇੜ੍ਹੀ ਗੁਰੂ ਕਾਰ ਸੰਤੋ।
ਪਹਿਲੇ ਇਕ ਟੱਪੇ ਫੇਰ ਦੋ ਟੱਪੇ
ਸੱਤ ਟੱਪ ਗਏ ਛਾਲਾਂ ਮਾਰ ਸੰਤੋ।
ਡੇਰੇ ਆਏ ਬੈਠਾ ਪਾਸ ਕਾਹਨ ਸਿੰਘ ਜੀ
ਓਥੇ ਕਰੀ ਸਤਿਗੁਰੂ ਕੀ ਕਾਰ ਸਤੋ।

Namdhari Elibrary NamdhariElibrary@gmail.com

ਫੜਕੇ ਕਰਦ ਖੱਬਾ ਪੱਟ ਪਾੜ ਦਿਤਾ
ਕਾਨ ਸਿੰਘ ਰੋਵੇ ਧਾਹਾਂ ਮਾਰ ਸੰਤੋ।
ਗੁਸੇ ਬਹੁਤ ਹੋਇਆ ਗੁਰਾਂ ਕਹਿਰ ਕੀਤਾ
ਮੇਰੇ ਪੱਟ ਨੂੰ ਪਾੜ ਲਚਾਰ ਸੰਤੋ।
ਸਤਿ ਗੁਰ ਆਖਦੇ ਸੁਣੀ ਤੂੰ ਕਾਨ੍ਹ ਸਿੰਘਾ
ਅਗੇ ਕਰੂਕੀ ਕਾਰ ਕਰਤਾਰ ਸੰਤੋ।
ਹੋਵੇ ਮੁੱਦਕੀ ਸਿੰਘਾਂ ਦਾ ਜੰਗ ਭਾਰਾ
ਤੇਰਾ ਚੜ੍ਹੇ ਸਰੀਰ ਵਿਚਕਾਰ ਸੰਤੋ।
ਮਾਰੀਂ ਕੰਬਲੀ ਦੀ ਗਿਲਤੀ ਕਾਨ ਸਿੰਘਾ
ਗੋਲੀ ਕਰੂਗੀ ਨਾ ਤੈਨੂੰ ਮਾਰ ਸੰਤੋ।
ਅਸੀਂ ਪੰਥ ਕਰਨਾ ਸੰਤ ਖਾਲਸੇ ਦਾ
ਤੈਨੂੰ ਕਰੂੰ ਸੂਬਾ ਜਥੇਦਾਰ ਸੰਤੋ।
ਪੱਟ ਪਾੜ ਤੇਰੀ ਮੌਤ ਦੂਰ ਕੀਤੀ
ਤੈਨੂੰ ਰੱਖਿਆ ਹੈ ਕਰਨਹਾਰ ਸੰਤੋ।
ਬਾਬਾ ਕਾਨਸਿੰਘ ਜੀ ਸੁਣਕੇ ਖੁਸ਼ੀ ਹੋਏ
ਅਗੇ ਹੋਰ ਜੋ ਖੋਲ੍ਹ ਬਿਹਾਰ ਸੰਤੋ।
ਕਾਨ ਸਿੰਘ ਸਤਿਗੁਰ ਗਏ ਸੈਲ ਕਰਨੇ
ਊੱਚਾ ਮਕਬਰਾ ਸੀ ਸਿਧਾ ਸਾਰ ਸੰਤੋ।
ਊਪਰ ਆਪ ਚੜ੍ਹਕੇ ਜੱਫੀ ਗੁਰਾਂ ਪਾਈ
ਦਿਤਾ ਜੜੋਂ ਹਲਾਏ ਉਭਾਰ ਸੰਤੋ।
ਜੜ ਦਿਸੇ ਊਪਰ ਤੁਰਕਾਂ ਸਾਰਿਆਂ ਦੀ
ਦਵਾਂ ਪਟ ਆਖਣ ਇਕੋ ਵਾਰ ਸੰਤੋ।
ਜਪਣ ਨਾਮ ਬਾਣੀ ਪੜ੍ਹਨ ਗੁਰੂ ਜੀ ਦੀ
ਰਹਿੰਦੇ ਭਜਨ ਦੇ ਵਿਚ ਖੁਮਾਰ ਸੰਤੋ।
ਦੁਸ਼ਮਣ ਆਉਣ ਵਾਲਾ ਉਪਰ ਖਾਲਸੇ ਦੇ
ਸਿੰਘ ਕਰਨ ਪ੍ਰਸਾਦਿ ਤਿਆਰ ਸੰਤੋ।
ਆਖਣ ਗੁਰਾਂ ਨੂੰ ਆਪ ਅਰਦਾਸ ਕਰਿਓ
ਜਿਤ ਖਾਲਸੇ ਦੀ ਵੈਰੀ ਟਾਰ ਸੰਤੋ।

ਸਤਿਗੁਰ ਆਖਦੇ ਜਿਤ ਹੈ ਦੁਸ਼ਮਣਾਂ ਦੀ
ਪੰਥ ਖਾਲਸੇ ਦੀ ਹੋਂਣੀ ਹਾਰ ਸੰਤੋ।
ਦੇਕੇ ਹੁਕਮ ਮੰਗਾਂਵਦੇ ਲਕੜਾਂ ਨੂੰ
ਦਿੱਤੀ ਚਿਖਾ ਬਣਾਏ ਅਪਾਰ ਸੰਤੋ।
ਸਫਾਂ ਅੱਠ ਮੰਗਾਏ ਗ੍ਰੰਥ ਗੁਰ ਜੀ
ਉਪਰ ਚਾਰ ਹੇਠਾਂ ਸਫਾਂ ਚਾਰ ਸੰਤੋ।
ਪਾਏ ਲਕੜਾਂ ਅੱਗ ਲਗਾਇ ਦਿੱਤੀ
ਭਾਂਬੜ ਭੜਕ ਉਠੇ ਅੰਗਿਆਰ ਸੰਤੋ।
ਆਖਣ ਗੁਰੂ ਗਰਥ ਲਿਆਓ ਭਾਈ
ਕਰਕੇ ਅੱਗ ਨੂੰ ਦੂਰ ਖਲਾਰ ਸੰਤੋ।
ਸਵਾਂ ਤਿੰਨ ਉਪਰ ਹੇਠੋਂ ਦਗਧ ਹੋਈਆਂ
ਰਹੀਆਂ ਦੋਏ ਬੇਦਾਗ ਵਿਚਕਾਰ ਸੰਤੋ।
ਕਾਨਸਿੰਘ ਜੀ ਗੁਰੂ ਗਰੰਥ ਆਂਦਾ
ਸਤਿਗੁਰ ਉਠ ਕੀਤੀ ਨਮਸਕਾਰ ਸੰਤੋ।
ਸਾਰੇ ਸਿੰਘਾਂ ਨੂੰ ਗੁਰਾਂ ਉਪਦੇਸ਼ ਦਿੱਤਾ
ਏਹੋਹੁਕਮ ਸੱਚਾ ਪਰਵਦਗਾਰ ਸੰਤੋ।
ਹੈ ਅਜੂਨ ਅਵਨਾਸ ਨਾਂ ਨਾਸ ਹੋਵੇ
ਤੁਸੀ ਦੇਖ ਲੀਤਾ ਕਰਨਹਾਰ ਸੰਤੋ।
ਜੇਹੜਾ ਹੁਕਮ ਮੰਨੇ ਨਾਨਕ ਸਤਿਗੁਰੂ ਦਾ
ਜਪੇ ਨਾਮ ਹੋਵੇ ਭਵਜਲ ਪਾਰ ਸੰਤੋ।
ਵਿਚ ਫੌਜਦੇ ਖਵਰ ਤਮਾਮ ਹੋਈ
ਪਾਤਿਸ਼ਾਹਿ ਤਾਈਂ ਮਿਲੀ ਸਾਰ ਸੰਤੋ।
ਕਾਲਾ ਸਿੰਘ ਤੇ ਨੌਂ ਨਿਹਾਲ ਸਿੰਘ ਨੇ
ਕਰੀ ਸਤਿਗੁਰਾਂ ਨਾਲ ਕੀ ਕਾਰ ਸੰਤੋ ॥੧੦॥

ਪ੍ਰਸੰਗ ਸਤਿਗੁਰੂ ਦੇ ਸਬੰਧੀ ਨੇ ਸਤਿਗੁਰੂ ਜੀ ਨਾਲ ਸਖਤੀ ਕਰਨੀ

ਨੌ ਨਿਹਾਲ ਸਿੰਘ ਦੀ ਫੌਜ ਵਿਚ ਆਹਾ
ਗੋਲਮਦਾਜ਼ ਤੂੰ ਲਈਂ ਪਛਾਨ ਪਿਆਰੇ।

Namdhari Elibrary NamdhariElibrary@gmail.com

ਰਾਏ ਪੁਰ ਪਿੰਡ ਹੈਸੀ ਭੈਣ ਸਤਿਗੁਰਾਂ ਦੀ
ਲੁਦਿਹਾਣੇ ਦਾ ਜ਼ਿਲਾ ਤੂੰ ਮਾਨ ਪਿਆਰੇ।
ਕਾਬਲ ਸਿੰਘ ਨਾਮੇਂ ਪਤੀ ਓਸਦੇ ਸੇ
ਬੀਬੀ ਸਾਹਿਬ ਕੌਰ ਨਾਮ ਬਖਾਨ ਪਿਆਰੇ।
ਓਹਦੇ ਵਿਚ ਵਸੀਲੇ ਦੇ ਆਣਕੇ ਤੇ
ਲਈ ਨੌਕਰੀ ਗੁਰਾਂ ਨੇ ਠਾਨ ਪਿਆਰੇ।
ਜਦੋਂ ਨਾਮ ਦਾ ਆਣਕੇ ਰੰਗ ਚੜ੍ਹਿਆ
ਹੋਏ ਸਤਿਗੁਰੂ ਸੇ ਮਸਤਾਨ ਪਿਆਰੇ।
ਕੀਤੇ ਗੁਰਾਂ ਚਲਿੱਤ੍ਰ ਸੇ ਬਹੁਤ ਸਾਰੇ
ਲਿਖੇ ਕਲਮ ਨਾਂ ਕਹੇ ਜਬਾਨ ਪਿਆਰੇ।
ਗੁਰੂ ਤਾਈ ਮਸਤਾਨਾ ਸੀ ਲੋਕ ਕਹਿੰਦੇ
ਜਿੰਨੇ ਫੌਜ ਦੇ ਵਿਚ ਜੁਆਨ ਪਿਆਰੇ।
ਹੋਈ ਖਬਰ ਸਰਕਾਰ ਦਰਬਾਰ ਸਾਰੇ
ਦਿੰਦੇ ਗੁਰੂ ਜੀ ਨੂੰ ਭੈ ਆਨ ਪਿਆਰੇ।
ਕਾਬਲ ਸਿੰਘ ਸੰਬੰਧੀ ਸੇ ਸਤਿਗੁਰਾਂ ਦੇ
ਸੰਗਲ ਮਾਰ ਪਕੜੇ ਨਾਲ ਤਾਨ ਪਿਆਰੇ।
ਨਾਲ ਤੋਪਦੇ ਬੰਨ੍ਹਕੇ ਕਹਿਣ ਲੱਗਾ
ਤੇਰੀ ਮਾਰਕੇ ਕਢਾਂਗੇ ਜਾਨ ਪਿਆਰੇ।
ਸਮਝ ਜਾਹ ਨਾਂ ਦਿੱਲਤਾਂ ਕਰੀਂ ਐਵੇਂ
ਗੋਲਾ ਤੋਪ ਦਾ ਦਊਂਗਾ ਛਾਨ ਪਿਆਰੇ।
ਕਾਲਾ ਸਿੰਘ ਡਰਾਂਵਦੇ ਸਤਿਗੁਰਾਂ ਨੂੰ
ਅੱਗੋਂ ਬੋਲਦੇ ਕੀ ਮੇਹਰਵਾਨ ਪਿਆਰੇ॥੧੧॥

ਸਤਿਗੁਰਾਂ ਨੇ ਸਰਾਫ ਦੇਣਾ ਆਪਣੇ ਸੰਬੰਧੀ ਨੂੰ

ਸਤਿਗੁਰ ਆਖਦੇ ਮਾਰੂ ਏਹ ਤੋਪ ਤੈਨੂੰ
ਤੇਰੀ ਮੌਤ ਤੂੰ ਸਮਝ ਨਿਦਾਨ ਆਹਾ।
ਹੋਵੇ ਮੁਦਕੀ ਸਿੰਘਾਂ ਦਾ ਜੰਗ ਭਾਰਾ
ਏਸੇ ਤੋਪ ਲੈਣੀ ਤੇਰੀ ਜਾਨ ਆਹਾ।
ਪਹਿਲੇ ਉਡੇ ਤੂੰ ਤੋਪ ਦੇ ਆਪ ਮੂਹਰੇ
ਜੋਤ ਦੁਸ਼ਮਣਾਂ ਦੀ ਥੋੜੀ ਹਾਨ ਆਹਾ।

Namdhari Elibrary NamdhariElibrary@gmail.com

ਕਾਲਾ ਸਿੰਘ ਏਹੋ ਤੁਸਾਂ ਨਾਲ ਬਰਤੇ
ਕਹੇ ਆਪ ਸਤਿਗੁਰ ਮੇਹਰਵਾਨ ਆਹਾ ॥ ੧੨ ॥

ਵਾਕ ਕਵੀ

ਸੰਮਤ ਅਠਾਰਾਂ ਸੌ ਵਿਚ ਸਤਾਨਵੇਂ ਦੇ
ਪੂਰੇ ਸਤਿਗੁਰੂ ਆਪ ਫੁਰਮਾਨ ਸੰਤੋ।
ਪੰਜ ਬਰਸ ਅੱਗੋਂ ਜੇੜੇ ਵਾਕ ਆਖੇ
ਹੋਇ ਮੁਦਕੀ ਵਿਚ ਪ੍ਰਮਾਨ ਸੰਤੋ।
ਸੰਮਤ ਉੱਨੀ ਸੌ ਦੋਇ ਦੇ ਵਿਚ ਪਿਆਰੇ
ਹੋਏ ਮੁਦਕੀ ਜੰਗ ਤੂਫਾਨ ਸੰਤੋ।[4]
ਕਾਬਲ ਸਿੰਘ ਓਸੇ ਤੋਪ ਨਾਲ ਉਡਿਆ
ਮਰਿਆ ਵਿਚ ਓਹ ਜੰਗ ਮਦਾਨ ਸੰਤੋ।
ਵਾਕ ਸਤਿਗੁਰਾਂ ਦੇ ਪੂਰੇ ਸਹੀ ਹੋਏ
ਪਿਆ ਜਰਾ ਭੀ ਫਰਕ ਨਾਂ ਆਨ ਸੰਤੋ।
ਦਿੱਤੀ ਲੋਕਾਂ ਨੇ ਖਬਰ ਸਰਕਾਰ ਤਾਂਈ
ਇਕ ਸਿੰਘ ਹੈ ਮਸਤ ਦੀਵਾਨ ਸੰਤੋ।
ਜੇੜੇ ਕਰੇ ਚਲਿੱਤ੍ਰ ਨੇ ਸਤਿਗੁਰੂ ਨੇ
ਲੋਕ ਦੱਸਦੇ ਨਾਲ ਜਬਾਨ ਸੰਤੋ।
ਕਾਲਾ ਸਿੰਘ ਬੁਲਾਇਕੇ ਸਤਿਗੁਰੂ ਨੂੰ
ਰਾਜਾ ਕਰਦਾ ਹੈ ਖੜਾ ਤੂਫਾਨ ਸੰਤੋ ॥ ੧੩ ॥

ਗੁਰੂ ਜੀ ਨੂੰ ਰਾਜੇ ਨੌਨਿਹਾਲ ਸਿੰਘ ਨੇ ਅੰਦਰ ਕੋਠੜੀ ਦੇ ਦੇਣਾ

ਲੋਕਾਂ ਖਵਰ ਸਰਕਾਰ ਨੂੰ ਜਾਏ ਦਿਤੀ
ਸਾਰਾ ਫੌਜ ਦਾ ਹਾਲ ਸੁਣਾਇਆ ਸੀ।
ਲਿਆ ਸਦ ਸੀ ਸਤਿਗੁਰਾਂ ਪੂਰਿਆਂ ਨੂੰ
ਵਿਚ ਕੋਠੜੀ ਤੁਰਤ ਅੜਾਇਆ ਸੀ।
ਸੰਗਲ ਮਾਰ ਪੈਹਰੇ ਉਪਰ ਜਮਾਂ ਕੀਤੇ
ਰਾਵੀ ਨ੍ਹੌਣ ਨੂੰ ਸਤਿਗੁਰੂ ਧਾਇਆ ਸੀ।
ਪੈਰੂ ਖਬਰ ਦਿੰਦੇ ਸਰਕਾਰ ਤਾਈਂ
ਹੁਕਮ ਬੇੜੀ ਤੇ ਡੰਡੇ ਦਾ ਲਾਇਆ ਸੀ।

ਪੈਰੀਂ ਮਾਰ ਬੇੜੀ ਵਿੱਚ ਕੋਠੜੀ ਦੇ
ਪਹਿਰੇ ਵਾਲਿਆਂ ਤਾੜ ਤੜਾਇਆ ਸੀ।
ਸਤਿਗੁਰ ਲਾਹਿ ਬੇੜੀ ਬਾਹਿਰ ਸੈਲ ਕਰਦੇ
ਪਹਿਰੇ ਵਾਲਿਆਂ ਨੂੰ ਫਿਕਰ ਪਾਇਆ ਸੀ।
ਕੋਈ ਕਹੇ ਅੰਦਰ ਕੋਈ ਬਾਹਿਰ ਦੇਖੇ
ਵੱਡਾ ਚਰਜ ਏਹੋ ਨਜ਼ਰ ਆਇਆ ਸੀ।
ਉਨ੍ਹਾਂ ਜਾਏ ਸਰਕਾਰ ਨੂੰ ਹਾਲ ਸਾਰਾ
ਜੇਹੜਾ ਬਰਤਿਆ ਆਖ ਸੁਣਾਇਆ ਸੀ।
ਰਾਜਾ ਕਹੇ ਕੀੜੇ ਮੇਰੇ ਬਾਲ ਅੰਦਰ
ਮੈਂ ਭੀ ਮੁੱਖ ਪ੍ਰਸਾਦਿ ਨਾ ਪਾਇਆ ਸੀ।
ਦੇਵੋ ਛਡਿ ਮਸਤਾਨੜੇ ਸਿੰਘ ਤਾਂਈਂ
ਪਹਿਰੇ ਵਾਲਿਆਂ ਨੂੰ ਸਮਝਾਇਆ ਸੀ।
ਉਦਰ ਕਾਨ ਸਿੰਘ ਜੀ ਨਾਲ ਪੰਥ ਸਾਰਾ
ਦਰਸ਼ਣ ਗੁਰਾਂ ਦੇ ਨੂੰ ਕਰਨ ਆਇਆ ਸੀ।
ਨਾਲ ਸਤਿਗੁਰੂ ਜੀ ਹੋਰ ਸਿੰਘ ਸਾਰੇ
ਆਕੇ ਫੌਜ ਵਿਚ ਰੰਗ ਬਣਾਇਆ ਸੀ।
ਕਾਲਾ ਸਿੰਘ ਪ੍ਰਸੰਗ ਏਹ ਭਿਆ ਪੂਰਾ
ਅਗੇ ਸੁਣੋਂ ਜੋ ਗੁਰੂ ਨੂੰ ਭਾਇਆ ਸੀ॥ ੧੪॥

ਗੁਰੂ ਜੀ ਨੇ ਨੌਕਰੀ ਤੋਂ ਅਸਤੀਫਾ ਦੇਣਾ

ਸਤਿਗੁਰ ਆਖਦੇ ਕਟ ਦਿਓ ਨਾਮ ਮੇਰਾ
ਅਸੀ ਨੌਕਰੀ ਦੀ ਨਹੀਂ ਕਾਰ ਕਰਨੀ।
ਨੌ ਨਿਹਾਲ ਸਿੰਘ ਮੋੜ ਜੁਵਾਬ ਦਿਤਾ
ਨਾਮ ਕਟਣਾ ਨਹੀਂ ਵਿਚਾਰ ਕਰਨੀ।
ਦੂਜੀ ਵਾਰ ਸਤਿਗੁਰ ਕਹਿਣ ਕਟਨਾਮਾਂ
ਮੇਰੀ ਵਲ ਤੈਂ ਨਿਗਾ ਸਰਦਾਰ ਕਰਨੀ।
ਓਸ ਮੋੜਕੇ ਫੇਰ ਜਵਾਬ ਦਿਤਾ
ਕਟਾਂ ਨਾਮ ਨਾਂ ਫੇਰ ਪੁਕਾਰ ਕਰਨੀ।

Namdhari Elibrary NamdhariElibrary@gmail.com

ਤੀਜੀ ਵਾਰ ਕਹਿੰਦੇ ਸਤਿਗੁਰ ਦੇਖ ਦਫਤ੍ਰ
ਸਾਡਾ ਨਾਮ ਨਾਂ ਵਿਚ ਨਿਹਾਰ ਕਰਨੀ।
ਦਫਤ੍ਰ ਦੇਖਿਆ ਨੌਂ ਨਿਹਾਲ ਸਿੰਘ ਨੇ
ਵਿਚ ਨਾਮ ਨਾ ਸੋਚ ਹਜ਼ਾਰ ਕਰਨੀ।
ਚਰਨੀ ਡਿਗਾ ਸਰਦਾਰ ਹੈਰਾਨ ਹੋਕੇ
ਅਰਜ ਗੁਰਾਂ ਅਗੇ ਵਾਰ ਵਾਰ ਕਰਨੀ।
ਕਾਲਾ ਸਿੰਘ ਲਾਹੌਰ ਜੋ ਕਾਰ ਬਰਤੀ
ਕਾਨ ਸਿੰਘ ਮੈਂ ਤਾਂਈਂ ਪੁਕਾਰ ਕਰਨੀ॥ ੧੫॥

ਗੁਰੂ ਜੀ ਨੇ ਲਾਹੌਰ ਤੋਂ ਹਜਰੋ ਸਾਹਿਬ ਜੀ ਨੂੰ
ਜਾਣਾ ਸਾਥ ਪਚੀਆਂ ੨੫ ਸਿੰਘਾਂ ਦੇ

ਦਿਤਾ ਹੁਕਮ ਦੋ ਮਾਸ ਦੀ ਲਵੋ ਛੁਟੀ
ਥੋੜਾ ਜਨਮ ਹੋਵੇ ਸਫਲ ਪਾਇਆ ਸੀ।
ਓਹਨਾਂ ਲਈ ਸਰਕਾਰ ਤੋਂ ਤੁਰਤ ਛੁਟੀ
ਹੁਕਮ ਵਿਚ ਨਾ ਫਰਕ ਰਖਾਇਆ ਸੀ।
੨੫ ਪੰਚੀ ਸਿੰਘ ਹੋਏ ਸਾਥ ਸਤਿਗੁਰੂ ਦੇ
ਹਜਰੋਂ ਜਾਣਦਾ ਸਾਂਗ ਬਣਾਇਆ ਸੀ।
ਕਾਨ ਸਿੰਘ ਸੂਬੇਦਾਰ ਚੱਕਵਾਲਾ ਜਮੀਤ
ਸਿੰਘ ਗਿੱਲਾਂ ਵਾਲਾ ਧਾਇਆ ਸੀ।
ਮਤਾਬ ਸਿੰਘ ਸੀ ਉਬਕੋ ਪਿੰਡ ਵਾਲਾ
ਨੂਰ ਪਿੰਡ ਤੇ ਜੋਤ ਸਿੰਘ ਸੁਹਾਇਆ ਸੀ।
ਅਣੋਖ ਸਿੰਘ ਸੀ ਬਿੱਲੀਆਂ ਵਿਚ ਰਹਿੰਦਾ
ਦੂਲਾ ਸਿੰਘ ਰਾਜਿ ਆਣਿਓ ਧਾਇਆ ਸੀ।
ਬਘੇਲ ਸਿੰਘ ਰਾਜੇ ਜੰਗੋਂ ਸਾਥ ਲੀਤਾ
ਸਰੂਪ ਸਿੰਘ ਢੇਪਈਓਂ ਬੁਲਾਇਆ ਸੀ।
ਮਤਾਬ ਸਿੰਘ ਹਨੂਰ ਦਾ ਸਮਝ ਲੈਣਾਂ
ਗੁਜਰ ਵਾਲੀਆ ਬੁਧ ਸਿੰਘ ਆਇਆ ਸੀ।
ਕਾਨ ਸਿੰਘ ਫੀਰੋਜਪੁਰ ਸ਼ੇਹਰ ਦਾ ਸੀ
ਹਰਸਾ ਸਿੰਘ ਕੰਡਣ ਪੁਰੋਂ ਸੁਹਾਇਆ ਸੀ।

Namdhari Elibrary NamdhariElibrary@gmail.com

ਸਾਰੇ ਤੁਰੇ ਪ੍ਰੇਮ ਦੇ ਨਾਲ ਸੰਤੋ
ਇਕ ਮਾਸ ਵਿਚ ਪੰਧ ਮੁਕਾਇਆ ਸੀ।

ਓਦਰ ਗੁਰੂ ਦਸਵੇਂ ਬਾਲਕ ਸਿੰਘ ਗੁਰ ਨੂੰ
ਤੜਕੇ ਪਹਿਰ ਦੇ ਦਰਸ ਦਿਖਾਇਆ ਸੀ।

ਅੱਜ ਅੰਸ ਤੇ ਰੂਪ ਅਵਤਾਰ ਮੇਰਾ
ਤੇਰਾ ਦਰਸ ਲੈਣੇ ਦੇਣੇਂ ਧਾਇਆ ਸੀ।

ਬਾਲਕ ਸਿੰਘ ਗੁਰ ਨੂੰ ਚਿੱਤ ਤਾਂਘ ਹੋਈ
ਦੂਜੀ ਵਾਰ ਗੁਰ ਦਸਮ ਅਲਾਇਆ ਸੀ।
ਸਮਤ ਅਠਾਰਾਂ ਸੌ ਵਿਚ ਅਠਾਨਵੇਂ ਦੇ ੧੮੯੮
ਹਜਰੋਂ ਵਿਚ ਸਤਿਗੁਰ ਫੇਰਾ ਪਾਇਆ ਸੀ।[5]

ਉਮਰ ਗੁਰੂ ਜੀ ਛਬੀ ਸਾਲ ਦੀ ਸੀ ੨੬
ਬਾਲਕ ਸਿੰਘ ਗੁਰ ਦਾ ਦਰਸਨ ਪਾਇਆ ਸੀ।

ਸਿੰਘ ਸਾਥ ਲੈਕੇ ਸਾਰੇ ਸਤਿਗੁਰੂ ਜੀ
ਬਾਲਕ ਸਿੰਘ ਗੁਰ ਨੂੰ ਮਿਲਣ ਧਾਇਆ ਸੀ।

ਬਾਣੀ ਪੜਨ ਪ੍ਰੇਮ ਦੇ ਨਾਲ ਬੈਠੇ
ਗੁਰ ਗਰੰਥ ਪ੍ਰਕਾਸ਼ ਕਰਾਇਆ ਸੀ।

ਸਾਰੰਗ ਰਾਗ ਦੇ ਵਿਚ ਸੀ ਪਾਠ ਸੰਤੋ
ਮੂਹਰੇ ਸ਼ਬਦ ਗੁਰ ਕਾ ਏਹੋ ਆਇਆ ਸੀ।*

ਸਤਿਗੁਰ ਟੇਕ ਮੱਥਾ ਸੀਸ ਉਤਾਂ ਕੀਤਾ
ਬਾਬੇ ਸ਼ਬਦ ਦਾ ਭੋਗ ਵੀ ਪਾਇਆ ਸੀ।

ਬਾਬਾ ਆਖਦਾ ਆਉ ਖਾਂ ਠਾਕਰੋ ਜੀ
ਸਤਿਗੁਰ ਕਹਿਣ ਬਾਬਾ ਜੀ ਮੈਂ ਆਇਆ ਸੀ।

ਆਪਸ ਵਿਚ ਮਿਲ ਬਹੁਤ ਅਨੰਦ ਹੋਏ
ਵਾਕ ਦਸਮ ਗੁਰ ਸੁਫਲ ਕਰਾਇਆ ਸੀ।

---

* ਠਾਕੁਰ ਤੁਮ ਸਰਨਾਈ ਆਇਆ।
ਉਤਰ ਗਇਓ ਮੇਰੇ ਮਨਕਾ ਸੰਸਾ ਜਬ ਤੇ ਦਰਸਨ ਪਾਇਆ॥

Namdhari Elibrary NamdhariElibrary@gmail.com

ਕਾਲਾ ਸਿੰਘ ਰਸ ਭਿੰਨਾ ਪ੍ਰਸੰਗ ਸਾਰਾ
ਅਗੇ ਸੁਣੌਂ ਜੋ ਗੁਰੂ ਨੂੰ ਭਾਇਆ ਸੀ ॥ ੧੬ ॥

ਵਾਕ ਕਵੀ

੨੫ ਪਚੀ ਸਿੰਘ ਜੋੜੇ ਸੰਗ ਸਤਿਗੁਰਾਂ ਦੇ
ਗਏ ਬਾਬੇ ਦਾ ਕਰਨ ਦੀਦਾਰ ਸਾਰੇ।
ਪਹੁੰਚ ਗਏ ਜਿੱਥੇ ਬਾਬਾ ਪਾਠ ਕਰਦਾ
ਮਥਾ ਟੇਕ ਬੈਠੇ ਵਾਰੋ ਵਾਰ ਸਾਰੇ।
ਬਾਬਾ ਉਠਕੇ ਆਪ ਦੀਦਾਰ ਦਿੰਦਾ
ਚਰਨ ਚੁੰਮਦੇ ਨੇ ਵਾਰੋ ਵਾਰ ਸਾਰੇ।
ਬੈਠ ਗਏ ਕੀਤੀ ਅਰਜ ਸਤਿਗੁਰਾਂ ਨੇ
ਖੜੇ ਹੋਏ ਮੂਰੇ ਦਰਵਾਰ ਸਾਰੇ।
ਹੱਥ ਜੋੜ ਆਖਣ ਬਾਬਾ ਨਾਮ ਦੱਸੋ
ਕਰੋ ਭਵਜਲੋਂ ਜੀਵ ਜੋਪਾਰ ਸਾਰੇ।
ਬਾਬੇ ਫੇਰ ਦਿੱਤਾ ਭਜਨ ਸਤਿਗੁਰਾਂ ਨੂੰ
ਮੰਤ੍ਰ ਵਾਹਿਗੁਰੂ ਨਾਮ ਉਚਾਰ ਸਾਰੇ।
ਤੁੱਲ ਏਸ ਨਾ ਨਾਮ ਦੇ ਹੋਰ ਕੋਈ ਮੰਤ੍ਰ
ਰਾਜ ਸਿਰਤਾਜ ਸਰਦਾਰ ਸਾਰੇ।
ਚਾਰ ਵੇਦ ਕਤੇਬ ਦਾ ਸਾਰ ਮੰਤ੍ਰ
ਭਰਮ ਭੇਦ ਦੇ ਦੂਰ ਬਡਾਰ ਸਾਰੇ।
ਕਲੂ ਕਾਲ ਕੁਚਾਲ ਨੂੰ ਗਾਲਦਾ ਹੈ
ਦੇਵੇ ਟਾਰ ਚੁਰਾਸੀ ਦੇ ਭਾਰ ਸਾਰੇ।
ਬਾਬੇ ਫੇਰ ਦਿੱਤਾ ਭਜਨ ਸਾਰਿਆਂ ਨੂੰ
ਕਰ ਕੇ ਮੇਹਰ ਦਿੱਤੇ ਦੁੱਖ ਟਾਰ ਸਾਰੇ।
ਆਖਣ ਆਪ ਪੱਲਾ ਫੜੋ ਠਾਕਰਾਂ ਦਾ
ਦੇਣ ਤੁਸਾ ਨੂੰ ਪਾਰ ਉਤਾਰ ਸਾਰੇ।
ਕੀਰਤ ਕਥਾ ਸਤਸੰਗ ਬੇਅੰਤ ਹੋਇਆ
ਜਪਣ ਨਾਮ ਕਰਤਾਰ-ਕਰਤਾਰ ਸਾਰੇ।

Namdhari Elibrary NamdhariElibrary@gmail.com

ਫੇਰ ਤੁਰਨ ਖੁਸ਼ੀਆਂ ਲੈਕੇ ਗੁਰੂ ਜੀ ਤੇ
ਘਰੀ ਆਂਣ ਕਰਦੇ ਕੰਮਕਾਰ ਸਾਰੇ।
ਉਮਰ ਗੁਰੂ ਬਾਬੇ ਬਾਲਕ ਸਿੰਘ ਜੀ ਦੀ
ਸਾਲ ਕਹਿਣ ਬਤਾਲੀ ੪੨ ਉਚਾਰ ਸਾਰੇ।
ਸਮਤ ਅਠਾਰਾਂ ਸੌ ਵਿੱਚ ਅਠਾਨਵੇਂ ਦ ੧੮੯੮
ਕੀਤੇ ਗੁਰਾਂ ਨੇ ਆਪ ਉਪਕਾਰ ਸਾਰੇ।
ਕਾਲਾ ਸਿੰਘ ਪ੍ਰਸੰਗ ਏ ਭਿਆ ਪੂਰਾ
ਸੁਣਕੇ ਸੰਤ ਜਨ ਕਰਨ ਵਿਚਾਰ ਸਾਰੇ॥੧੭॥

## ਗੁਰੂ ਜੀ ਨੇ ਭੈਣੀ ਸਾਹਿਬ ਆਕੇ ਧਰਮ ਦੀ ਕਿਰਤ ਕਰਨੀ ਨਾਮ ਜਪਣਾ

ਆਕੇ ਸਤਿਗੁਰਾਂ ਨੇ ਭੈਣੀ ਸਾਹਿਬ ਅੰਦਰ
ਕੀਤਾ ਨਾਮ ਦੇ ਨਾਲ ਪਿਆਰ ਸੰਤੋ।
ਜਾਕੇ ਬਾਹਰ ਪ੍ਰਜੰਤ ਇਕੰਤ ਬਹਿੰਦੇ
ਲਾਕੇ ਖੂਬ ਸਮਾਧ ਦੀ ਤਾਰ ਸੰਤੋ।
ਏਹੋ ਨਿਜਮ ਹੈਸੀ ਪੂਰੇ ਸਤਿਗੁਰਾਂ ਦਾ
ਸੁਬਾ ਸ਼ਾਮ ਦਾ ਰੋਜ ਬਿਹਾਰ ਸੰਤੋ।
ਕਾਰਵਾਰ ਦਿੱਤੇ ਡਾਰ ਜਗਤ ਵਾਲੇ
ਸੁਭਾਖਾਰ ਦਾ ਕਰਨ ਬਿਹਾਰ ਸੰਤੋ।
ਕਰਨ ਕ੍ਰਿਤ ਅਕੰਤ ਮੈਂ ਬ੍ਰਿਤ ਰਖਦੇ
ਸੋਈ ਛਕਣ ਜੋ ਵਿੱਚ ਪਰਵਾਰ ਸੰਤੋ।
ਏਸੇ ਤੌਰ ਅੰਦਰ ਸੋਲਾਂ ਸਾਲ ਗੁਜਰੇ
ਕਰਨ ਬੰਦਗੀ ਜੋ ਨਿਰਾਧਾਰ ਸੰਤੋ।
ਸੰਮਤ ਉਨੀ ਸੌ ਚੌਦਵੇਂ ਸਾਲ ਅੰਦਰ ੧੯੧੪
ਭੂਰੇ ਨੇਤ ਕਰੀ ਕਰਨਹਾਰ ਸੰਤੋ।
ਉਮਰ ਸਤਿਗੁਰੂ ਜੋ ਰਾਮ ਸਿੰਘ ਜੀ ਦੀ
ਸਾਲ ਕਹਿਣ ਬਤਾਲੀ ੪੨ ਉਚਾਰ ਸੰਤੋ।
ਹੋਈ ਬਾਣੀ ਅਕਾਸ ਤੇ ਖਾਸ ਗੁਰ ਨੂੰ
ਦੇਕੇ ਜੀਵਾਂ ਨੂੰ ਨਾਮ ਤੂੰ ਤਾਰ ਸੰਤੋ।

ਦਸਮ ਗੁਰੂ ਦੇ ਪੰਥ ਦੀ ਰਸਮ ਤਾਂਈ
ਦੇਵੋ ਤੁਸੀਂ ਬਧਾਏ ਪਸਾਰ ਸੰਤੋ।
ਬਾਧਾ ਕਰੋ ਜੇ ਖਸਮ ਦੇ ਖਾਲਸੇ ਦਾ
ਏਹੋ ਹੁਕਮ ਹੋਵੇ ਵਾਰੋ ਵਾਰ ਸੰਤੋ।
ਪਾਕੇ ਹੁਕਮ ਅਕਾਲ ਦਾ ਸਤਿ ਗੁਰੂ ਜੀ
ਲੱਗੇ ਦੇਣ ਉਪਦੇਸ਼ ਵਿਚਾਰ ਸੰਤੋ।
ਨਾਮ ਵਾਹਿਗੁਰੂ ਦੱਸਕੇ ਜੀਵ ਤਾਂਈ
ਦਿੰਦੇ ਸਾਗਰੋਂ ਪਾਰ ਉਤਾਰ ਸੰਤੋ।
ਨਰਕੀ ਜੀਵ ਬੈਕੁੰਠ ਦੇ ਵਿੱਚ ਬਾੜੇ
ਕੀਤੇ ਬੰਧਨਾ ਦੇ ਛੁਟਕਾਰ ਸੰਤੋ।
ਭਜਨ ਸੁਣਦਿਆਂ ਸਾਰ ਹੋ ਗੁੱਟ ਜਾਵਣ
ਬ੍ਰਿਤੀ ਲੱਗਦੀ ਵਿੱਚ ਕਰਤਾਰ ਸੰਤੋ।
ਸੰਗਤ ਆਂਵਦੀ ਜਾਂਵਦੀ ਦਿਨੇ ਰਾਤੀਂ
ਆਵੇ ਕੁਝ ਨਾਂ ਅੰਤ ਸੁਮਾਰ ਸੰਤੋ।
ਰਹੇ ਭੀੜ ਹਜੂਰ ਹਮੇਸ਼ ਭਾਰੀ
ਲੰਗਰ ਚੱਲਦਾ ਅਪਰ ਅਪਾਰ ਸੰਤੋ।
ਖੋਹਲੀ ਲੋਹੇ ਦੀ ਦੁਕਾਨ ਤੇ ਕਪੜੇ ਦੀ
ਕਰਦੇ ਸਤਿਗੁਰੂ ਬਣਜ ਬਪਾਰ ਸੰਤੋ।
ਨਫਾ ਓਸਦਾ ਪੈਨਦੇ ਖਾਂਵਦੇ ਸੇ
ਛਕੇ ਫੇਰ ਸਾਰਾ ਪਰਵਾਰ ਸੰਤੋ।
ਪੂਜਾ ਪੌਣ ਜਿੰਨੀ ਲੰਗਰ ਸੰਗਤਾਂ ਦੀ
ਕਰਦੇ ਆਪ ਨਾ ਜੇ ਅੰਗੀਕਾਰ ਸੰਤੋ।
ਕਾਲਾ ਸਿੰਘ ਏਹੋ ਦੋਹਾਂ ਭਾਈਆਂ ਦਾ
ਹੈ ਸੀ ਨਿਜਮ ਪੂਰਾ ਨਿਰਾਧਾਰ ਸੰਤੋ॥ ੧੯॥

ਪ੍ਰਸੰਗ ਮਹਾਰਾਜ ਗੁਰੂ ਹਰੀਸਿੰਘ ਜੀ ਦਾ।

ਪੂਰੇ ਗੁਰਾਂ ਦੇ ਹੋਰ ਭਰਾਓ ਛੋਟੇ
ਕਰਾਂ ਉਹਨਾਂ ਦਾ ਕੁੱਝ ਬਿਆਨ ਸੰਤੋ।
ਬੁਧਸਿੰਘ ਬਾਬਾ ਸੰਗਤ ਜਾਣਦੀ ਹੈ
ਹਰੀ ਸਿੰਘ ਜੋ ਹੈ ਮੇਹਰਵਾਨ ਸੰਤੋ।

Namdhari Elibrary NamdhariElibrary@gmail.com

ਸੁੱਕੇ ਆਤਮੇ ਨਾਮ ਦੇ ਹਰੇ ਕੀਤੇ
ਪਾਣੀ ਰਹਿਤ ਰੂਪੀ ਵਿਚ ਪਾਨ ਸੰਤੋ।
ਅਉਣ ਨਜਰ ਨਾਂ ਸੰਗਤ ਦੇ ਵਿੱਚ ਰਹਿੰਦੇ
ਰੋਜ ਬੈਠਦੇ ਮੱਧ ਦੀਵਾਨ ਸੰਤੋ।
ਜਿਵੇਂ ਫੁਲ ਦੇ ਵਿੱਚ ਹੈ ਵਾਸ ਵੱਸਦੀ
ਤਿਵੇਂ ਵਿੱਚ ਸੰਗਤ ਮਿਲ ਜਾਨ ਸੰਤੋ।
ਵਾਂਗੁ ਖਿੜੇ ਗੁਲਾਬ ਦੇ ਫੁੱਲ ਰਹਿੰਦੇ
ਦੀਸਣ ਪੰਥ ਨੂੰ ਆਪਣੀ ਜਾਨ ਸੰਤੋ।
ਜਿੱਦਰ ਦੇਖਦੇ ਮੇਹਰ ਜਾਂ ਨਦਰ ਕਰਕੇ
ਵਿੰਦੇ ਵਿੱਚ ਚੁਰਾਸੀ ਨਾ ਜਾਨ ਸੰਤੋ।
ਹਰੀ ਸਿੰਘ ਪ੍ਰਗਟ ਗੁਰੂ ਫੇਰ ਹੋਇਆ
ਜਦੋਂ ਭਾਣੇਂ ਨੂੰ ਗੁਰੂ ਵਰਤਾਨ ਸੰਤੋ।
ਕੁਦਰਤ ਆਪਣੀ ਨੂੰ ਗੁਰੂ ਆਪ ਜਾਣੇਂ
ਨਹੀ ਜੀਵ ਨੂੰ ਕੁਝ ਹੈ ਤਾਨ ਸੰਤੋ।
ਸੰਮਤ ਉਨੀ ਸੌ ਚੌਤੀਏ ੩੪ ਸਾਲ ਅੰਦਰ
ਪਰਗਟ ਹੋਣਗੇ ਵਿਚ ਜਹਾਨ ਸੰਤੋ।[6]
ਕਾਲਾ ਸਿੰਘ ਏਕਬਾਤ ਕਰੀਂ ਪੂਰੀ
ਸਮਝ ਲੈਣ ਸਾਰੇ ਬੁਧਮਾਨ ਸੰਤੋ ॥ ੧੯ ॥

### ਉਪਦੇਸ ਸਿੰਘਾਂ ਨੂੰ

ਪੂਰੇ ਸਤਿਗੁਰੂ ਤਾਰਦੇ ਸੰਗਤਾਂ ਨੂੰ
ਦੋਵੇਂ ਬਖਤ ਦੀਵਾਨ ਲਗਾਂਵਦੇ ਨੇ।
ਰਾਗੀ ਰਾਗ ਪ੍ਰੇਮ ਦੇ ਨਾਲ ਕਰਦੇ
ਢਾਡੀ ਲਾਕੇ ਵਾਰ ਸੁਣਾਂਵਦੇ ਨੇ।
ਸਿੰਘ ਸ਼ਬਦ ਪ੍ਰੇਮ ਦੇ ਨਾਲ ਪੜ੍ਹਦੇ
ਹੱਲਾ ਢੋਲਕੀ ਨਾਲ ਕਰਾਂਵਦੇ ਨੇ।
ਅਉਣ ਸੰਗਤਾਂ ਦਰਸ ਦੀਦਾਰ ਕਰਨ
ਜਨਮ ਆਪਣਾ ਸੁਫਲ ਕਰਾਂਵਦੇ ਨੇ।

Namdhari Elibrary NamdhariElibrary@gmail.com

ਤਨ ਮਨ ਤੇ ਧਨ ਲਾ ਕਰਨ ਸੇਵਾ ਭੇਟਾ
ਨਗਦ ਸਿੰਘ ਖੁਸ਼ੀ ਦੇ ਨਾਲ ਬਰਤਾਂਵਦੇ ਨੇ।
ਲੰਗਰ ਬੰਦ ਨਾਂ ਹੋਵੰਦਾ ਦਿਨੇ ਰਾਤੀਂ
ਗਾਫੇ ਖੁਸ਼ੀ ਦੇ ਨਾਲ ਛਕਾਂਵਦੇ ਨੇ।
ਅੰਮ੍ਰਿਤ ਖੰਡੇ ਦਾ ਗੁਰੂ ਜੀ ਤਿਆਰ ਕਰਕੇ
ਰੋਜ ਸੈਂਕੜੇ ਸਿੰਘ ਸਜਾਂਵਦੇ ਨੇ।
ਭਜਨ ਦੱਸਕੇ ਤੇ ਮਰਦ ਅਉਰਤਾਂ ਨੂੰ
ਭਵਸਾਗਰੋਂ ਪਾਰ ਲੰਘਾਂਵਦੇ ਨੇ।
ਜੇੜਾ ਗੁਰਾਂ ਦੇ ਚੜੇ ਜਹਾਜ ਆਕੇ
ਓਨੂੰ ਨਾਮ ਦਾ ਟਿਕਟ ਫੜਾਂਵਦੇ ਨੇ।
ਕੜਾ ਕਛ ਕਰਪਾਨ ਇਸਨਾਨ ਕੇਸੀਂ
ਗੁਰੂ ਵਿਚ ਬੈਕੁੰਠ ਪੁਚਾਂਵਦੇ ਨੇ।
ਦਇਆ ਜਿਸ ਤੇ ਕਰਨ ਦਿਆਲ ਹੋਕੇ
ਜਨਮ ਮਰਨ ਦੇ ਦੁਖ ਮਟਾਂਵਦੇ ਨੇ।
ਸ਼ੁੱਧ ਆਤਮਾਂ ਜਿੰਨਾਂ ਦੀਦਾਰ ਕੀਤੇ
ਵਿੱਚ ਗਰਭ ਓ ਫੇਰ ਨਾਂ ਆਂਵਦੇ ਨੇ।
ਰਹੇ ਭੀੜ ਹਮੇਸ਼ ਹਜੂਰ ਲੱਗੀ
ਕਈ ਆਂਵਦੇ ਤੇ ਕਈ ਜਾਂਵਦੇ ਨੇ।
ਸੰਮਤ ਉੱਨੀ ਸੈ ਚੌਦੇ ਤੇ ਸ਼ੁਰੂ ਕਰਕੇ
ਭੈਣੀ ਸਾਹਿਬ ਏ ਕਾਰ ਚਲਾਂਵਦੇ ਨੇ।
ਕਾਲਾ ਸਿੰਘ ਦਿੜਾਏ ਕੇ ਨਾਮ ਸਤਿਗੁਰ
ਸਚ ਖੰਡ ਦੇ ਵਿਚ ਪੁਚਾਂਵਦੇ ਨੇ॥ ੨੦॥

ਪ੍ਰਸੰਗ ਗੁਰੂ ਜੀ ਨੇ ਮੜੀਆਂ ਤੇ ਗੋਰਾਂ ਢਹਾਉਣੀਆਂ ਸਿੰਘਾਂ ਪਾਸੋਂ

ਬੈਠ ਵਿੱਚ ਦੀਵਾਨ ਦੇ ਹੁਕਮ ਦਿੰਦੇ
ਸਾਰੇ ਖਾਲਸੇ ਤਾਂਈ ਸੁਣਾਵੰਦੇ ਨੇ।
ਮੜੀ ਗੋਰ ਤੇ ਮਕਬਰੇ ਪੀਰਖਾਨੇ
ਹੁਕਮ ਦੇ ਕੇ ਆਪ ਢਹਾਵੰਦੇਨੇ।

ਸਿਵ ਲਿੰਗ ਸਮਾਧ ਤੇ ਖਾਂਨਗਾ ਜੋ
ਥਾਨ ਦੇਵੀ ਦੇ ਸਫਾ ਕਰਾਂਵੰਦੇ ਨੇ।
ਭੈਰੋਂ ਭੂਤ ਮਸਾਣੀ ਦੇ ਥਾਨ ਜਿੰਨੇ
ਮਾੜੀ ਗੁੱਗੇ ਦੀ ਅਲਖ ਚੁਕਾਂਵੰਦੇਨੇ।
ਦੂਵਤਾ ਪੜ੍ਹੋ ਨਾ ਹਰੀ ਬਿਨ ਹੋਰ ਪੂਜੋ
ਗੁਰੂ ਵਿੱਚ ਗਰੰਥ ਅਲਾਵੰਦੇ ਨੇ।
ਦਸਾਂ ਗੁਰਾਂ ਦੇ ਹੁਕਮ ਨੂੰ ਕਰਨ ਸੁਫਲਾ
ਮਟਮੜੇ ਮਸਾਣ ਢਹਾਂਵੰਦੇ ਨੇ।
ਸਕਤੀ ਆਪਣੀ ਨਾਮ ਦੇ ਨਾਲ ਭਰਕੇ
ਗੀਦ ਜੀਵ ਨੂੰ ਸ਼ੇਰ ਬਣਾਵੰਦੇ ਨੇ।
ਪਹਿਲੇ ਢਹੌਣ ਤੇ ਅੱਗੋਂ ਅਰਦਾਸ ਕਰਨੀ
ਸੰਤ ਖਾਲਸੇ ਤਾਂਈ ਅਲਾਂਵੰਦੇ ਨੇ।
ਭੁੱਲੇ ਰੱਬ ਵੱਲੋ ਅੰਨ੍ਹੇ ਲੋਕ ਸਾਰੇ
ਹਿੰਦੂ ਤੁਰਕ ਜੇੜੇ ਨਜਰ ਆਂਵੰਦੇ ਨੇ।
ਸਾਨੂੰ ਹੁਕਮ ਅਕਾਲ ਦੇ ਵਲੋਂ ਆਇਆ
ਤਾਹੀ ਗੁਰੂ ਜੀ ਆਖ ਸੁਣਾਂਵੰਦੇ ਨੇ।
ਫਲ ਮਿਲੂਗਾ ਭੋਗ ਦਾ ਰੱਬ ਪਾਸੋਂ
ਮੜੀ ਇਕ ਜੋ ਢਾਹਿ ਢਹਾਂਵੰਦੇ ਨੇ।
ਇਕ ਦੋ ਤੇ ਤਿੰਨ ਜਾਂ ਚਾਰ ਤਾਂਈ
ਪੰਜਾਂ ਪਾਠਾਂ ਦਾ ਫਲ ਬਤਾਵੰਦੇ ਨੇ।
ਜੀਦੀ ਮੰਨਤਾ ਬਹੁਤ ਸੰਸਾਰ ਕਰਦਾ
ਓਹਦਾ ਪੰਜ ਅਖੰਡ ਫਰਮਾਂਵੰਦੇ ਨੇ।
ਹੁਕਮ ਪਾਏ ਮੜੀਆਂ ਸਿੰਘਾਂ ਸਾਫ ਕਰੀਆਂ
ਹਨੇਰ ਜਗਤ ਦਾ ਦੂਰ ਹਟਾਂਵ ਦੇ ਨੇ।
ਕਾਲਾ ਸਿੰਘ ਅਜਮੇਸ਼ ਮੈਂ ਆਪ ਕੀਤੀ
ਗਾਹ ਵਾਂਗ ਪੱਕੇ ਗਿਰ ਜਾਂਵੰਦੇ ਨੇ॥ ੨੧॥

Namdhari Elibrary NamdhariElibrary@gmail.com

ਲਗਨ ਸਗਨ ਤੇ ਫੰਦ ਪਾਖੰਡ ਸਾਰਾ
ਭੁਲ ਏਸਦਾ ਨਹੀਂ ਵਿਚਾਰ ਕਰਨਾ।
ਸਾੜ ਸਤੀ ਤੇ ਢਈਆ ਨਾ ਪਾਸ ਆਵੇ
ਰਾਹੂ ਕੇਤੂ ਨੂੰ ਪਰੇ ਧਿਰਕਾਰ ਕਰਨਾ।
ਮੰਗਲ ਬੁੱਧ ਸੂਰਜ ਬੀਰ ਚੰਦ ਤਾਰੇ
ਥੋਨੂੰ ਕਹਿਣ ਨਾ ਕੁਝ ਅਤਬਾਰ ਕਰਨਾ।
ਸੂਤਕ ਪਾਤਕ ਤੇ ਜੋਗਨੀ ਭੱਦਰਾਂ ਜੋ
ਜਿਮੀਂ ਸਮੇ ਨਾਂ ਸਰਬ ਵਿਹਾਰ ਕਰਨਾ।
ਵਰਤ ਪੁੰਨਿਆਂ ਕਾਦਸੀ ਰੱਖਣਾਂ ਨਾ
ਇਕ ਵਾਹਿਗੁਰੂ ਨਾਮ ਉਚਾਰ ਕਰਨਾ।
ਨਹੀਂ ਚੂਰਮਾਂ ਰੋਟ ਨਿਆਜ਼ ਖਾਣੀ
ਬਿਨਾਂ ਸਿੰਘ ਤੇ ਨਹੀਂ ਜੇਹਾਰ ਕਰਨਾ।
ਸਾਲ ਗ੍ਰਾਮ ਤੁਲਸੀ ਮਾਲਾ ਦੂਰ ਕਰਕੇ
ਸਾਸ ਸਾਸ ਹੈ ਯਾਦ ਕਰਤਾਰ ਕਰਨਾ।
ਕਾਲਾ ਸਿੰਘ ਏਹੋ ਹੁਕਮ ਸਤਿਗੁਰਾਂ ਦਾ
ਭਜਨ ਦਸਕੇ ਪਾਰ ਸੰਸਾਰ ਕਰਨਾ॥ ੨੨॥

ਸਤਿਗੁਰਾਂ ਨੇ ਮਾਈਆਂ ਬੀਬੀਆਂ ਨੂੰ ਉਪਦੇਸ਼ ਕਰਨਾ

ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦਿੰਦੇ
ਬੁਢੀ ਬਾਲੀ ਨੂੰ ਕੋਣ ਪੁਕਾਰ ਬੀਬੀ।
ਨਾਮ ਦਾਨ ਇਸ਼ਨਾਨ ਸਣਕੇਸ ਕਰਨਾ
ਖੋਲ ਗੁੱਤ ਜੂੜਾ ਸਿਰ ਧਾਰ ਬੀਬੀ।
ਡੋਰੀ ਖੰਮਣੀ ਸਿੱਟ ਪਰਾਂਦਿਆਂ ਨੂੰ
ਰੱਖੀਂ ਪਾਸ ਤੂੰ ਪੰਜ ਕਕਾਰ ਬੀਬੀ।
ਨੱਥ ਚੌਂਕ ਤੇ ਵਾਲੀਆਂ ਡੰਡੀਆਂ ਜੋ
ਤੀਲੀ ਲੌਂਗ ਨੂੰ ਦਈਂ ਉਤਾਰ ਬੀਬੀ।
ਛੱਲੇ ਪਹੁੰਚੀਆਂ ਹੱਥੀ ਨਾਂ ਭੁਲ ਪਾਈਂ
ਸੋਧ ਨਾਲ ਹੈ ਇਨਾਂ ਦੀ ਖਾਰ ਬੀਬੀ।

ਸੋਨਾ ਕੂੜ ਰੁਪਾ ਗੁਰਾਂ ਹੁਕਮ ਦਿਤਾ
ਕੂੜ ਸਮਝ ਲੈਣਾਂ ਪੈਨਣ ਹਾਰ ਬੀਬੀ।
ਬਰਦੀ ਸੇਤ ਸੁਥਣ ਕੁੜਤੀ ਪਹਿਰ ਲੈਣੀ
ਨੀਲਾ ਰੰਗ ਦੇਣਾ ਦੂਰ ਡਾਰ ਬੀਬੀ।
ਸੂਹਾ ਰੰਗ ਕਾਲਾ ਹਰਾ ਹੋਰ ਜਿੰਨਾ
ਦੇਵੀਂ ਸਰਬ ਨੂੰ ਦੂਰ ਵਿਸਾਰ ਬੀਬੀ।
ਦੇਸੀ ਕਾਟ ਸਿੱਧੀ ਸਾਦੀ ਪਹਿਰ ਬਸਤ੍ਰ
ਬਾਣਾ ਗੁਰਮੁਖੀ ਜੋ ਚੂੜੀਦਾਰ ਬੀਬੀ।
ਰੋਣਾਂ ਪਿੱਟਣਾਂ ਸਿਆਪਾ ਨਾ ਕਰੀਂ ਜਾਕੇ
ਚੜੇ ਸਾਕ ਸਰਬੰਧ ਵਿਚਾਰ ਬੀਬੀ।
ਜੇ ਕੁਝ ਸਰੇ ਨਮਿਤ ਦਾ ਦਾਨ ਕਰਨਾ
ਸੇਵਾ ਪੰਥ ਕਰਨੀ ਨਿਰਾਧਾਰ ਬੀਬੀ।
ਮਾਈ ਤਰਾਂ ਲੋਈ ਮੇਰੀ ਸਿੱਖਣੀ ਸੋ
ਸੇਵਾ ਪੰਥ ਦੀ ਕਰੇ ਹੋ ਤਿਆਰ ਬੀਬੀ।
ਸਿੰਘ ਭਗਤ ਪ੍ਰਹਿਲਾਦ ਦੇ ਵਾਂਗ ਹੋਵੇ
ਦੇਵੇ ਸ਼ਬਦ ਨੂੰ ਸੀਸ ਜੋ ਵਾਰ ਬੀਬੀ।
ਸੱਚ ਖੰਡ ਦੇ ਵਿਚ ਨਮਾਸ ਦੇਵਾਂ
ਕਰੇ ਵਾਹਿਗੁਰੂ ਨਾਲ ਜੋ ਪਿਆਰ ਬੀਬੀ।
ਸੰਗਤ ਮੇਰੀ ਨੂੰ ਦੇਵਤੇ ਸਰਬ ਪੂਜਣ
ਮੇਰਾ ਹੁਕਮ ਏਹੋ ਵਾਰ-ਵਾਰ ਬੀਬੀ।
ਏਹੋ ਹੁਕਮ ਦਿਤਾ ਗੁਰਾਂ ਪੂਰਿਆਂ ਨੇ
ਹੁਕਮ ਨਾਂਵਿਆਂ ਵਿਚ ਉਚਾਰ ਬੀਬੀ।
ਕਾਲਾ ਸਿੰਘ ਮੈਂ ਦੇਖਿਆ ਹੁਕਮਨਾਮਾ
ਤਾ ਹੀ ਲਿਖਯਾ ਕਲਮ ਪਸਾਰ ਬੀਬੀ॥ ੨੩॥

ਸ੍ਰੀ ਸਤਿਗੁਰੂ ਬਾਬਾ ਬਾਲਕ ਸਿੰਘ ਜੀ ਦਾ ਜੋਤੀ ਜੋਤ ਸਮਾਉਂਣਾ।

ਸਾਲ ਉਨੀ ਸੌ ਵਿਚ ਅਠਾਰਵੇਂ ਦੇ
ਮਘਰ ਪੁੰਨਿਓਂ ਦਾ ਦਿਨ ਆਇਆ ਸੀ।[7]

Namdhari Elibrary NamdhariElibrary@gmail.com

ਬਾਲਕ ਸਿੰਘ ਸਤਿਗੁਰ ਗੁਰੂ ਗਿਆਰਵਾਂ ਜ
ਜੋਤੀ ਜੋਤ ਦੇ ਵਿਚ ਸਮਾਇਆ ਸੀ।
ਨਾਮ ਦਾਨ ਇਸਨਾਨ ਦੀ ਰੀਤ ਤੋਰੀ
ਨਾਮਧਾਰੀਆ ਪੰਥ ਚਲਾਇਆ ਸੀ।
ਮੇਰੇ ਪਾਪ ਅਧਰਮ ਕੁਕਰਮ ਸਾਰੇ
ਧਰਮ ਜਗਤ ਦੇ ਵਿਚ ਦਿਖਾਇਆ ਸੀ।
ਚੁੱਹਤਰ ਸਾਲ ਦੀ ਉਮਰ ਬਤੀਤ ਕਰਕੇ
ਸਚ ਖੰਡ ਜਾਕੇ ਡੇਰਾ ਲਾਇਆ ਸੀ।
ਪਾਠ ਗੁਰੂ ਗਰੰਥ ਦੇ ਭੋਰ ਦਿਤੇ
ਮਿਲਕੇ ਪੰਥ ਨੇ ਰੰਗ ਬਣਾਇਆ ਸੀ।
ਰਾਮ ਸਿੰਘ ਸਤਿਗੁਰ ਜਾਣੀ ਜਾਣ ਆਹਾ
ਹਜਰੋਂ ਜਾਣ ਦਾ ਸਮਾਂ ਸੁਹਾਇਆ ਸੀ।
ਭੈਣੀ ਸਾਹਿਬ ਤੇ ਸੀ ਡੇਰਾ ਕੂਚ ਕੀਤਾ
ਤੁਰਕੇ ਰੋਲ ਪਿੰਡੀ ਗੁਰੂ ਆਇਆ ਸੀ।
ਉਥੇ ਖਬਰ ਮਿਲ ਗਈ ਗੁਰੂ ਗਮਨ ਕਰਕੇ
ਜੋਤੀ ਜੋਤ ਦੇ ਵਿਚ ਸਮਾਇਆ ਸੀ।
ਸਤਿਗੁਰ ਰਾਮ ਸਿੰਘ ਜੀ ਤੁਰਤ ਜਾਏ ਪਹੁੰਚੇ
ਸੰਗਤ ਆਣ ਸਾਰੀ ਦਰਸਨ ਪਾਇਆ ਸੀ।
ਪਾਇ ਭੋਗ ਅੰਗੀਠਾ ਨਾ ਫੋਲਿਆ ਸੀ
ਨਾਮ ਦਾਨ ਪਰਵਾਹਿ ਚਲਾਇਆ ਸੀ।
ਦੇਕੇ ਦਰਸ ਪੰਜਾਬ ਨੂੰ ਮੁੜੇ ਸਤਿਗੁਰ
ਸਾਰਾ ਖਾਲਸਾ ਵੀ ਮੁੜਿਆ ਆਇਆ ਸੀ।
ਕਾਲਾ ਸਿੰਘ ਪ੍ਰਸੰਗ ਏਹ ਭਿਆ ਪੂਰਾ
ਸੰਗਤ ਦਸਿਆ ਦਾਸ ਸੁਣਾਇਆ ਸੀ ॥੨੪॥

ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਜੀ ਦਰਸਨ ਕਰਨ ਜਾਣਾਂ

ਫਿਰਨ ਸਤਿਗੁਰੂ ਤਾਰਦੇ ਸੰਗਤਾਂ ਨੂੰ
ਪਿੰਡ ਪਿੰਡ ਨੇ ਲਉਣ ਦੀਵਾਨ ਲੱਗੇ।
ਨਾਮਦਾਨ ਦਝਾਂਨ ਦੀ ਕਰਨ ਬਰਖਾ
ਨਿੱਤ ਸੈਂਕੜੇ ਸਿੰਘ ਸਜਾਨ ਲੱਗੇ।

Namdhari Elibrary NamdhariElibrary@gmail.com

ਦੌਰਾ ਕਰਨ ਗੁਰ ਦੇਸ ਦਸੌਤ੍ਰਾਂ ਦਾ
ਦੀਪਮਾਲ ਅਮ੍ਰਿਤਸਰ ਜਾਨ ਲੱਗੇ।
ਸੰਮਤ ਉੱਨੀ ਸੌ ਉੱਨੀ ਦੇ ਵਿੱਚ ਸੰਤੋ
ਕੱਤਕ ਬਦੀ ਦਰਸਨ ਗੁਰੂ ਪਾਨ ਲੱਗੇ।
ਚਾਟੀ ਵਿੰਡ ਦਰਵਾਜੇ ਦੇ ਬਾਰ ਮੂਰੇ
ਤੰਬੂ ਗੱਡ ਕੇ ਡੇਰੇ ਜਮਾਨ ਲੱਗੇ।
ਸਿੰਘ ਸੱਠ ਹਜਾਰ ਸੰਗ ਸਤਿਗੁਰੂ ਦੇ
ਦਰਸਨ ਕਰਨ ਨੂੰ ਸੈਂਕੜੇ ਆਨ ਲੱਗੇ।
ਮਨ ਤਨ ਤੇ ਧਨ ਲਾ ਕਰਨ ਸੇਵਾ
ਭੇਟਾ ਨਗਦ ਹਜੂਰ ਭੜਾਂਨ ਲੱਗੇ।
ਸੁਬਾ ਸ਼ਾਮ ਦੀਵਾਨ ਲਗਾਉਣ ਰਾਗੀ
ਢੋਲਕ ਹਟਣ ਨਾ ਸਿੰਘ ਬਜਾਨ ਲੱਗੇ।
ਠਾਂਣੇ ਦਾਰ ਕੁਤਵਾਲ ਤੇ ਸਿਸਨ ਡਿਪਟੀ
ਪੇਸ਼ਵਾਈ ਦਾ ਕਰਨ ਸਮਾਨ ਲੱਗੇ।
ਦਰਸ਼ਨ ਅਦਬ ਅਦਾਬ ਦੇ ਨਾਲ ਕਰਕੇ
ਇੰਤਜਾਮ ਨੇ ਫੇਰ ਕਰਾਨ ਲੱਗੇ।
ਸਤਿਗੁਰ ਹੁਕਮ ਦਿੱਤਾ ਸੰਤ ਖਾਲਸੇ ਨੂੰ
ਦਰਸਨ ਕਰਨ ਦਰਵਾਰ ਸਧਾਨ ਲੱਗੇ।
ਸਾਥ ਭੇਟ ਪਰਸਾਦਿ ਦਾ ਥਾਲ ਲੀਤਾ
ਸਿੰਘ ਢੋਲਕੀ ਮਗਰ ਬਜਾਨ ਲੱਗੇ।
ਹੋਵੇ ਸ਼ਬਦ ਪਰੇਮ ਦੀ ਠਾਠ ਵਾਲਾ
ਸਿਰੋਂ ਲਹਿਣ ਦਸਤਾਰ ਜਾਂ ਥਾਨ ਲਗੇ।
ਮਾਈਆਂ ਬੀਬੀਆਂ ਵਾਂਗ ਕਲਬੂਤ੍ਰਾਂ ਦੇ
ਲੋਟ ਪੋਟ ਹੋਕੇ ਗੋੜੇ ਖਾਂਨ ਲੱਗੇ।
ਅਕਲ ਬਿਕਲ ਹੋਏ ਦਰਸਨ ਪਾਏ ਗੁਰ ਕੇ
ਸੀਨੇ ਵਿੱਚ ਜਾਂ ਸ਼ਬਦ ਦਾ ਤਾਨ ਲਗੇ।
ਗਏ ਵਿੱਚ ਦਰਵਾਰ ਅਕਾਲ ਬੁੰਗੇ
ਅੱਗੇ ਦੇਖ ਪੁਜਾਰੀ ਘਬਰਾਨ ਲਗੇ।

ਹਥ ਜੋੜ ਸਤਿਗੁਰ ਨਮਸਕਾਰ ਕੀਤੀ
ਤਿੰਨ ਵਾਰ ਨੇ ਸੀਸ ਝੁਕਾਨ ਲਗੇ।
ਸਤ ਸੌ ਦੀ ਸੱਤਿਗੁਰਾਂ ਭੇਟ ਕੀਤੀ
ਪੂਜਾ ਦੇਖ ਪੁਜਾਰੀ ਬੁਡਾਨ ਲਗੇ।
ਆਖਣ ਲਗੇ ਨਾਂ ਥੋਡੀ ਅਰਦਾਸ ਕਰਨੀ
ਚਿਤ ਲਾਲਸਾ ਬਹੁਤ ਬਧਾਨ ਲਗੇ।
ਕਈ ਕਹਿਣ ਹਜਾਰ ਰੁਪਯਾ ਦੇਵੋ
ਰਿਸ਼ਵਤ ਖਾਣ ਨੂੰ ਆਖ ਸੁਣਾਨ ਲਗੇ।
ਕਈ ਕਹਿਣ ਤਨਖਾਹਿ ਬੀ ਦੇਓ ਸਾਨੂੰ
ਲਖ ਚਾਰ ਤੇ ਪੰਜ ਅਲਾਨ ਲਗੇ।
ਕਈ ਕਹਿਣ ਦਸਤਾਰ ਨਾਂ ਸਿਰੋਂ ਡਾਰਨ
ਹੋਂਣ ਮਸਤ ਨਾਂ ਸ਼ਬਦ ਦੇ ਬਾਣ ਲਗੇ।
ਕਈ ਕਹਿਣ ਸਦਾਉਣ ਨਾਂ ਸਿਖ ਤੇਰੇ
ਨੀਲ ਰੰਗ ਧਾਰਨ ਪਹਿਰਾਨ ਲਗੇ।
ਸਤਿਗੁਰ ਆਖਦੇ ਵਸ ਏ ਗੁਰੂ ਜੀ ਦੇ
ਮੇਰੇ ਵਸ ਨਾ ਆਪ ਫਰਮਾਨ ਲਗੇ।
ਚਿਤ ਸਿੰਘਾਂ ਦੇ ਕਿਸਤ੍ਰਾਂ ਫੇਰ ਦੇਵਾਂ
ਏਨੀ ਸ਼ਕਤ ਨਾ ਆਖ ਸੁਣਾਨ ਲਗੇ।
ਏਨੀ ਸਕਤ ਦਿਤੀ ਗੁਰੂ ਸ਼ਬਦ ਤਾਂਈ
ਜੀਨੇ ਪੰਥ ਕੀਤਾ ਏਥੇ ਆਨ ਲਗੇ।
ਜਥਾ ਜੋਗ ਲੈ ਲਵੋ ਤਨਖਾਹਿ ਸਾਤੋ
ਵਾਂਗ ਸਪ ਦੇ ਵਲ ਕਿਉਂ ਪਾਨ ਲਗੇ।
ਏਸੇ ਤੌਰ ਤਕਰਾਰ ਕਰਾਰ ਹੋਏ
ਰੌਲਾ ਬਹੁਤ ਪੁਜਾਰੀ ਬਧਾਨ ਲਗੇ।
ਗੁਰ ਦੁਵਾਰੇ ਦੇ ਅਗੇ ਅਰਦਾਸ ਕਰਕੇ
ਸਿੰਘ ਆਪ ਪਰਸਾਦਿ ਬਰਤਾਨ ਲਗੇ।
ਪੜਦੇ ਸ਼ਬਦ ਪਰਕੰਮਿਆਂ ਲਈ ਸਿੰਘਾਂ
ਝੱਟ ਵਿਚ ਡੇਰੇ ਗੁਰੂ ਆਨ ਲਗੇ।

Namdhari Elibrary NamdhariElibrary@gmail.com

ਨੌਵੇਂ ਗੁਰੂ ਜੀ ਆਪ ਸਰਾਫ ਦਿਤਾ
ਫੁਲ ਟੁੱਟਿਆ ਨਾਂ ਡਾਲੀ ਆਨ ਲਗੇ।
ਕਾਲਾ ਸਿੰਘ ਪ੍ਰਸੰਗ ਏਹ ਭਿਆ ਪੂਰਾ
ਗੁਰੂ ਮਾਘੀ ਨੂੰ ਮੁਕਤਸਰ ਜਾਨ ਲਗੇ ॥੨੫॥

ਪੁਜਾਰੀਆਂ ਨੇ ਚਿਠੀ ਲਿਖਣੀ ਕੂਕੇ ਤਨਖਾਹੀਏ
ਹੋਨ ਗੁਰੂ ਦੁਆਰੀਂ ਭੇਜਣੀ

ਪਿਛੋਂ ਬੈਠ ਪੁਜਾਰੀਆਂ ਮਤਾ ਕੀਤਾ
ਮਨੋ ਹੋਰ ਕੁਢੰਗ ਨਿਕਾਰ ਸਾਰੇ।
ਤਖਤ ਬੈਠਕੇ ਵਿਚ ਅਕਾਲ ਬੁੰਗੇ
ਰਹੇ ਕੂੜ ਦਾ ਮਹਿਲ ਉਸਾਰ ਸਾਰੇ।
ਕੱਠੇ ਹੋਇਕੇ ਸੈਂਕੜੇ ਦੇਸ ਵਿਚੋਂ
ਲਿਖਣ ਚਿੱਠੀਆਂ ਕਰਨ ਵਿਚਾਰ ਸਾਰੇ।
ਅਨੰਦਪੁਰ ਤੇ ਦਮਦਮੇਂ ਮੁਕਤਸਰ ਜੀ
ਹਜੂਰ ਸਾਹਿਬ ਨੂੰ ਭੇਜਦੇ ਤਾਰ ਸਾਰੇ।
ਸਹੀ ਪਾਇਕੇਤੇ ਆਪੋ ਆਪਣੀ ਜੋ
ਤਖਤੀਂ ਭੇਜਦੇ ਜੋ ਗੁਰਦੁਵਾਰ ਸਾਰੇ।
ਮੁਸਲਮਾਨੀ ਕਲਾਮ ਨੂੰ ਪੜਨ ਕੂਕੇ
ਖੇਡਨ ਹਾਲ ਦਸਤਾਰ ਉਤਾਰ ਸਾਰੇ।
ਮੁੰਡੇ ਕੁੜੀਆਂ ਦੇ ਕਰਨ ਨਿਕਾਹ ਕੂਕੇ
ਬਾਮਣ ਦਿੱਤੇ ਗਰੀਬ ਦਰਕਾਰ ਸਾਰੇ।
ਗੰਗਾ ਗਿਆ ਤੇ ਵਿਚ ਨਾ ਹਡ ਪਉਂਦੇ
ਹਿੰਦੂ ਤੁਰਕ ਤੇ ਰਹਿਣ ਕਨਾਰ ਸਾਰੇ।
ਬਡੇ ਸਾਡੇ ਨਾ ਹਥ ਦਾ ਪੀਣ ਪਾਣੀ
ਨੀਲ ਪੈਨਦੇ ਨਾ ਅੰਗ ਧਾਰ ਸਾਰੇ।
ਰਾਮਸਿੰਘ ਜੀ ਨੂੰ ਗੁਰੂ ਜਾਣ ਦੇਨੇ
ਖੇਡਣ ਔਰਤਾਂ ਕੇਸ ਖਲਾਰ ਸਾਰੇ।
ਕੰਨ ਵਿਚ ਕਲਾਂਮ ਨੇ ਦਸ ਦਿੰਦੇ
ਜਦੋਂ ਭੁੜਕਦੇ ਨੇ ਛਾਲਾਂ ਮਾਰ ਸਾਰੇ।

Namdhari Elibrary NamdhariElibrary@gmail.com

ਸਿਰਾਂ ਵਿਚ ਪਾਣੀ ਪਾਕੇ ਨੌਣ ਤੜਕੇ
ਸਣੇਂ ਔਰਤਾਂ ਕਰਨ ਏ ਕਾਰ ਸਾਰੇ।
ਗੁਤਾਂ ਖੋਲਕੇ ਕਛਨੀਆਂ ਤੇੜ ਰਖਣ
ਦਿੰਦੇ ਔਰਤਾਂ ਦੀ ਬੁਧ ਮਾਰ ਸਾਰੇ।
ਡੂੰਮਾਂ ਵਾਂਗ ਨੇ ਢੋਲਕਾਂ ਗਲੀਂ ਰਖਦੇ
ਪਣ ਬੋਲੀਆਂ ਜੋ ਤਾੜੀ ਮਾਰ ਸਾਰੇ।
ਸੁਕੀ ਤੁਰੇ ਫਿਰਦੇ ਬਾਣੀ ਰਗੜਦੇ ਨੇ
ਮਾਲਾ ਉੱਨ ਰਖਦੇ ਅੰਗ ਧਾਰ ਸਾਰੇ।
ਬਾਣਾ ਸਿੰਘਾਂ ਦਾ ਧਾਰ ਕਲਾਮ ਪੜਦੇ
ਕੰਮ ਕਰਨ ਅਜੋਗ ਦੀ ਕਾਰ ਸਾਰੇ।
ਅਸਾਂ ਤੁਸਾਂ ਦੇ ਨਾਲ ਨਾ ਗੱਲ ਕਰਦੇ
ਆਪਸ ਵਿਚ ਦੀ ਕਰਨ ਪਿਆਰ ਸਾਰੇ।
ਵਾਂਗ ਮਜਬੀਆਂ ਦੂਰ ਅਲਗ ਰਹਿੰਦੇ
ਕਰਨ ਘਰਾਂ ਦੇ ਕੁਲ ਬਿਹਾਰ ਸਾਰੇ।
ਆਪੇ ਸਿਖ ਤੇ ਸਾਧ ਮਹੰਤ ਬਣਦੇ
ਪੈਰੀਂ ਪੈਣ ਆਪੇ ਛਾਲਾਂ ਮਾਰ ਸਾਰੇ।
ਸਾਡੇ ਨਾਲ ਹੈ ਓਨਾਂ ਦਾ ਵਾਸਤਾ ਕੀ
ਜੇੜੇ ਕਰਨ ਬੇ ਅਦਬ ਦੇ ਕਾਰ ਸਾਰੇ।
ਇਨਾਂ ਸਿਖੀ ਨੂੰ ਬਹੁਤ ਬਗਾੜ ਦਿਤਾ
ਲੋਕ ਕਰੇ ਕੂਕੇ ਹਾਕਾਂ ਮਾਰ ਸਾਰੇ।
ਕੋਈ ਦਿਨਾਂ ਤਾਈਂ ਸਾਰਾ ਦੇਸ਼ ਬਿਗੜੇ
ਇਨਾਂ ਸਿਖ ਕੀਤੇ ਚੋਰ ਯਾਰ ਸਾਰੇ।
ਆਪਾਂ ਤਾਈਂ ਨਾ ਕਿਸੇ ਨੇ ਮੰਨਣਾ ਜੇ
ਨਉਂਦਾ ਦੇਣਾ ਨਾਂ ਵਿਚ ਸੰਸਾਰ ਸਾਰੇ।
ਗੁਰਦੁਵਾਰੀਂ ਨਾ ਇਨਾਂ ਨੂੰ ਬੜਨ ਦੇਣਾ
ਧਕੇ ਮਾਰਕੇ ਦੇਣੇਂ ਨਿਕਾਰ ਸਾਰੇ।
ਭੁਲ ਇਨਾਂ ਦੀ ਨਹੀਂ ਅਰਦਾਸ ਕਰਨੀ
ਤੁਸੀਂ ਲਿਓ ਨਾ ਭੇਟ ਤੇ ਕਾਰ ਸਾਰੇ।

Namdhari Elibrary NamdhariElibrary@gmail.com

ਮਾਰ ਕੁਟ ਤੇ ਗਾਲ ਗਲਚ ਕਰਨੀ
ਦੂਰੋਂ ਵੇਖਕੇ ਦੇਣੇ ਦੁਰਕਾਰ ਸਾਰੇ।
ਮਥਾ ਟੇਕਣ ਨਾਂ ਦੇਵਣਾ ਗੁਰ ਦੁਵਾਰੀਂ
ਸਾਡੇ ਤੁਸੀ ਭਾਈ ਜਥੇਦਾਰ ਸਾਰੇ।
ਕੋਈ ਪੁਛੇ ਤਾਂ ਆਖ ਸੁਣਾਏ ਦੇਣਾ
ਹੁਕਮ ਤਖਤ ਅਕਾਲ ਉਚਾਰ ਸਾਰੇ।
ਅੰਮ੍ਰਿਤਸਰੋਂ ਨਾ ਲਿਖਿਆ ਝੂਠ ਸਾਨੂੰ
ਏਹੋ ਆਖਿਓ ਤੁਸੀ ਪੁਕਾਰ ਸਾਰੇ।
ਸੰਮਤ ਉਨੀ ਸੌ ਉਨੀ ਦੇ ਵਿਚ ਭਾਈ
ਚਿਠੀ ਭੇਜ ਕੀਤੇ ਖਬਰਦਾਰ ਸਾਰੇ।
ਏਵੇਂ ਨਾਲ ਕਰਦੇ ਨਾਮ ਧਾਰੀਆਂ ਦੇ
ਜਿਵੇਂ ਲਿਖਦੇ ਕਲਮ ਪਸਾਰ ਸਾਰੇ।
ਕਾਲਾ ਸਿੰਘ ਪੁਜਾਰੀ ਨੇ ਕਠ ਕਰਕੇ
ਬੇੜਾ ਡੋਬਦੇ ਨੇ ਨੌਦੀ ਧਾਰ ਸਾਰੇ॥ ੨੬॥

ਸ੍ਰੀ ਅਮ੍ਰਿਤਸਰ ਜੀ ਤੋਂ ਸ੍ਰੀ ਮੁਕਤਸਰ ਜੀ ਨੂੰ ਜਾਣਾ ਗੁਰੂ ਜੀ ਨੇ

ਅਮ੍ਰਿਤ ਸਰੋਂ ਡੇਰਾ ਗੁਰੂ ਕੂਚ ਕੀਤਾ
ਦੌਰਾ ਮਾਲਵੇ ਕਰਨ ਨੂੰ ਤਿਆਰ ਹੋਏ।
ਜਿਨਾਂ ਘਰ ਤੇ ਬਾਰ ਬਿਸਾਰ ਦਿਤੇ
ਆਕੇ ਸਤਿਗੁਰੂ ਦੇ ਸੇਵਾਦਾਰ ਹੋਏ।
ਬਹੁਤੇ ਨਗਰਾਂ ਵਿਚ ਦੀਵਾਨ ਲਾਵਣ
ਜਿਨਾ ਦਰਸ ਕੀਤੇ ਬੇੜੇ ਪਾਰ ਹੋਏ।
ਦਿੰਦੇ ਨਾਮ ਦੇ ਚਾੜ ਜਹਾਜ ਗੁਰ ਜੀ
ਸਿੰਘ ਸੈਂਕੜੇ ਸਜ ਤਿਆਰ ਹੋਏ।
ਮਾਘੀ ਪਹੁਚ ਗਏ ਮੁਕਤ ਸਰ ਆਕੇ
ਜਮਾਂ ਸਕੜੇ ਆਨ ਨਰ ਨਾਰ ਹੋਏ।
ਗੁਰਾਂ ਹੁਕਮ ਕੀਤਾ ਸਿੰਘਾਂ ਸਾਥੀਆਂ ਨੂੰ
ਚੋਬਾਂ ਗਡ ਕੇ ਤੰਬੂ ਤਿਆਰ ਹੋਏ।

Namdhari Elibrary NamdhariElibrary@gmail.com

ਲਗ ਗਿਆ ਦੀਵਾਨ ਸੀ ਰਾਗੀਆਂ ਦਾ
ਹੱਲਾ ਢੋਲਕੀ ਸ਼ਬਦ ਅਪਾਰ ਹੋਏ।
ਡੇਢ ਲਖ ਕਰੀਬ ਸੀ ਸਿੰਘ ਸਾਥੀ
ਕਠੇ ਦੇਸ ਵਿਚੋਂ ਇਕੋ ਵਾਰ ਹੋਏ।
ਲੰਗਰ ਤੋਰ ਦਿਤਾ ਓਸੇ ਬਖਤ ਭਾਈ
ਹਿੰਦੂ ਛਕਣ ਨੂੰ ਤੁਰਕ ਹਜਾਰ ਹੋਏ।
ਸੁਣਕੇ ਕ੍ਰਿਸਨ ਆਯਾ ਖਾਤਰ ਪੇਸ਼ਵਾਈ
ਕੁਤਵਾਲ ਨਾਲੇ ਠਾਣੇਦਾਰ ਹੋਏ।
ਅਦਬ ਨਾਲ ਸਾਰਾ ਇੰਤਜਾਮ ਕਰਦੇ
ਕਠੇ ਲੋਕ ਨੇਂ ਕਈ ਹਜਾਰ ਹੋਏ।
ਸਤਿਗੁਰ ਹੁਕਮ ਦਿੰਦੇ ਸੰਤ ਖਾਲਸੇ ਨੂੰ
ਦਰਸਨ ਕਰਨ ਦਰਵਾਰ ਤਿਆਰ ਹੋਏ।
ਸਿੰਘਾਂ ਢੋਲਕਾਂ ਖੂਬ ਸਮਾਰ ਲਈਆਂ
ਇਕ ਵੇਰ ਨੇੜੇ ਨਰ ਨਾਰ ਹੋਏ।
ਕਾਲਾ ਸਿੰਘ ਪਰਸਾਦਿ ਤਿਆਰ ਕਰਕੇ
ਕਠੇ ਸਿੰਘ ਹੰਸਾਂ ਵਾਂਗ ਡਾਰ ਹੋਏ॥ ੨੭॥

ਸ੍ਰੀ ਸਤਿਗੁਰੂ ਜੀ ਨੇ ਦਰਬਾਰ ਦਰਸ਼ਨ ਕਰਨ ਨੂੰ ਜਾਣਾ

ਬਜੇ ਢੋਲਕੀ ਹੱਲੇ ਦਾ ਸਬਦ ਹੋਵੇ
ਦਰਸ਼ਨ ਕਰਨ ਨੂੰ ਜਾਣ ਦਰਵਾਰ ਸਾਰੇ।
ਮੂਹਰੇ ਗੁਰੂ ਜੀ ਸਿੰਘਾਂ ਪ੍ਰਸਾਦਿ ਲੀਤਾ
ਪਿਛੇ ਸਿੰਘ ਹੈਸਨ ਨਰੁ ਨਾਰ ਸਾਰੇ।
ਬਜੀ ਢੋਲਕੀ ਸ਼ਬਦ ਨੇ ਠਾਠ ਦਿਤੀ
ਸਿੰਘ ਮਸਤ ਹੋਏ ਇੱਕੋ ਵਾਰ ਸਾਰੇ।
ਤਾਰ ਖਿਚ ਲਈ ਬੱਸ ਨਾ ਪੂਤਲੀ ਦੇ
ਪੈਂਦੀ ਸ਼ਬਦ ਦੀ ਚੋਟ ਦੀ ਮਾਰ ਸਾਰੇ।
ਲੋਟ ਪੋਟ ਹੋਏ ਕਈ ਧਰਤ ਉੱਤੇ
ਖੁਲੇ ਕੇਸ ਦਸਤਾਰ ਉਤਾਰ ਸਾਰੇ।

ਮਾਈਆਂ ਬੀਬੀਆਂ ਮਾਂਗਨੇ ਪੂਤਲੀ ਦੇ
ਹੋਈਆਂ ਮਸਤ ਨੇ ਕੇਸ ਖਲਾਰ ਸਾਰੇ।
ਸਿੰਘਾਂ ਵਲ ਪੁਜਾਰੀਆਂ ਨਿਗਾ ਕੀਤੀ
ਭੁਖੇ ਦੇਖਨੇ ਵਾਂਗ ਅੰਗਿਆਰ ਸਾਰੇ।
ਏਸੇ ਤੌਰ ਦਰਵਾਰ ਦੇ ਵਿਚ ਪਹੁੰਚੇ
ਹਥ ਜੋੜ ਕਰਦੇ ਨਮਸਕਾਰ ਸਾਰੇ।
ਗੁਰੂ ਤਿੰਨ ਵਾਰਾਂ ਮਥਾ ਟੇਕਕੇ ਤੇ
ਫਤੇ ਵਾਹਿਗੁਰੂ ਕਹੀ ਉਚਾਰ ਸਾਰੇ।
ਭੇਟਾ ਨਗਦ ਪ੍ਰਸਾਦਿ ਸੀ ਰਖ ਦਿੱਤਾ
ਸਤਿਗੁਰ ਖੜੇ ਹੋਏ ਨਿਰਾਧਾਰ ਸਾਰੇ।
ਕਾਮਾਂ ਮਾਂਗ ਪੁਜਾਰੀਆਂ ਮਤਾ ਕੀਤਾ
ਕੱਠੇ ਆਣ ਹੋਏ ਇਕੋ ਵਾਰ ਸਾਰੇ।
ਆਖਣ ਆਈ ਚਿੱਠੀ ਸਾਨੂੰ ਅਮਰਸਰ ਦੀ
ਅਸੀਂ ਓਸਦੇ ਹਾਂ ਤਾਬੇਦਾਰ ਸਾਰੇ।
ਅਸੀਂ ਨਹੀਂ ਥੋਡੀ ਅਰਦਾਸ ਕਰਨੀ
ਤੁਸੀਂ ਹੋ ਤਨਖਾਹੀ ਅਪਾਰ ਸਾਰੇ।
ਕਈ ਕਹਿਣ ਏ ਤਾਲ ਨੂੰ ਕਰੋ ਪੱਕਾ
ਕਈ ਕਹਿਣ ਏ ਫਰਸ਼ ਸੁਮਾਰ ਸਾਰੇ।
ਕਈ ਕਹਿਣ ਵਾਢੀ ਟੇਢੀ ਦਿਓ ਸਾਨੂੰ
ਰਿਸ਼ਵਤ ਮੰਗਦੇ ਪੰਜ ਹਜ਼ਾਰ ਸਾਰੇ।
ਕਈ ਕਹਿਣ ਨਾ ਕੋਈ ਦਸਤਾਰ ਲਾਹੇ
ਖੋਲ੍ਹਣ ਹਾਲ ਨਾਂ ਕੇਸ ਖਲਾਰ ਸਾਰੇ।
ਕਈ ਕਹਿਣ ਨਾਂ ਤੁਸਾਂ ਨੂੰ ਗੁਰੂ ਆਖਣ
ਸਿੱਖ ਬਣਨ ਨਾਂ ਜੋ ਸੇਵਾਦਾਰ ਸਾਰੇ।
ਕਈ ਕਹਿਣ ਨਾ ਕੰਨ ਕਲਾਮ ਦਸੋ
ਤਾਹੀਂ ਨੱਚਦੇ ਨੇ ਹੂਕਰ ਮਾਰ ਸਾਰੇ।
ਕਈ ਕਹਿਣ ਭੇਣੀ ਸਾਹਿਬ ਨਾਂ ਕਹਿਣ ਕੂਕੇ
ਸਿਧੀ ਕਹਿਣ ਭੈਣੀ ਮੁਖੋਂ ਟਾਰ ਸਾਰੇ।

Namdhari Elibrary NamdhariElibrary@gmail.com

ਕਈ ਕਹਿਣ ਏ ਲੋਹੇ ਦੀ ਲੈਣ ਮਾਲਾ
ਦੇਣ ਉੱਨ ਦੀ ਗਲੋਂ ਉਤਾਰ ਸਾਰੇ।
ਕਈ ਕਹਿਣ ਨਾ ਔਰਤਾਂ ਪਾਉਂਣ ਕੱਛਾਂ
ਰਖਣ ਗੁਤ ਨਾਂ ਕੇਸ ਖਿਲਾਰ ਸਾਰੇ।
ਕਈ ਕਹਿਣ ਗਲੋਂ ਲਾਹੋ ਢੋਲਕੀ ਨੂੰ
ਜਲਸਾ ਕਰੋ ਨਾਂ ਤਾੜੀਆਂ ਮਾਰ ਸਾਰੇ।
ਮੰਡੇ ਕੁੜੀ ਦਾ ਤੁਸੀਂ ਨਿਕਾਹ ਕਰਦੇ
ਬਾਮਣ ਦਿਤੇ ਨੇ ਦੂਰ ਦਰਕਾਰ ਸਾਰੇ।
ਕਈ ਕਹਿਣ ਦਸ ਲੱਖ ਤਨਖਾਹ ਦੇਵੋ
ਤੁਸੀਂ ਬਣੋਂ ਸਾਡੇ ਜੱਥੇਦਾਰ ਸਾਰੇ।
ਕਈ ਕਹਿਣ ਨੀਲਾ ਬਾਣਾ ਸਰਬ ਪਾਵਣ
ਸਿਰ ਤੇ ਸਿੰਘ ਰਖਣ ਦਸਤਾਰ ਸਾਰੇ।
ਕਾਮਾਂ ਮਾਂਗ ਪੁਜਾਰੀਆਂ ਰਾਰ ਕੀਤੀ
ਹਾਰ ਬੈਠ ਗਏ ਝਖਾਂ ਮਾਰ ਸਾਰੇ।
ਸਤਿਗੁਰ ਕਹਿਣ ਨਾ ਏਨੀ ਹੈ ਸ਼ਕਤ ਮੈਨੂੰ
ਏ ਤਾਂ ਸ਼ਬਦ ਕਰਦਾ ਕੰਮ ਕਾਰ ਸਾਰੇ।
ਕਿਵੇਂ ਸਿੰਘਾਂ ਦੇ ਚਿੱਤ ਮੈਂ ਫੇਰ ਦੇਵਾਂ
ਮੈਨੂੰ ਸ਼ਕਤ ਨਾਂ ਦਿਤੀ ਕਰਤਾਰ ਸਾਰੇ।
ਏਹੋ ਬਾਤ ਸਾਰੀ ਬਸ ਸ਼ਬਦ ਦੇ ਹੈ
ਏ ਹੈ ਸ਼ਬਦ ਦੇ ਸਿਖ ਨਿਰਧਾਰ ਸਾਰੇ।
ਸਤਿਗੁਰ ਆਖਦੇ ਲਾਓ ਤਨਖਾਹ ਸਾਨੂੰ
ਜਥਾ ਜੋਗ ਕਰਕੇ ਕੰਮਕਾਰ ਸਾਰੇ।
ਜਥਾ ਜੋਗ ਤਨਖਾਹ ਮਨਜ਼ੂਰ ਸਾਨੂੰ
ਢੰਗੇ ਮਾਰੋ ਨਾਂ ਕਰੋ ਵਿਚਾਰ ਸਾਰੇ।
ਤਾਕਤ ਗੁਰੂ ਦੇਵੇ ਕਰਾਂ ਤਾਲ ਪੱਕਾ
ਚਾੜ ਦੇਵਾਂ ਸੁਬਰਨ ਗੁਰਦੁਵਾਰ ਸਾਰੇ।
ਇਕ ਆਂਣ ਪੁਜਾਰੀ ਸਲਾਹਿ ਦਿੰਦਾ
ਕਪਟੀ ਚਿੱਤ ਬਦ ਬਖਤ ਬਦਕਾਰ ਸਾਰੇ।

ਤੰਬੂ ਸਾਹਿਬ ਦਾ ਸੀ ਮਹੰਤ ਭਾਰਾ
ਬਣਿਆਂ ਆਣ ਕੇ ਸੀ ਜੱਥੇਦਾਰ ਸਾਰੇ।
ਕੋਈ ਨੀਲ ਨ ਪੈਨਦਾਂ ਨਾਮਧਾਰੀ
ਨੀਲੇ ਰੰਗ ਤੇ ਕਰਨ ਅਨਕਾਰ ਸਾਰੇ।
ਸਿਰੋ ਪਾਓ ਨੀਲਾ ਦੇਵੇ ਰਾਮ ਸਿੰਘ ਨੂੰ
ਇਹੋ ਠਾਣ ਲੀਨਾ ਇਕੇਵਾਰ ਸਾਰੇ।
ਓਨਾਂ ਦਿੱਤਾ ਤੇ ਸਤਿਗੁਰ ਧਾਰ ਲੀਤਾ
ਹੱਥ ਜੋੜ ਕੀਤੀ ਨਮਸ਼ਕਾਰ ਸਾਰੇ।
ਰੌਲਾ ਫੇਰ ਪੁਜਾਰੀਆਂ ਆਣ ਕੀਤਾ
ਜਿਵੇਂ ਮੁਰਾਦ ਪਾਵਣ ਬਭਕਾਰ ਸਾਰੇ।
ਆਖਣ ਨੀਲ ਤਾਂ ਇਨਾਂ ਨੇ ਪੈਹਨ ਲੀਤਾ
ਨਹੀ ਕਰੀਜੇ ਕੁੱਝ ਅਨਕਾਰ ਸਾਰੇ।
ਆਖਣ ਏਹ ਤਨਖਾਹਿ ਨਾ ਅਸੀ ਲੈਣੀ
ਲਾਈਏ ਹੋਰ ਤਨਖਾਹ ਵਿਚਾਰ ਸਾਰੇ।
ਸਤਿ ਗੁਰ ਕਹਣ ਦਿਖਾਊ ਤਨਖਾਹਿ ਲਾਕੇ
ਦਰਸਨ ਫੇਰ ਕਰਸਾਂ ਗੁਰਦੁਵਾਰ ਸਾਰੇ।
ਨਾਮ ਜਪਦਿਆਂ ਰਹਿਤ ਨੂੰ ਰੱਖਦਿਆਂ ਨੂੰ
ਲਾਵੇ ਕੌਣ ਤਨਖਾਹਿ ਵਿਚਾਰ ਸਾਰੇ।
ਕਰਾਂ ਵਾਂਗ ਮਸੰਦਾਂ ਦੇ ਨਾਲ ਥੋੜੇ
ਗੁਰੂ ਆਪ ਆਵੇ ਕ੍ਰਿਪਾ ਧਾਰ ਸਾਰੇ।
ਗੁਰਾਂ ਲਾਹਿ ਨੀਲਾ ਝੱਟ ਪਾੜ ਡਾਰਾ
ਕਰਕੇ ਤੁਰਨ ਸਤਿਗੁਰ ਨਮਸਕਾਰ ਸਾਰੇ।
ਕੀਤੀ ਆਪ ਅਰਦਾਸ ਪ੍ਰਸਾਦਿ ਦੀ ਜੋ
ਸਿੰਘ ਦੇਣ ਬਰਤਾਏ ਪੁਕਾਰ ਸਾਰੇ।
ਕਰੀ ਫੇਰ ਪਰਕੰਮਿਆਂ ਖਾਲਸੇ ਨੇ
ਸ਼ਬਦ ਢੋਲਕੀ ਨਾਲ ਉਚਾਰ ਸਾਰੇ।
ਗੁਰਮੁਖ ਹਾਰ ਚੱਲੇ ਜੱਗ ਜਿੱਤ ਹੋਇਆ
ਏਸ ਸ਼ਬਦ ਨੂੰ ਕਹਿਣ ਪੁਕਾਰ ਸਾਰੇ।

Namdhari Elibrary NamdhariElibrary@gmail.com

ਲੱਗੇ ਸ਼ਬਦ ਦਾ ਬਾਣ ਜਾਂ ਵਿੱਚ ਸੀਨੇਂ
ਸਿਰੋਂ ਦੇਣ ਦਸਤਾਰ ਉਤਾਰ ਸਾਰੇ।
ਪੜਦੇ ਸ਼ਬਦ ਪ੍ਰੇਮ ਦੇ ਭਰੇ ਹੋਏ
ਆ ਗਏ ਨੇ ਇਕੋ ਵਾਰ ਸਾਰੇ।
ਕਾਲਾ ਸਿੰਘ ਪ੍ਰਸੰਗ ਤੂੰ ਕਰੀਂ ਪੂਰਾ
ਪੜਕੇ ਸੰਤ ਜਨ ਕਰਨ ਵਿਚਾਰ ਸਾਰੇ॥ ੨੮॥

ਸਤਿਗੁਰਾਂ ਨੇ ਦੌਰਾ ਕਰਦਿਆਂ ਨੇ ਦਮਦਮੇ ਦਰਸ਼ਨ ਕਰਨੇ

ਸਤਿਗੁਰ ਮਾਲਵੇ ਦੇਸ ਦਾ ਕਰਨ ਦੌਰਾ
ਪਿੰਡ ਪਿੰਡ ਦੀਵਾਨ ਲਗਾਕੇ ਜੀ।
ਨਾਮ ਦਾਨ ਦਗ਼ਾਨ ਦੀ ਕਰਨ ਬਰਖਾ
ਸ਼ਬਦ ਢੋਲਕੀ ਸਾਜ ਬਜਾਕੇ ਜੀ।
ਚੋਰ ਜਾਰ ਤੇ ਧਾੜਵੀ ਸਿਖ ਕੀਤੇ
ਦਾਰੂ ਮਾਸ ਤੇ ਹੁੱਕੇ ਛੁਡਾਕੇ ਜੀ।
ਕੀਤੇ ਦੂਰ ਕੁਕਰਮ ਅਧਰਮ ਸਾਰੇ
ਸਿਰ ਮੋਨਿਆਂ ਕੇਸ ਰਖਾਕੇ ਜੀ।
ਕੀਤੇ ਦੈਂਤਸੇ ਦੇਵਤੇ ਸਤਿਗੁਰਾਂ ਨੇ
ਅੰਮ੍ਰਿਤ ਖੰਡੇ ਦਾ ਪਾਨ ਕਰਾਕੇ ਜੀ।
ਮਾਘੀ ਦੇਖ ਮੁਕਸਰ ਦੌਰਾ ਕਰਨ ਗੁਰੂ ਜੀ
ਮੇਲਾ ਦਮਦਮੇ ਦਾ ਦੇਖਣ ਜਾਕੇ ਜੀ।
ਸੰਤ ਖਾਲਸੇ ਨੂੰ ਗੁਰਾਂ ਹੁਕਮ ਦਿਤਾ
ਦੇਖੋ ਦਮਦਮੇ ਸਾਹਿਬ ਨੂੰ ਧਾਕੇ ਜੀ।
ਜਿੱਥੇ ਗੁਰੂ ਗਰੰਥ ਦੀ ਬੀੜ ਬੰਨ੍ਹੀ
ਦਸਵੇਂ ਗੁਰੂ ਜੀ ਕਲਮ ਬਗਾਕੇ ਜੀ।
ਚਲੋ ਓਸ ਅਸਥਾਨ ਦਾ ਦਰਸ ਕਰੀਏ
ਸਤਿਗੁਰ ਆਖਦੇ ਆਪ ਸੁਣਾਕੇ ਜੀ।
ਲਿਆ ਸਮਝ ਬਸਾਖੀ ਦਾ ਪੁਰਬ ਭਾਰਾ
ਕੀਤਾ ਖਾਲਸਾ ਪੰਥ ਸਜਾਕੇ ਜੀ।

ਕਾਲਾ ਸਿੰਘ ਸਤਿਗੁਰ ਦਮਦਮੇ ਪਹੁੰਚੇ
ਤੰਬੂ ਚਾਨਣੀ ਲਾਈ ਬਣਾਕੇ ਜੀ॥ ੨੯॥

ਸਤਿਗੁਰਾਂ ਨੇ ਤੇ ਸਾਰੇ ਖਾਲਸੇ ਨੇ ਦਰਸ਼ਨ ਕਰਨਾ ਤਖਤ ਸਾਹਿਬ ਦਾ

ਸਿੰਘਾਂ ਰਾਗੀਆਂ ਲਾਇ ਦੀਵਾਨ ਦਿਤਾ
ਲੋਕ ਆਂਵਦੇ ਤੇ ਕਈ ਜਾਂਵਦੇ ਨੇ।
ਸਤਿਗੁਰ ਆਪ ਦੀਵਾਨ ਦੇ ਵਿਚ ਬੈਠੇ
ਉੱਚੀ ਸੁਰੀ ਰਾਗੀ ਸ਼ਬਦ ਗਾਂਵਦੇ ਨੇ।
ਲੰਗਰ ਤੋਰ ਦਿੱਤਾ ਉਸੇ ਬਖਤ ਅੰਦਰ
ਹਿੰਦੂ ਤੁਰਕ ਸਾਰੇ ਛਕੀ ਜਾਂਵਦੇ ਨੇ।
ਸਿੰਘਾਂ ਤੁਰਤ ਪ੍ਰਸਾਦਿ ਤਿਆਰ ਕੀਤੇ
ਪੂਰੇ ਸਤਿਗੁਰੂ ਹੁਕਮ ਸੁਨਾਂਵਦੇ ਨੇ।
ਚੱਲੋ ਗੁਰੂ ਦੇ ਤਖਤ ਦਾ ਦਰਸ ਕਰੀਏ
ਸੰਤ ਖਾਲਸੇ ਤਾਂਈ ਬੁਲਾਵੰਦੇ ਨੇ।
ਸਿੰਘ ਢੋਲਕੀ ਦੇ ਨਾਲ ਸ਼ਬਦ ਪੜਦੇ
ਰਾਗੀ ਆਪਣੇ ਸਾਜ ਬਜਾਵੰਦੇ ਨੇ।
ਮੂਹਰੇ ਸਤਿਗੁਰ ਖਾਲਸਾ ਮਗਰ ਸਾਰਾ
ਗਿਣਤੀ ਤੀਸ ਹਜਾਰ ਦੀ ਆਵੰਦੇ ਨੇ।
ਬੱਜੀ ਢੋਲਕੀ ਹੱਲੇ ਦਾ ਸ਼ਬਦ ਪੜਿਆ
ਚਰਨੀ ਗੁਰਾਂ ਦੇ ਸੁਰਤ ਲਗਾਂਵੰਦੇ ਨੇ।
ਦਸਵੇਂ ਗੁਰੂ ਦੀ ਸ਼ਕਲ ਦਾ ਖਿਚ ਫੋਟੂ
ਹਿਰਦੇ ਆਪਣੇ ਵਿਚ ਬਸਾਵੰਦੇ ਨੇ।
ਸੁਰਤ ਰੋਕ ਕੇ ਸਿੰਘਾ ਨੇ ਸ਼ਬਦ ਪੜਿਆ
ਦ੍ਰਿਸ਼ਟ ਵਿੱਚ ਕਲਗੀ ਵਾਲੇ ਆਵੰਦੇ ਨੇ।
ਹੋਏ ਮਸਤ ਦਸਤਾਰ ਉਤਾਰ ਸਾਰੇ
ਗੁਰੂ ਗ੍ਰੰਥ ਜੀ ਦੇ ਸ਼ਬਦ ਗਾਵੰਦੇ ਨੇ।
ਮਾਈਆਂ ਬੀਬੀਆਂ ਦੇ ਗਲੀਂ ਕੇਸ ਖੁੱਲ੍ਹੇ
ਸਭੇ ਗੁਰੂ ਦਾ ਨਾਮ ਧਿਆਂਵੰਦੇ ਨੇ।
ਸਤਿਗੁਰ ਸੂਰਮੇ ਸ਼ਬਦ ਦਾ ਬਾਣ ਲਾਇਆ
ਡੇਂਦੇ ਗਿਰੇ ਸੀਨੇ ਛੇਕ ਪਾਂਵਦੇਨੇ।

Namdhari Elibrary NamdhariElibrary@gmail.com

ਅਕਲ ਬਕਲ ਹੋਏ ਦਰਸ਼ਨ ਪਾਏ ਗੁਰ ਕੇ
ਲੋਟ ਪੋਟ ਹੋਕੇ ਗੋੜੇ ਖਾਂਵਦੇ ਨੇ।
ਏਸੇ ਤੌਰ ਦਰਵਾਰ ਦੇ ਵਿੱਚ ਪਹੁੰਚੇ
ਮੂਹਰੇ ਸਤਿਗੁਰ ਜੀ ਚੱਲੇ ਆਂਵਦੇ ਨੇ।
ਜਿੱਥੇ ਤਖਤ ਹੈ ਸੀ ਗੁਰਾਂ ਪੂਰਿਆਂ ਦਾ
ਫਤੇ ਵਾਹਿਗੁਰੂ ਸਰਬ ਗਜਾਵੰਦੇ ਨੇ।
ਸਤਿਗੁਰ ਤਿੰਨਵਾਰੀ ਨਮਸਕਾਰ ਕਰਕੇ
ਗੁਰਦੁਵਾਰੇ ਨੂੰ ਸੀਸ ਝੁਕਾਵੰਦੇ ਨੇ।
ਧੰਨ ਧੰਨ ਦਸਵਾਂ ਗੁਰੂ ਕਹਿਣ ਮੂੰਹੋਂ
ਸਤਿ ਸ੍ਰੀ ਅਕਾਲ ਬੁਲਾਵੰਦੇਨੇ।
ਕਾਲਾ ਸਿੰਘ ਪੁਜਾਰੀਆਂ ਨਿਗਾ ਕੀਤੀ
ਲੋਹੇ ਵਾਂਗ ਪਿੰਨੇ ਤਪ ਜਾਂਵਦੇ ਨੇ॥ ੩੦॥

ਵਾਕ ਕਵੀ

ਪਹਿਲੇ ਬੈਠਕੇ ਸਰਬ ਨੇ ਮਤਾ ਕੀਤਾ
ਗੁਰਦੁਵਾਰੇ ਦੇ ਜੇੜੇ ਪੁਜਾਰੀਏਸੇ।
ਅਮਰਸਰੋਂ ਚਿਠੀ ਜੋੜੀ ਤਖਤ ਵਾਲੀ
ਬਹੁਤੇ ਓਸਦੇ ਜੋ ਦਾਮਨਗੀਰੀਏ ਸੇ।
ਸਾਰੇ ਮਿਲੇ ਪੁਜਾਰੀ ਤੇ ਹੋਰ ਭੇਖੀ
ਕਾਲੀ ਪੋਸ਼ ਨਿਹੰਗ ਬਹੀਰੀਏ ਸੇ।
ਮੰਗ ਤਗ ਕੇ ਸਰਬ ਦਾ ਖਾਏ ਲੈਂਦੇ
ਹੁੱਕਾ ਪੀਣ ਜੜੇ ਪੰਜ ਪੀਰੀਏ ਸੇ।
ਭੰਗ ਪੀਣ ਤੇ ਕਰਨ ਨਾ ਭਜਨ ਬਾਣੀ
ਜੱਕੜ ਮਾਰਦੇ ਫਿਰਨ ਉਚੀਰੀਏ ਸੇ।
ਰਲਕੇ ਸਾਰਿਆਂ ਇਕ ਸਲਾਹ ਕੀਤੀ
ਨੰਗੇ ਭੁੱਖੇ ਜੋ ਕਪੜੇ ਲੀਰੀਏ ਸੇ।
ਬਣਕੇ ਗੁਰੂ ਪੂਜਾ ਆਪੇ ਆਪ ਖਾਵੇ
ਦੇਵੇ ਸਾਨੂੰ ਨਾ ਅਸੀਂ ਜੋ ਮੀਰੀਏ ਸੇ।

Namdhari Elibrary NamdhariElibrary@gmail.com

ਪੰਜ ਸੱਤ ਤੇ ਲੱਖ ਤਨਖਾਹ ਲਾਵੇ
ਇਹੋ ਠਾਣ ਦੇ ਚਿੱਤ ਲੁਟੀਰੀਏ ਸੇ।
ਕਾਲਾ ਸਿੰਘ ਤੂੰ ਕਰੀਂ ਪ੍ਰਸੰਗ ਪੂਰਾ
ਹੋਏ ਫੈਸਲੇ ਜਿਵੇਂ ਅਖੀਰੀਏ ਸੇ॥ ੩੧॥

ਪੁਜਾਰੀ ਤੇ ਨਿਹੰਗਾਂ ਨੇ ਬਰੂਦ ਵਾਂਗ ਸੜਨਾਂ ਦੇਖਕੇ ਸੰਤ ਖਾਲਸੇ ਨੂੰ

ਬਲ ਉਠੇ ਸੇ ਸਾਰੇ ਬਰੂਦ ਵਾਂਗੂੰ
ਜਦੋਂ ਪੰਥ ਦਾ ਤੇਜ ਪਰਤਾਪ ਡਿਠਾ।
ਕਹਿਣ ਲੱਗੇ ਤਨਖਾਹੀਏ ਨੇ ਨਾਮਧਾਰੀ
ਵਿਚ ਪੰਥ ਮਾਲਕ ਖੜਾ ਆਪ ਡਿਠਾ।
ਗੁਰੂ ਬਣੇ ਤੂੰ ਅੱਡ ਹੈ ਪੰਥ ਕੀਤਾ
ਪੂਜਾ ਸਾਡੀ ਕਰਦਾ ਖਪਾਖਾਪ ਡਿਠਾ।
ਕੰਨ ਸੁਨਣ ਕਲਾਮ ਤਾਂ ਮਸਤ ਹੋਵਣ
ਮਰਦ ਔਰਤਾਂ ਦਾ ਵਡਾ ਪਾਪ ਡਿਠਾ।
ਸਿਰੋਂ ਡਾਰ ਦਸਤਾਰ ਬਿਅਰਥ ਕਰਦੇ
ਖੋਲਣ ਕੇਸ ਕਲਾਮ ਦਾ ਜਾਪ ਡਿਠਾ।
ਪੰਜ ਸੱਤ ਤੇ ਲੱਖ ਤਨਖਾਹ ਦੇਵੇ
ਅਸੀ ਚਾਹਾਂਗੇ ਕਰਨ ਮਲਾਪ ਡਿੱਠਾ।
ਕਹਿਣ ਕਰੋ ਮਨਜੂਰ ਤਨਖਾਹ ਸਾਡੀ
ਖੜਾ ਪੰਥ ਸਾਰਾ ਚੁਪ ਚਾਪ ਡਿਠਾ।
ਕੋਈ ਕੁਝ ਆਖੇ ਕੋਈ ਕੁਝ ਆਖੇ
ਰੌਲਾ ਕਾਵਾਂ ਦੀ ਤਰਾਂ ਅਲਾਪ ਡਿੱਠਾ।
ਜਿਨੇਂ ਮੰਹ ਓਨਾਂ ਵਕਾਵਾਦਿ ਕਰਦੇ
ਦੇਖ ਤੇਜ ਗੁਰ ਦਾ ਚੜ੍ਹਦਾ ਤਾਪ ਡਿੱਠਾ।
ਕਾਲਾ ਸਿੰਘ ਨੇ ਹੁਜਤਾਂ ਪੇਸ਼ ਕਰਦੇ
ਬੇੜਾ ਖਾਸ਼ ਹੁੰਦਾ ਗਰਾਗਾਪ ਡਿੱਠਾ॥ ੩੨॥

ਪ੍ਰਸੰਗ ਸ੍ਰੀ ਮੁਖ ਵਾਕ ਸਤਿਗੁਰੂ ਜੀ

ਸਾਗਰ ਸ਼ਾਂਤ ਦੇਖ ਸਤਿਗੁਰੂ ਕਹਿਣ ਮੂੰਹੋਂ
ਮੇਰਾ ਪੰਥ ਨਾਂ ਕਰੋ ਵਿਚਾਰ ਵਾਰੀ।

Namdhari Elibrary NamdhariElibrary@gmail.com

ਏਹ ਹੈ ਖਸਮ ਦਾ ਖਾਲਸਾ ਪੰਥ ਭਾਈ
ਦਸਮੇਂ ਗੁਰੂ ਕੀਤਾ ਕਰਨ ਹਾਰ ਵਾਰੀ।
ਗੁਰੂ ਨਹੀਂ ਮੈਂ ਗੁਰਾਂ ਦਾ ਦਾਸ ਜਾਣੋਂ
ਗੁਰੂ ਸ਼ਬਦ ਦਾ ਹਾਂ ਸੇਵਾਦਾਰ ਵਾਰੀ।
ਪੂਜਾ ਮਾੜੀ ਜੇ ਤੁਸੀਂ ਵੀ ਖਾਵੰਦੇ ਹੋ
ਪਾਵਾਂ ਲੰਗਰ ਦੇ ਮੈਂ ਵਿਚਕਾਰ ਵਾਰੀ।
ਸਿੱਖ ਸਾਧ ਤੇ ਸੰਤ ਵੀ ਛਕਣ ਓਥੋਂ
ਮੈਂ ਵੀ ਕਰਾਂਨਾਂ ਜੋ ਅੰਗੀ ਕਾਰ ਵਾਰੀ।
ਮੈਨੂੰ ਤੁਸੀਂ ਤਨਖਾਹੀ ਜੋ ਆਖਦੇ ਹੋ
ਸੋਚੋ ਚਿੱਤ ਨੂੰ ਕੰਘੀਆਂ ਮਾਰ ਵਾਰੀ।
ਮੈਂ ਨਾਂ ਕਰੀ ਅਵੱਗਿਆ ਪੰਥ ਅੰਦਰ
ਦੇਹਧਾਰ ਹੈ ਏਹ ਭੁਲਣ ਹਾਰ ਵਾਰੀ।
ਜਿਸ ਸਬਦ ਨੂੰ ਤੁਸੀਂ ਕਲਾਮ ਆਖੋ
ਸੋਹੈ ਸਬਦ ਗੁਰਕਾ ਨਿਰਾਧਾਰ ਵਾਰੀ।
ਗੁਰੂ ਸ਼ਬਦ ਦੇ ਵਿੱਚ ਏ ਮਸਤ ਹੋਕੇ
ਦਿੰਦੇ ਸਿਰੋਂ ਦਸਤਾਰ ਉਤਾਰ ਵਾਰੀ।
ਨਾਮ ਦਾਨ ਇਸ਼ਨਾਨ ਤੇ ਭਜਨ ਬਾਣੀ
ਰਸਮ ਦਸਮ ਦਾ ਪੰਥ ਪ੍ਰਚਾਰ ਵਾਰੀ।
ਏਸ ਵਾਤ ਦੇ ਵਿਚ ਤਨਖਾਹ ਕੇਹੜੀ
ਜਥਾ ਜੋਗ ਜੋ ਲਵੋ ਵਿਚਾਰ ਵਾਰੀ।
ਗੁਰੂ ਧਾਮ ਦਰਸ਼ਨ ਕਰਨ ਅਸੀਂ ਆਏ
ਦਰਸ਼ਨ ਕਰਨ ਦੇਵੋ ਕ੍ਰਿਪਾਧਾਰ ਵਾਰੀ।
ਕਾਲਾ ਸਿੰਘ ਤਨਖਾਹਿ ਮਨਜ਼ੂਰ ਸਾਨੂੰ
ਲਾਵੋ ਸੋਚਕੇ ਸਮਝ ਨਿਹਾਰ ਵਾਰੀ॥ ੩੩॥

ਪ੍ਰਸੰਗ ਪੁਜਾਰੀਆਂ ਤੇ ਨਿਹੰਗਾਂ ਨੇ ਸਖਤ ਬੋਲਣਾ

ਉਠ ਭੜਕ ਪੁਜਾਰੀ ਨਿਹੰਗ ਸਾਰੇ
ਗੁਰਦੁਵਾਰੀ ਨਾਂ ਤੁਸਾਂ ਨੂੰ ਵੜਨ ਦੇਣਾ।

Namdhari Elibrary NamdhariElibrary@gmail.com

ਨਾਮਧਾਰੀ ਤਨਖਾਹੀ ਵੀ ਹੈਨ ਸਾਰੇ
ਤਖਤ ਉੱਪਰ ਨਾ ਤੁਸਾਂ ਨੂੰ ਚੜਨ ਦੇਣਾ।
ਸਾਡੇ ਨਾਲ ਕੀ ਵਾਸਤਾ ਮੁਸਲਿਆਂ ਦਾ
ਗੁਰਦੁਵਾਰੇ ਦੇ ਪਾਸ ਨਾਂ ਖੜਨ ਦੇਣਾ।
ਮੁਸਲਮਾਨੀ ਕਲਾਂਮ ਜਪਾਉਣ ਕੂਕੇ
ਗੁਰਸ਼ਬਦ ਨਾਂ ਤੁਸਾਨੂੰ ਪੜਨ ਦੇਣਾ।
ਵਕਾਵਾਦਿ ਤੇ ਗਾਲ ਗਲੋਂਜ ਕੀਤੀ
ਮਾਂਗ ਕਾਵਾਂ ਦੇ ਹੈ ਰੌਲਾ ਪੜਨ ਦੇਣਾ।
ਰੋਕੇ ਸਤਿਗੁਰਾਂ ਨੇ ਸਾਰੇ ਨਾਮਧਾਰੀ
ਥੋਨੂੰ ਇਨਾਂ ਦੇ ਨਾਲ ਨਾ ਲੜਨ ਦੇਣਾ।
ਕਾਲਾ ਸਿੰਘ ਪੁਜਾਰੀਆਂ ਐਸਿਆਂ ਦਾ
ਬੇੜਾ ਨੈ ਦੀ ਧਾਰ ਵਿੱਚ ਹੜਨ ਦੇਣਾ॥ ੩੪॥

ਗੁਰੂ ਜੀ ਨੇ ਹੁਕਮ ਦੇਕੇ ਅਰਦਾਸਾ ਕਰਵਾਏ ਪ੍ਰਸਾਦਿ ਬਰਤਾ ਦੇਣਾ।

ਦਿੰਦੇ ਹੁਕਮ ਗੁਰ ਸਿੰਘ ਅਰਦਾਸ ਕਰਦੇ
ਦੇਗ ਝੱਟ ਪ੍ਰਸਾਦਿ ਬਰਤਾਂਵੰਦੇ ਜੀ।
ਗੁਰੂ ਸਾਹਿਬ ਦੇ ਤਖਤ ਨੂੰ ਟੇਕ ਮੱਥਾ
ਸਾਰੇ ਪਿਛਾਂ ਨੂੰ ਪੈਰ ਭਵਾਂਵੰਦੇ ਜੀ।
ਮੂਹਰੇ ਸਤਿਗੁਰੂ ਖਾਲਸਾ ਮਗਰ ਸਾਰਾ
ਓਸੇ ਤੌਰ ਮੁੜਦੇ ਸਬਦ ਗਾਂਵੰਦੇ ਜੀ।
ਗੁਰ ਮੁਖ ਹਾਰ ਚੱਲੇ ਜੱਗ ਜਿੱਤ ਹੋਇਆ
ਸ੍ਰੀ ਆਪ ਮੁਖ ਵਾਕ ਅਲਾਵੰਦੇ ਜੀ।
ਡੇਰੇ ਪਹੁੰਚ ਗਈ ਸੰਗਤ ਕੁੱਲ ਸਾਰੀ
ਤਿੰਨ ਦਿਨ ਬਤੀਤ ਕਰਾਵੰਦੇ ਜੀ।
ਓਥੋਂ ਤੁਰੇ ਡੇਰਾ ਫੇਰ ਕੂਚਕੀਤਾ
ਪਿੰਡੋਂ ਪਿੰਡ ਦੀਵਾਨ ਲਗਾਵੰਦੇ ਜੀ।
ਨਾਮ ਦਾਨ ਦਦ਼ਾਨ ਦੀ ਕਰਨ ਬਰਖਾ
ਨਿੱਤ ਸੈਕੜੇ ਸਿੰਘ ਸਜਾਵੰਦੇ ਜੀ।

Namdhari Elibrary NamdhariElibrary@gmail.com

ਕਾਲਾ ਸਿੰਘ ਆਕੇ ਭੈਣੀ ਸਾਹਿਬ ਪਹੁਚੇ
ਦੂਜੇ ਸਾਲ ਅਨੰਦ ਪੁਰ ਜਾਂਵਦੇ ਜੀ ॥ ੩੫ ॥

ਗੁਰੂ ਜੀ ਨੇ ਤਖਤ ਅਨੰਦਪੁਰ ਜੀ ਦਾ ਦਰਸਨ ਕਰਨਾ

ਸੰਮਤ ਉੱਨੀ ਸੌ ਬੀਸਵੇਂ ਸਾਲ ਅੰਦਰ
ਗੁਰੂ ਕਰਨ ਦੌਰਾ ਮੈਨ ਦੁਆਬ ਦਾ ਜੀ।
ਬਹੁਤ ਬਿਗੜਿਆ ਦੇਸ ਸੁਧਾਰ ਦਿੱਤਾ
ਮੂਲ ਪਟਿਆ ਮਾਸ ਸ਼ਰਾਬ ਦਾ ਜੀ।
ਚੋਰ ਜਾਰ ਤੇ ਧਾੜਵੀ ਸਿੰਘ ਬਣਦਾ
ਦਿਲੋਂ ਛੱਡ ਕੇ ਕੰਮ ਖਰਾਬਦਾ ਜੀ।
ਦੌਰਾ ਦੇਸ ਦਸੰਤ੍ਰਾਂ ਕਰਦਿਆਂ ਨੂੰ
ਫੱਗਣ ਆ ਗਿਆ ਕੰਮ ਹਸਾਬਦਾ ਜੀ।
ਸਤਿਗੁਰ ਕਹਿਣ ਅਨੰਦਪੁਰ ਦਰਸ ਕਰੀਏ
ਗੁਰੂਧਾਮ ਅਜੱਬ ਸੁਹਾਬਦਾ ਜੀ।
ਕਾਲਾ ਸਿੰਘ ਲੰਗਰ ਕੀਰਤ ਪੁਰ ਕਰਦੇ
ਅੱਗੇ ਸੁਣੋ ਜੋ ਗੁਰੂ ਨੂੰ ਭਾਂਬਦਾ ਜੀ ॥ ੩੬ ॥

ਪ੍ਰਸੰਗ ਪੁਜਾਰੀਆਂ ਤੇ ਨਿਹੰਗਾਂ ਨੇ ਅਰਜੀ ਦੇਣੀ ਸਰਕਾਰ ਪਾਸ।

ਕਰਨ ਕੱਠ ਪੁਜਾਰੀ ਅਨੰਦਪੁਰ ਦੇ
ਰਲੇ ਨਾਲ ਜੋ ਸਿੰਘ ਨਿਹੰਗ ਪਿਆਰੇ।
ਘਰ ਵਾਰ ਨਾ ਜਿਨਾਂ ਦਾ ਥਾਓਂ ਕੋਈ
ਨਿੱਤ ਖਾਣ ਟੁਕੜੇ ਘਰੋਂ ਮੰਗ ਪਿਆਰੇ।
ਕੱਠੇ ਹੋਇਨਿ ਫੁਟਕੜਾਂ ਦੇਸ ਵਿੱਚੋਂ
ਪਾਟੇ ਕਪੜੇ ਨੰਗ ਮਲੰਗ ਪਿਆਰੇ।
ਅਰਜੀ ਦੇਣ ਸਰਕਾਰ ਦੇ ਪਾਸ ਜਾਕੇ
ਆਕੇ ਨਾਮਧਾਰੀ ਕਰਨ ਜੰਗ ਪਿਆਰੇ।
ਜਵਰਨ ਆਣਕੇ ਤੇ ਸਾਡਾ ਕਿਲਾ ਰੋਕਣ
ਨਾਲੇ ਤਖਤ ਨੂੰ ਖੋਹਣ ਨਿਸੰਗ ਪਿਆਰੇ।
ਉਹਨਾਂ ਪਾਸ ਬਦੂਕ ਤਲਵਾਰ ਬਹੁਤੀ
ਤੁਆਡੇ ਰਾਜ ਨੂੰ ਵੀ ਕਰਨ ਭੰਗ ਪਿਆਰੇ।

Namdhari Elibrary NamdhariElibrary@gmail.com

ਗਵਰਮਿੰਟ ਸਾਰਾ ਬੰਦੋਬਸਤ ਕੀਤਾ
ਗੋਲੀ ਭਰੀ ਤੇ ਕਸੇ ਨੇ ਤੰਗ ਪਯਾਰੇ।
ਪੁਲਸ ਸਾਰੀ ਤਿਆਰ ਬਰਤਿਆਰ ਹੋਈ
ਮੂਹਰੇ ਖੜਾ ਅੰਗਰੇਜ ਫਰੰਗ ਪਿਆਰੇ।
ਗੋਰੇ ਆਖਿਆ ਤੁਸੀਂ ਤਾਂ ਫੈਲ ਕਰਨਾ
ਦੇਵਾਂ ਹੁਕਮ ਮੈ ਮੋੜਕੇ ਅੰਗ ਪਿਆਰੇ।
ਨਾਮਧਾਰੀਆਂ ਨੂੰ ਝੱਟ ਮਾਰ ਦੇਣਾ
ਗੋਲੀ ਦਾਗਣੀ ਕਹਿਣ ਨਿਹੰਗ ਪਿਆਰੇ।
ਕੀਤਾ ਕਹਿਰ ਨਿਹੰਗਾਂ ਪੁਜਾਰੀਆਂ ਨੇ
ਬਣੇ ਪੰਥ ਘਾਤਕ ਪੀਕੇ ਭੰਗ ਪਿਆਰੇ।
ਕਾਲਾ ਸਿੰਘ ਅੰਗਰੇਜ ਨੇ ਸਮਝਵਾਲੇ
ਮਿਲਣ ਗੁਰੂ ਨੂੰ ਆਣ ਨਿਸੰਗ ਪਿਆਰੇ।।੩੭।।

ਸਤਿਗੁਰਾਂ ਨੇ ਦਰਸਨ ਕਰਨ ਦਰਵਾਰ ਅਨੰਦ ਪੁਰ ਜੀ ਜਾਣਾ

ਏਧਰ ਗੁਰੂ ਆਪੇ ਜਾਣੀ ਜਾਣ ਹੈਸੀ
ਹੁਕਮ ਖਾਲਸੇ ਤਾਂਈ ਸੁਣਾਇਆ ਹੈ।
ਸਾਰੇ ਛਾਂਗ ਸੋਟੇ ਲੰਗਰ ਵਿੱਚ ਸਾੜੋ
ਮਾਲਾ ਰੱਖਣੀ ਨਾਮ ਜਪਾਇਆ ਹੈ।
ਹੁਕਮ ਮੰਨ ਸਿੰਘਾਂ ਲੰਗਰ ਤਿਆਰ ਕੀਤਾ
ਗਫੇ ਲਾਏ ਕੇਤੇ ਚਾਲਾ ਪਾਇਆ ਹੈ।
ਮੂਹਰੇ ਸਤਿਗੁਰੂ ਖਾਲਸਾ ਮਗਰ ਸਾਰਾ
ਆਕੇ ਦਰਸ ਅੰਗਰੇਜ ਦਖਾਇਆ ਹੈ।
ਕਹਿੰਦਾ ਦੱਸ ਬਾਬਾ ਤੇਰੀ ਫੌਜ ਕਿੰਨੀ
ਕਿੰਨਾ ਪਾਸ ਹਥਿਆਰ ਲਿਆਇਆ ਹੈ।
ਸਤਿਗੁਰ ਲਾਹਿ ਮਾਲਾ ਗਲੋਂ ਕਰੀ ਮੂਹਰੇ
ਅਸੀ ਇਹੋ ਹਥਿਆਰ ਬਣਾਇਆ ਹੈ।
ਜਿਦਰ ਮਾਰੀਏ ਤੋਪ ਹੈ ਭੰਗੀਆਂ ਦੀ
ਗੋਲਾ ਕਰ ਫਨਾਹਿ ਸੁਣਾਇਆ ਹੈ।

ਟੋਪੀ ਲਾਹਿ ਸਿਰ ਤੋਂ ਨਮਸ਼ਕਾਰ ਕੀਤੀ
ਧੰਨ-ਧੰਨ ਦਾ ਸ਼ਬਦ ਅਲਾਇਆ ਹੈ।
ਮਾਲਾ ਫੇਰ ਦਾ ਖਲਸਾ ਪੰਥ ਡਿੱਠਾ
ਅੱਗੇ ਸਰਬਦੇ ਸੀ ਸਨਵਾਇਆ ਹੈ।
ਜੋ ਕੁਝ ਕਹਿਆ ਪੁਜਾਰੀਆਂ ਮੱਤ ਮੰਦਾਂ
ਸੋਈ ਸਾਫ ਸਰਕਾਰ ਬਤਾਇਆ ਹੈ।
ਝੂਠੇ ਜਾਣ ਪੁਜਾਰੀ ਦਰਕਾਰ ਦਿੱਤੇ
ਆਦਰ ਸਹਿਤ ਡੇਰਾ ਗੁਰਾਂ ਲਾਇਆ ਹੈ।
ਲੰਗਰ ਤੋਰ ਦੀਵਾਨ ਲਗਾ ਦਿੱਤਾ
ਤੁਰਕਾਂ ਹਿਦੂਆਂ ਤਾਂਈ ਛਕਾਇਆ ਹੈ।
ਗੁਰੂ ਸਾਹਿਬ ਕਹਿੰਦੇ ਤਖਤ ਦਰਸ ਕਰਨਾ
ਰੌਲਾ ਫੇਰ ਪੁਜਾਰੀਆਂ ਪਾਇਆ ਹੈ।
ਇੰਤਜਾਮ ਸਰਕਾਰ ਨੇ ਤੁਰਤ ਕੀਤਾ
ਕਾਲੀ ਪੋਸ਼ਾਂ ਨੂੰ ਪਰੇਹਟਾਇਆ ਹੈ।
ਉਹਨਾਂ ਜਿੰਦੇ ਦਰਵਾਰ ਨੂੰ ਮਾਰ ਦਿੱਤੇ
ਕਿੰਨਾ ਪਾਪੀਆਂ ਪਾਪ ਕਮਾਇਆ ਹੈ।
ਦਿੱਤਾ ਹੁਕਮ ਬਾਬਾ ਕਰੋ ਦਰਸ ਜਾਕੇ
ਏਹੋ ਆਪ ਸਰਕਾਰ ਸੁਣਾਇਆ ਹੈ।
ਸਿੰਘਾਂ ਢੋਲਕੀ ਸਾਜ ਤਿਆਰ ਕੀਤੇ
ਮੂਰੇ ਸਤਿਗੁਰਾਂ ਚਰਨ ਉਠਾਇਆ ਹੈ।
ਪੜਿਆ ਸਬਦ ਸੀ ਗੁਰਾਂ ਦਾ ਨਾਮ ਲੈਕੇ
ਅਮਲ ਖਾਲਸੇ ਦੇ ਤਾਂਈ ਆਇਆ ਹੈ।
ਸਿਰੋਂ ਡਾਰ ਦਸਤਾਰ ਨੇ ਮਸਤ ਹੋਏ
ਗੁਰੂ ਦਸਮ ਜਾਂ ਚਿਤ ਬਸਾਇਆ ਹੈ।
ਮਾਈਆਂ ਬੀਬੀਆਂ ਦੇ ਗਲੀਂ ਕੇਸ ਖੁਲੇ
ਲੋਟ ਪੋਟ ਹੋਕੇ ਗੇੜਾ ਖਾਇਆ ਹੈ।
ਏਸੇ ਤੋਰ ਦਰਵਾਰ ਦੇ ਵਿੱਚ ਪਹੁੰਚੇ
ਮੱਤ ਮੰਦਾਂ ਨੇ ਜਿੰਦਰਾ ਲਾਇਆ ਹੈ।

ਗੁਰਾਂ ਜਿੰਦਰੇ ਨੂੰ ਜਾਕੇ ਛਿਟੀ ਲਾਈ
ਖੁੱਲ ਤੁਰਤ ਝੋਲੀ ਵਿਚ ਆਇਆ ਹੈ।
ਸਤਿਗੁਰ ਹੁਕਮ ਦਿੰਦੇ ਪੂਜਾ ਚਾੜ ਦੇਵੋ
ਸਿੰਘਾਂ ਮਾਇਆ ਨੂੰ ਬਹੁਤ ਝੜਾਇਆ ਹੈ।
ਮਥੇ ਟੇਕ ਅਰਦਾਸ ਕਰ ਤੁਰੇ ਗੁਰ ਜੀ
ਸਿੰਘਾਂ ਆਪ ਪ੍ਰਸਾਦਿ ਬਰਤਾਇਆ ਹੈ।
ਨੇੜੇ ਪੁਲਸ ਪੁਜਾਰੀ ਨਾਂ ਅਉਣ ਦਿੱਤੇ
ਨਾਮਧਾਰੀਆਂ ਨੇ ਦਰਸਨ ਪਾਇਆ ਹੈ।
ਓਸੇ ਤੌਰ ਪੜਦੇ ਸ਼ਬਦ ਤੁਰਨ ਸਾਰੇ
ਡੇਰੇ ਆਣ ਦੀਵਾਨ ਲਗਾਇਆ ਹੈ।
ਪੂਜਾ ਦੇਖ ਪੁਜਾਰੀ ਅਨੰਦ ਹੋਏ
ਆਖਣ ਰੌਲਾ ਨਿਹੰਗਾਂ ਨੇ ਪਾਇਆ ਹੈ।
ਅਸੀ ਜਾਨ ਦੇ ਜਿੰਦੇ ਕਿਓਂ ਮਾਰਨੇ ਸੇ
ਸਰਧਾਵਾਨ ਸਿੰਘਾਂ ਦਰਸਨ ਪਾਇਆ ਹੈ।
ਪਿਛੋਂ ਫੇਰ ਪੁਜਾਰੀ ਪਛਤਾਉਂਣ ਸਾਰੇ
ਵੇਲਾ ਬੀਤਿਆ ਹਥ ਨਾ ਆਇਆ ਹੈ।
ਤਿੰਨ ਰੋਜ ਪੂਰੇ ਗੁਰੂ ਪੰਥ ਕਰਕੇ
ਫੇਰ ਪਿਛਾਂ ਨੂੰ ਪੈਰ ਭਵਾਇਆ ਹੈ।
ਡੇਰਾ ਕੂਚ ਕੀਤਾ ਸੰਤ ਖਾਲਸੇ ਨੇ
ਆਪੋ ਆਪਣੀ ਘਰੀਂ ਸਧਾਇਆ ਹੈ।
ਕਾਲਾ ਸਿੰਘ ਸਤਿਗੁਰ ਭੈਣੀ ਸਾਹਿਬ ਆਏ
ਰੌਲਾ ਫੇਰ ਪੁਜਾਰੀਆਂ ਪਾਇਆ ਹੈ ॥ ੩੮ ॥

ਵਾਕ ਕਵੀ

ਪੀਕੇ ਭੰਗ ਪੁਜਾਰੀ ਨਿਹੰਗ ਭਾਈ
ਬੇਸਮਝ ਅੰਨੇ ਹੋਏ ਜਾਂਵਦੇ ਜੀ।
ਨੌਮਾਂ ਗੁਰੂ ਜੀ ਨਾਂ ਅੰਮਰਸਰ ਡਿੱਠਾ
ਪੂਜਾ ਖਾਣ ਜੋ ਅੰਨੇ ਸਦਾਵੰਦੇ ਜੀ।

Namdhari Elibrary NamdhariElibrary@gmail.com

ਵੜਨ ਦਿੱਤੇ ਨਾਂ ਗੁਰੂ ਦਰਵਾਰ ਅੰਦਰ
ਅੱਖਾਂ ਹੁੰਦੀਆਂ ਕਿਉਂ ਡੇਰ ਲਾਂਵੰਦੇ ਜੀ।
ਦਸਵਾਂ ਗੁਰੂ ਕਰਤਾਰਪੁਰ ਦੇਖਿਆ ਨਾਂ
ਗੁਰੂ ਗਰੰਥ ਜੀ ਤੇ ਮੁਕਰ ਜਾਵੰਦੇਜੀ।
ਗੁਰੂ ਬਾਰਾਂ ਦਿਸੇ ਨਾਂ ਅੰਨਿਆਂ ਨੂੰ
ਕੀਤਾ ਆਪਣੇ ਕਰਮਾਂ ਦਾ ਪਾਂਵਦੇ ਜੀ।
ਦਰਸ਼ਨ ਗੁਰੂ ਦੁਵਾਰੀ ਨਾ ਕਰਨ ਦਿੰਦੇ
ਹੁਣ ਤਾਂਈ ਜੋ ਮਗਜ ਖਪਾਂਵੰਦੇ ਜੀ।
ਨਾਮਧਾਰੀਏ ਨਿਰਮਲੇ ਸਿੰਘ ਸਭੀਏ
ਆਢਾ ਸਾਰਿਆਂ ਦੇ ਨਾਲ ਲਾਂਵੰਦੇ ਜੀ।
ਹੁਕੇ ਪੀਣੇ ਸਿਰਮੁੰਨੇ ਹਲਾਲ ਖਾਣੇ
ਗੁਰਦੁਵਾਰਿਆਂ ਦੇ ਦਰਸਨ ਪਾਂਵੰਦੇ ਜੀ।
ਮੱਤਮੰਦ ਨਾ ਸਿੰਘਾਂ ਨੂੰ ਵੜਨ ਦਿੰਦੇ
ਸਿੰਘੀ ਦੇਖ ਹੈਰਾਨ ਹੋ ਜਾਂਵਦੇ ਜੀ।
ਕਾਲਾ ਸਿੰਘ ਕਰਤਾਰ ਦੇ ਵਸ ਸਾਰੇ
ਜਿਵੇਂ ਭਾਵੇਂ ਤਿਵੇਂ ਚਲੇ ਜਾਂਵਦੇ ਜੀ॥੩੯॥

ਵਾਕ ਕਵੀ

ਅਮਰਸਰ ਤੇ ਮੁਕਤਸਰ ਤਖਤ ਵਾਲਾ
ਸਾਰਾ ਬਰਤਿਆ ਹਾਲ ਸੁਣਾਇਆ ਹੈ।
ਏਸੇ ਤੌਰ ਅਨੰਦਪੁਰ ਦਮਦਮੇ ਜੀ
ਰੌਲਾ ਬਹੁਤ ਪੁਜਾਰੀਆਂ ਪਾਇਆ ਹੈ।
ਦੂਧ ਵਿਚ ਪੁਜਾਰੀਆਂ ਪਾਏ ਕਾਂਜੀ
ਖਾਲੀ ਮੱਖਣੋਂ ਹੱਥ ਉਠਾਇਆ ਹੈ।
ਨਾਮਧਾਰੀਆਂ ਦਾ ਪੰਥ ਵਧੇ ਬਹੁਤਾ
ਏਨਾਂ ਜੋਰ ਹਟਾਉਣ ਨੂੰ ਲਾਇਆ ਹੈ।
ਤਪਾ ਸਿੰਘ ਨਿਹੰਗ ਕਹੇ ਮਾਰ ਦੇਵਾਂ
ਨਾਮਧਾਰੀ ਜਿਸ ਪੰਥ ਬਣਾਇਆ ਹੈ।

ਕਲਾਮ ਪੜ੍ਹੇ ਬਾਹਿਰ ਗਲ ਘੁਟ ਮਾਰਾਂ
ਪਾਪੀ ਪਾਪ ਉਤੇ ਚਿਤ ਲਾਇਆ ਹੈ।

ਸਤਿਗੁਰ ਭਜਨ ਕਰਦੇ ਕੱਲੇ ਵਾਹਿਰ ਜਾਕੇ
ਤਾਂ ਹੀ ਤਪੇ ਨੇ ਆਖ ਸੁਣਾਇਆ ਹੈ।

ਲਕ ਬੰਨ ਆਢਾ ਕੀਤਾ ਸਿਰੇ ਤਾਂਈਂ
ਵਿਚ ਦੇਸ਼ ਦੇ ਜੋਸ਼ ਖੰਡਾਇਆ ਹੈ।

ਗੁਰੂਧਾਮ ਸਿੰਘ ਜਾਣਕੇ ਕਰਨ ਦਰਸ਼ਨ
ਇਨ੍ਹਾਂ ਦੂਰੋਂ ਤੇ ਦੂਰੇ ਅਲਾਇਆ ਹੈ।

ਮਾਰ ਕੁਟ ਤੇ ਗਾਲ ਗਲੋਚ ਕਰਦੇ
ਮੁਸਲੇ ਆਖਦੇ ਆਖ ਸੁਣਾਇਆ ਹੈ।

ਨਾਮ ਜਪਦਿਆਂ ਰਹਿਤ ਨੂੰ ਰਖਦਿਆਂ ਨੂੰ
ਦੇਖੋ ਕੀ ਏ ਪਿਆਰ ਬਧਾਇਆ ਹੈ।

ਮਝ ਲਿਬੜੀ ਗਾਰੇ ਦੇ ਨਾਲ ਇਕੋ
ਸਾਰੇ ਬੱਗ ਨੂੰ ਨਾਲ ਰਲਾਇਆ ਹੈ।

ਇਕੋ ਬਾਂਸ ਨੂੰ ਭੜਕਦੀ ਅਗ ਪਹਿਲੇ
ਸਾਰੇ ਬਣ ਨੂੰ ਫੂਕ ਜਲਾਇਆ ਹੈ।

ਪਾਪੀ ਇਕ ਚੜ੍ਹਕੇ ਬੇੜਾ ਡੋਬ ਦਿੰਦਾ
ਸਾਰਾ ਨਾਲ ਦਾ ਸੰਗ ਹੜ੍ਹਾਇਆ ਹੈ।

ਮਨੂੰ ਮੀਰ ਕੀਤੀ ਜਿਵੇਂ ਨਾਲ ਸਿੰਘਾਂ
ਨਾਮਧਾਰੀਆਂ ਤਾਂਈਂ ਸਤਾਇਆ ਹੈ।

ਬੰਦੇ ਜਿਵੇਂ ਕੀਤੀ ਨਾਲ ਮੁਸਲਮਾਨਾਂ
ਤਿਵੇਂ ਇਨਾਂ ਨੇ ਫਰਕ ਨਾ ਪਾਇਆ ਹੈ।

ਅਜੁ ਤਾਂਈਂ ਇਹੋ ਵਕਾਵਾਦ ਹੋਵੇ
ਕੋਈ ਸਮਝਦਾ ਨਹੀਂ ਸਮਝਾਇਆ ਹੈ।

ਕਾਲਾ ਸਿੰਘ ਤੂੰ ਵਾਹਿਗੁਰੂ ਨਾਮ ਜਪ ਲੈ
ਸੂਰਜ ਚੜ੍ਹ ਗਿਆ ਨ੍ਹੇਰ ਗਵਾਇਆ ਹੈ ॥ ੪੦ ॥

ਵਾਕ ਕਵੀ

ਮੇਰੇ ਚਿਤ ਦੇ ਵਿਚ ਖਯਾਲ ਆਵੇ
ਨਾਮਧਾਰੀ ਨੇ ਇਹੋ ਵਿਚਾਰ ਕਰਦੇ।
ਗੁਰਦੁਵਾਰੀਂ ਪੁਜਾਰੀ ਜੇ ਸਿੰਘ ਹੁੰਦੇ
ਨਾਮਧਾਰੀਆਂ ਨਾਲ ਕਿਉਂ ਰਾਰ ਕਰਦੇ।
ਅਮਲ ਤਾਂਈਂ ਬੀ ਬੁਰਾ ਨਾ ਕਦੇ ਕਹਿੰਦੇ
ਭਜਨ ਬਾਣੀ ਦੇ ਨਾਲ ਜੇ ਪਿਆਰ ਕਰਦੇ।
ਨਾਮਧਾਰੀਆਂ ਨੂੰ ਨਾ ਮੁਸਲਮਾਨ ਕਹਿੰਦੇ
ਜੇ ਕੁਛ ਸਿਖੀ ਦਾ ਆਪ ਬਿਹਾਰ ਕਰਦੇ।
ਜੇਕਰ ਔਰਤਾਂ ਦੀ ਘਰੀਂ ਰਹਿਤ ਹੁੰਦੀ
ਮੂੰਹੋਂ ਕਛਨੀਆਂ ਨਾਹਿ ਉਚਾਰ ਕਰਦੇ।
ਗੁਰਦੁਵਾਰੀਂ ਵੀ ਜੇ ਗੁਰਮਤਿ ਹੁੰਦੀ
ਧਰਮਸਾਲੀਏ ਵੀ ਕਾਹਨੂੰ ਖਾਰ ਕਰਦੇ।
ਸਿੱਖ ਸਾਧ ਜੇ ਗੁਰਾਂ ਦੀ ਚਾਲ ਚਲਦੇ
ਸਿੰਘ ਸਭੀਏ ਵੀ ਨਾ ਮਾਰੋ ਮਾਰ ਕਰਦੇ।
ਕੰਨਾਂ ਮੰਨਾ ਨਾ ਸਬਦ ਨੂੰ ਕਦੇ ਕਹਿੰਦੇ
ਜੇਕਰ ਆਪ ਅਭਿਆਸ ਦੀ ਸਾਰ ਕਰਦੇ।
ਨਾਮਧਾਰੀਆਂ ਨੂੰ ਬੁਰੇ ਜਾਣਦੇ ਕਿਉਂ
ਜੇਕਰ ਆਪ ਸਿਖਾਂ ਵਾਲੀ ਕਾਰ ਕਰਦੇ।
ਸਾਰੇ ਮਿਲੇ ਗੁਰਮਤਿ ਦੇ ਨਾਲ ਆਕੇ
ਨਾਮਧਾਰੀ ਕੀ ਹੈਨ ਬਿਹਾਰ ਕਰਦੇ।
ਰਹਿਤ ਨਾਲ ਮੁਕਾਬਲਾ ਕਰਨ ਸਾਰੇ
ਸਾਡੇ ਨਾਲ ਕਿਉਂ ਨਹੀਂ ਵਿਚਾਰ ਕਰਦੇ।
ਗੁਰੂ ਹੁਕਮ ਉਪਰ ਕੇਹੜੇ ਚੱਲਦੇ ਨੇ
ਦੇਵੇ ਫੈਸਲਾ ਕਿਉਂ ਹੋ ਆਰ ਕਰਦੇ।
ਨਾਮ ਦਾਨ ਇਸ਼ਨਾਨ ਸਣ ਕੇਸ ਰੀਤੀ
ਸੁਚ ਸੋਧ ਦੇ ਨੇ ਕੇਹੜੇ ਕਾਰ ਕਰਦੇ।

Namdhari Elibrary NamdhariElibrary@gmail.com

ਗੁਰੂ ਗਰੰਥ ਦਾ ਹੁਕਮ ਨੇ ਕੌਣ ਮੰਨਦੇ
ਕਿਉਂ ਨੀ ਸਮਝਦੇ ਹੋ ਅਨਕਾਰ ਕਰਦੇ।
ਨਾਮਧਾਰੀਏ ਨੇ ਇਦੂ ਵਾਹਿਰ ਚਲਦੇ
ਕਿਉਂ ਨੀ ਦੁਸਕ ਹੋ ਉਪਕਾਰ ਕਰਦੇ।
ਮਿਲ ਜਾਓ ਵਕਵਾਦ ਨੂੰ ਦੂਰ ਕਰਕੇ
ਕਿਉਂ ਨੀ ਵਾਹਿਗੁਰੂ ਨਾਮ ਉਚਾਰ ਕਰਦੇ।
ਕਾਲਾ ਸਿੰਘ ਏ ਰਹਿਤ ਮਨਜੂਰ ਕਰਲੌ
ਨਾਮ ਧਾਰੀਏ ਨੇ ਜੋਹੜੀ ਕਾਰ ਕਰਦੇ ॥ ੪੧ ॥

ਪ੍ਰਸੰਗ ਰੁੜਕੇ ਪਿੰਡ ਦਾ ਚੱਲਿਆ ਹ

ਲੁਦਿਹਾਣੇ ਦੇ ਜਿਲੇ ਦੇ ਵਿਚ ਭਾਈ
ਰੁੜਕਾ ਪਿੰਡ ਡੇਲੌਂ ਠਾਣੇ ਜਾਨ ਪਿਆਰੇ।
ਉਤਮ ਸਿੰਘ ਚੜਤ ਸਿੰਘ ਕਾਨ ਸਿੰਘ ਜੀ
ਬੀਰ ਸਿੰਘ ਜੀਵਾ ਸਿੰਘ ਮਾਨ ਪਿਆਰੇ।
ਦੋ ਬਜੇ ਪਰਭਾਤ ਹਮੇਸ਼ ਜਾਕੇ
ਸਾਰੇ ਵਾਹਿਰ ਕਰਦੇ ਇਸਨਾਨ ਪਿਆਰੇ।
ਇਕ ਰੋਜ ਵਾਹਿਰ ਗੁਰਮਤਾ ਕੀਤਾ
ਦੱਸੋ ਗੁਰੂ ਕਿਥੇ ਲਾਕੇ ਧਿਆਨ ਪਿਆਰੇ।
ਸੁਰਤ ਸਬਦ ਦੇ ਨਾਲ ਧਿਆਨ ਕੀਤਾ
ਆਇਆ ਨਜਰ ਅੰਬਾਲੇ ਦੀਵਾਨ ਪਿਆਰੇ।
ਆਸਾ ਵਾਰ ਲਗਦੀ ਸਤਿ ਗੁਰ ਵਿਚ ਬੈਠੇ
ਰੁੜਿਕੇ ਦੇਖਦੇ ਸਿੰਘ ਅਸਾਂਨ ਪਿਆਰੇ।
ਆਖਣ ਸਤਿਗੁਰਾਂ ਨੂੰ ਸਦੋ ਕਰੋ ਮੇਲਾ
ਕਾਨ ਸਿੰਘ ਦੇ ਤਾਂਈ ਦੁੜਾਨ ਪਿਆਰੇ।
ਆਖਣ ਅੱਜ ਆਂਵੀ ਮੁੜਕੇ ਖਬਰ ਦੇਵੀਂ
ਕਾਨ ਸਿੰਘ ਨੂੰ ਸਿੰਘ ਸੁਣਾਂਨ ਪਿਆਰੇ।
ਅਸੀ ਏਥੇ ਹੀ ਰਹਾਂਗੇ ਭਜਨ ਕਰਦੇ
ਤੂੰ ਵੀ ਮਿਲੀਂ ਸਾਨੂੰ ਅਜਮਾਨ ਪਿਆਰੇ।

Namdhari Elibrary NamdhariElibrary@gmail.com

ਦਸ ਬਜੇ ਅੰਬਾਲੇ ਦੇ ਵਿਚ ਪਹੁੰਚਾ
ਚਰਨ ਗੁਰਾਂ ਦੇ ਫੜੇ ਸੁਜਾਨ ਪਿਆਰੇ।
ਗੁਰਾਂ ਘੁੱਟਕੇ ਸੀਨੇ ਦੇ ਨਾਲ ਲਾਇਆ
ਧੰਨ ਧੰਨ ਦਾ ਸ਼ਬਦ ਅਲਾਨ ਪਿਆਰੇ।
ਸਿੰਘ ਅਰਜ ਕੀਤੀ ਗੁਰੂ ਮੰਨ ਲੀਤੀ
ਦਿਨ ਅਠ ਤਰੀਕ ਦੁਆਨ ਪਿਆਰੇ।
ਅਸੀ ਆਵਾਂਗੇ ਅਜ ਤੋਂ ਅਠਵੇਂ ਨੂੰ
ਸਾਰਾ ਰਖੋ ਤਿਆਰ ਸਮਾਨ ਪਿਆਰੇ।
ਕਾਨ ਸਿੰਘ ਦੇ ਤਾਈਂ ਪਿਆਰ ਸੇਤੀ
ਗੁਰੂ ਆਪ ਪ੍ਰਸਾਦਿ ਛਕਾਨ ਪਿਆਰੇ।
ਗੁਰਾਂ ਸਿੰਘ ਅੰਬਾਲੇ ਤੇ ਬਿਦਾ ਕੀਤਾ
ਛੀ ਬਜੇ ਰੁੜਕੇ ਪੁਜ ਆਨ ਪਿਆਰੇ।
ਸਿੰਘ ਓਥੇਹੀ ਖੜੋ ਉਡੀਕਦੇ ਸੇ
ਕਾਨ ਸਿੰਘ ਦਸੇ ਹਾਲ ਆਨ ਪਿਆਰੇ।
ਲੰਗਰ ਵਾਸਤੇ ਕਠਾ ਸਮਾਨ ਕੀਤਾ
ਗੁਰਾਂ ਆਣਕੇ ਲਾਏ ਦੀਵਾਨ ਪਿਆਰੇ।
ਲੰਬਰਦਾਰ ਕੱਠੇ ਹੋਏ ਬਾਮਣ ਪਾਪੀ ਸਾਰੇ
ਪਾਪ ਦਾ ਮਤਾ ਪਕਾਨ ਪਿਆਰੇ।
ਬਾਲ ਹੁੱਕੇ ਦੇ ਪਾਣੀ ਦੇ ਨਾਲ ਧੋਕੇ
ਪਤਾਸੇ ਪੂਰ ਦੀਵਾਨ੍ਹ ਲੈਜਾਨ ਪਿਆਰੇ।
ਅੰਤਰ ਜਾਮੀ ਨੂੰ ਸੱਭ ਮਲੂਮ ਹੋਇਆ
ਕਰਨ ਹਾਰ ਤੇ ਕਹਾਂ ਛੁਪਾਨ ਪਿਆਰੇ।
ਸਾਵਾ ਨਾਲ ਬਾਮਣ ਆਏ ਗੁਰਾਂ ਮੂਹਰੇ
ਸਤਿਗੁਰ ਥਾਲ ਨੂੰ ਛਿਟੀ ਲਗਾਂਨ ਪਿਆਰੇ।
ਬਾਹਰ ਜਾਇ ਦੀਵਾਨ ਤੇ ਥਾਲ ਡਿਗਾ
ਗੁਰੂ ਪਾਪੀਆਂ ਤਾਂਈ ਫਰਮਾਨ ਪਿਆਰੇ।
ਪਾਪੀ ਆਪਣਾ ਬੰਸ ਤੂੰ ਡੋਬ ਆਇਆ
ਬਾਮਣ ਡੁੱਬੇ ਦਰਗਾਹਿ ਤੇ ਜਾਨ ਪਿਆਰੇ।

Namdhari Elibrary NamdhariElibrary@gmail.com

ਧਰਮ ਅਸਾਂ ਦਾ ਰਾਹੇ ਤੂੰ ਭੰਗ ਕਰਿਆ
ਧਰਮ ਤੇਰੇ ਦੀ ਹਊਗੀ ਹਾਣ ਪਿਆਰੇ।
ਬ੍ਰਾਹਮਣ ਸਣੇ ਸਾਵਾ ਗਿਆ ਤੁਰਤ ਘਰ ਨੂੰ
ਲੱਗਾ ਚਿੱਤ ਦੇ ਵਿੱਚ ਪਛਤਾਨ ਪਿਆਰੇ।
ਗੁਰਾਂ ਲਾਇਆ ਦੀਵਾਨ ਸੀ ਪਿੰਡ ਰੈਪੁਰ
ਹੁਕਮ ਦੇਣ ਹੋਕੇ ਮੇਹਰਵਾਨ ਪਿਆਰੇ।
ਜੁੱਤੀ ਸਾਵੇ ਦੇ ਸੌ ਸਿਰ ਵਿੱਚ ਲਾਵੇ
ਸਾਡਾ ਹੁਕਮ ਏ ਆਪ ਫਰਮਾਨ ਪਿਆਰੇ।
ਧੌਕਲ ਸਿਘ ਹੋਗਾ ਰੈਪੁਰੰ ਪਿੰਡ ਵਾਲਾ ਚੜਤ ਸਿਘ
ਮੈਹਿਮਾ ਸਿੰਘ ਵਾਲੇ ਪਿੰਡ ਜਾਨ ਪਿਆਰੇ।
ਦੋਹ ਸਿੰਘਾ ਨੇ ਹੁਕਮ ਮਨਜ਼ੂਰ ਕੀਤਾ
ਛਿੜ੍ਹ ਪੰਜ ਇਕ ਥਾਂ ਸ਼ੁਮਾਨ ਪਿਆਰੇ।
ਵਿੱਚੋਂ ਸਾਵੇ ਨੂੰ ਖਬਰ ਵੀ ਜਾਏ ਹੋਈ
ਰੱਖੇ ਆਦਮੀ ਪਾਸ ਓ ਜੁਆਨ ਪਿਆਰੇ।
ਤੇਰਾਂ ਆਦਮੀ ਆਉਂਦੇ ਸੀ ਲੁਦਿਗੜ ਤੇ
ਆਲਮਗੀਰ ਦੇ ਪਾਸ ਤੂੰ ਮਾਨ ਪਿਆਰੇ।
ਗੁਬਿੰਦਗੜ ਗੁਰਦਵਾਰੇ ਦੇ ਉਠ ਵਿੱਚੋਂ
ਸਿੰਘ ਸ਼ੇਰ ਮਾਂਗਰ ਭਵਕਾਨ ਪਿਆਰੇ।
ਧੌਕਲ ਸਿੰਘ ਤੇਰਾਂ ਬੰਦੇ ਘੇਰ ਲੀਤੇ
ਚੜਤ ਸਿੰਘ ਲਾਏ ਜੁੱਤੇ ਆਨ ਪਿਆਰੇ।
ਆਖਣ ਲੱਗੇ ਤੇਰੀ ਤੈਨੂੰ ਸਜਾ ਦਿਤੀ
ਸਾਡਾ ਏਸਦੇ ਵਿੱਚ ਨਾ ਤਾਨ ਪਿਆਰੇ।
ਸਾਵਾ ਘਰੀਂ ਜਾਕੇ ਧਾਹਾਂ ਮਾਰ ਰੁੰਨਾ
ਸਿੰਘ ਗੁਰਾਂ ਨੂੰ ਹਾਲ ਬਤਾਨ ਪਿਆਰੇ।
ਸੰਮਤ ਉਨੀ ਸੌ ਪੰਚੀ ਵਿੱਚਕਾਰ ਬਰਤੀ
ਚੜਤ ਸਿੰਘ ਦੱਸੀ ਮੈਨੂੰ ਆਨ ਪਿਆਰੇ।
ਪੁਤ੍ਰ ਸਾਵੇ ਦੇ ਔਰਤਾਂ ਪੰਜਾ ਬਿਆਂਹੀਆਂ
ਬੇਲਾ ਨਾਮ ਤੇ ਬਿਨਾ ਸੰਤਾਂਨ ਪਿਆਰੇ।

Namdhari Elibrary NamdhariElibrary@gmail.com

ਬੰਸ ਬੰਦ ਸਰਾਫਿਆ ਸਤਿਗੁਰੂ ਦਾ
ਭੌਂਦਾ ਫਿਰੇ ਜਮੀਨ ਅਸਮਾਨ ਪਿਆਰੇ।
ਕਾਲਾ ਸਿੰਘ ਪ੍ਰਸੰਗ ਏ ਭਿਆ ਪੂਰਾ
ਸਮਝ ਲੈਣ ਸਾਰੇ ਬੁਧੀਮਾਨ ਪਿਆਰੇ ॥੪੨॥

### ਪ੍ਰਸੰਗ ਇਕ ਸਾਧ ਉਦਾਸੀ ਦਾ

ਦੇਸ਼ ਮਾਲਵੇ ਜ਼ਿਲੇ ਫੀਰੋਜ ਪੁਰ ਦੇ
ਸੈਦੋ ਪਿੰਡ ਹੈ ਇਕ ਸਦਾਵਦਾ ਸੀ।
ਹੈਸੀ ਸਾਧ ਉਦਾਸੀ ਸੰਤ ਸਰਨ ਨਾਮੇਂ
ਉਮਰ ਸੱਠਾਂ ਕੁ ਸਾਲਾਂ ਦੀ ਪਾਵੰਦਾ ਸੀ।
ਬਾਲਕ ਸਠ ਸਤ੍ਰ ਪੜ੍ਹਨ ਪਾਸ ਓਦੇ
ਆਪ ਖੁਸ਼ੀ ਦੇ ਨਾਲ ਭੜਾਵੰਦਾ ਸੀ।
ਕਰੇ ਭਜਨ ਬਾਣੀ ਅਭਿਆਸ ਬਹੁਤਾ
ਤ੍ਰਿਕਾਲ ਦ੍ਰਿਸ਼ਟੀ ਸੰਤ ਪਾਵੰਦਾ ਸੀ।
ਜੇਹੜਾ ਬਰਤਦਾ ਦੇਸ ਦਸੰਤ ਅੰਦਰ
ਸੋਈ ਸੰਤ ਤਾਂਈਂ ਨਜਰ ਆਂਵਦਾ ਸੀ।
ਸਤਿਗੁਰ ਆਵੰਦੇ ਨਜਰ ਸੋ ਓਸ ਤਾਂਈਂ
ਸਾਧ ਲੋਕਾਂ ਦੇ ਤਾਂਈਂ ਸੁਣਾਵੰਦਾ ਸੀ।
ਲੋਕ ਕਹਿਣ ਸਾਰੇ ਸਾਨੂੰ ਸਿਖ ਕਰਲੈ
ਅਗੋਂ ਸੰਤ ਏ ਬਚਨ ਅਲਾਵੰਦਾ ਸੀ।
ਸਿਖ ਕਰੇ ਥੋਨੂੰ ਗੁਰੂ ਆਪ ਆਕੇ
ਜਾਮਾਂ ਬਾਰਮਾਂ ਧਾਰ ਕੇ ਆਵੰਦਾ ਸੀ।
ਭਜਨ ਪੁਛ ਅੰਮ੍ਰਿਤ ਤੁਸੀ ਪਾਨ ਕਰਿਓ
ਸਾਨੂੰ ਦਿਸ਼ਟ ਅੰਦਰ ਨਜ਼ਰ ਆਵੰਦਾ ਸੀ।
ਸਾਧ ਲੋਕ ਸਮਝਾਏ ਕੀ ਨੇਤ ਫੁਰਦੀ
ਗੁਰੂ ਮੁਕਤ ਸਰ ਦਾ ਦਰਸਨ ਪਾਂਵਦਾ ਸੀ।
ਜੋ ਕੁਛ ਕਿਹਾ ਪੁਜਾਰੀਆਂ ਸਮਝਿਆ ਸੋ
ਗੁਰੂ ਸੈਂਕੜੇ ਸਿੰਘ ਸਜਾਂਵਦਾ ਸੀ।

Namdhari Elibrary NamdhariElibrary@gmail.com

ਅਮਲ ਵਿਚ ਸੀ ਕੂਕ ਦੀ ਭਵਕ ਪੈਂਦੀ
ਕੂਕੇ ਕੂਕੇ ਜਹਾਨ ਅਲਾਂਵਦਾ ਸੀ।
ਸਾਧ ਸੁਣਿਆਂ ਸੀ ਪੰਥ ਹੈ ਕੂਕਿਆਂ ਦਾ
ਨਵੇਂ ਆਖ ਜਹਾਨ ਬਤਾਂਵਦਾ ਸੀ।
ਸਾਧ ਚਿੱਤ ਦੇ ਵਿਚ ਵਿਚਾਰ ਕੀਤੀ
ਮੈਂ ਭੀ ਮਿਲਾਂ ਮੈਨੂੰ ਨਜ਼ਰ ਆਂਵਦਾ ਸੀ।
ਕਿਤੇ ਲੋਕਾਂ ਦੇ ਵਾਂਗ ਨਾ ਭੁਲ ਜਾਵਾਂ
ਚਿੱਤ ਵਿਚ ਦਲੀਲ ਦੁੜਾਂਵਦਾ ਸੀ।
ਜਾਕੇ ਸਤਿਗੁਰੂ ਨੂੰ ਖੋਟੇ ਪਿੰਡ ਮਿਲਿਆ
ਸੀਸ ਚਰਨਾਂ ਦੇ ਉਤੇ ਟਕਾਂਵਦਾ ਸੀ।
ਸਤਿਗੁਰ ਆਖਦੇ ਆਓ ਜੀ ਆਓ ਬਾਵਾ
ਐਨਾਂ ਵਿਛੜ ਕਿਉਂ ਡੇਰ ਲਗਾਂਵੰਦਾ ਸੀ।
ਸੰਤ ਆਖਿਆ ਗੁਰੂ ਜੀ ਮੇਹਰ ਥੋਡੀ
ਜਦੋਂ ਚਾਹੇ ਤੂੰ ਤਦੋਂ ਮਲਾਂਵੰਦਾ ਸੀ।
ਕਾਲਾ ਸਿੰਘ ਦਰਸਨ ਪਾਕੇ ਹਰਾ ਹੋਇਆ
ਸਾਧ ਦੇਖਕੇ ਮਸਤ ਹੋ ਜਾਵੰਦਾ ਸੀ ॥ ੪੩ ॥

### ਸਾਧ ਨੇ ਅਰਜ ਕਰਨੀ ਹੱਥ ਜੋੜਕੇ ਸਤਿਗੁਰਾਂ ਪਾਸ

ਹੱਥ ਜੋੜਕੇ ਸਾਧ ਨੇ ਅਰਜ ਕੀਤੀ
ਦੱਸੋ ਭਜਨ ਚੁਰਾਸੀ ਤੇ ਛੁੱਟ ਜਾਵਾਂ।
ਏਸ ਦੇਹ ਦਾ ਕੁੱਝ ਬਸਾਹ ਨਾਹੀ
ਭਾਂਡੇ ਕੱਚ ਦੇ ਮਾਂਗ ਨਾਂ ਫੁੱਟ ਜਾਵਾਂ।
ਭੌਂਦਾਂ ਫਿਰਾਂ ਨਾ ਵਿੱਚ ਚੁਰਾਸੀਆਂ ਦੇ
ਬੀਜ ਵਾਸ਼ਨਾ ਦਾ ਫੜ ਪੁੱਟ ਜਾਵਾਂ।
ਦੱਸੋ ਨਾਮ ਮੈਨੂੰ ਕ੍ਰਿਪਾ ਆਪ ਕਰਕੇ
ਜੀ ਨੂੰ ਸੁਣਦਿਆਂ ਸਾਰ ਹੋ ਗੁੱਟ ਜਾਵਾਂ।
ਪਾਰ ਕਰੋ ਜਹਾਜ ਤੇ ਚਾੜ ਮੈਨੂੰ
ਕਿਤੇ ਤੁਰਦਿਆਂ ਨਾ ਐਵੇਂ ਹੁਟ ਜਾਵਾਂ।

Namdhari Elibrary NamdhariElibrary@gmail.com

ਕ੍ਰਿਪਾ ਕਰੋ ਤੇ ਨਾਮ ਦਾ ਦੇਓ ਡੰਡਾ
ਸ੍ਰੀ ਸੱਪ ਹੰਕਾਰ ਦੀ ਕੁੱਟ ਜਾਵਾਂ।
ਮੈਨੂੰ ਵਿਚ ਬੈਕੁਠ ਪੁਚਾਏ ਦੇਵੋ
ਗੱਲ ਵਿਸ਼ੇ ਵਿਕਾਰ ਦਾ ਘੁਟ ਜਾਵਾਂ।
ਮੇਹਿਰ ਆਪ ਕਰਕੇ ਦੱਸੋ ਭਜਨ ਮੈਨੂੰ
ਰਾਮ ਨਾਮ ਦੀ ਲੁਟ ਨੂੰ ਲੁੱਟ ਜਾਵਾਂ।
ਕਾਲਾ ਸਿੰਘ ਗਰੀਬ ਤੇ ਕਰੋ ਕ੍ਰਿਪਾ
ਅਉਣ ਜਾਣ ਤੇ ਗੁਰੂ ਨਖੁੱਟ ਜਾਵਾਂ॥ 44॥

ਗੁਰੂ ਜੀ ਨੇ ਸਾਧ ਨੂੰ ਸਿਖ ਬਣੌਣਾ ਤੇ ਭਜਨ ਦੱਸਣਾ

ਪੂਰਾ ਦੇਖ ਭਾਂਡਾ ਗੁਰਾਂ ਮੇਹਿਰ ਕੀਤੀ
ਜਪ ਵਾਹਿਗੁਰੂ ਨਾਮ ਸੁਣਾ ਦਿਤਾ।
ਕੜ ਕੇ ਦੁਧ ਸੀ ਖੂਬ ਤਿਆਰ ਹੋਇਆ
ਜਾਗ ਨਾਮ ਦੀ ਲਾ ਜਮਾ ਦਿੱਤਾ।
ਮੇਹਰ ਨਿਗਾ ਕੀਤੀ ਗੁਰਾਂ ਪੂਰਿਆਂ ਨੇਂ
ਲੋਹਾ ਧਾਂਤ ਸੁਬਰਨ ਬਣਾ ਦਿੱਤਾ।
ਦਇਆ ਧਾਰਕੇ ਗੁਰਾਂ ਨੇ ਹੰਸ ਕੀਤਾ
ਕਾਲੇ ਕਾਗ ਦਾ ਰੂਪ ਵਟਾ ਦਿੱਤਾ।
ਚੱਕ ਬਾੜਿਆ ਸਤਿਵੀਂ ਭੂਮਕਾ ਦੇ
ਭਜਨ ਕੰਨ ਦੇ ਵਿੱਚ ਦੀ ਪਾ ਦਿੱਤਾ।
ਪੜਦੇ ਤੋੜਕੇ ਜਨਮ ਜਨਮਾਤ੍ਰਾਂ ਦੇ
ਨਾਲ ਆਤਮਾਂ ਜੋੜ ਜੁੜਾ ਦਿਤਾ।
ਨ੍ਹੇਰ ਢੱਕਿਆ ਚਿੰਤਾ ਦੀ ਕੋਠੜੀ ਦਾ
ਦੀਵਾ ਸ਼ਬਦ ਦਾ ਹੱਥ ਫੜਾ ਦਿਤਾ।
ਕੰਨ ਵਿਚ ਦੀ ਨਾਮ ਸੁਣਾਦਿਕੇ ਤੇ
ਸਾਧ ਗਿੱਦੜੋਂ ਸ਼ੇਰ ਬਣਾ ਦਿੱਤਾ।
ਨਦਰੀ ਨਦਰ ਦੇ ਨਾਲ ਨਿਹਾਲ ਕਰਕੇ
ਸਾਧ ਸੁਤੇ ਦੇ ਤਾਂਈਂ ਜਗਾ ਦਿੱਤਾ।

Namdhari Elibrary NamdhariElibrary@gmail.com

ਕਾਲਾ ਸਿੰਘ ਮਸਤਾਨਾ ਸੀ ਤੁਰਤ ਹੋਇਆ
ਜਦੋਂ ਸਤਿਗੁਰਾਂ ਭਜਨ ਸੁਣਾ ਦਿਤਾ॥

### ਸਾਧ ਨੇ ਪਿੰਡ ਸੈਦੋ ਸਾਰੀ ਨੂੰ ਸਿੱਖ ਬਣਾ ਦੇਣਾ

ਮਿਲਕੇ ਗੁਰਾਂ ਨੂੰ ਬਚਨ ਬਲਾਸ ਕੀਤੇ
ਭਰਮ ਭੇਦ ਨੂੰ ਦੂਰ ਗਵਾਂਵੰਦਾਂ ਸੀ।
ਦਰਸਨ ਪਾਇਕੇ ਸੰਤ ਸੀ ਪਿੰਡ ਆਇਆ
ਹੋਕਾ ਸੈਦੋਦੇ ਵਿੱਚ ਦਵਾਵੰਦਾ ਸੀ।
ਗੁਰੂ ਆ ਗਿਆ ਬਾਰਵਾਂ ਸਿੱਖ ਬਣ ਜੋ
ਸੰਤ ਸਰਬ ਦੇ ਤਾਂਈ ਸੁਣਾਵੰਦਾ ਸੀ।
ਸਾਰਾ ਪਿੰਡ ਹੋਇਆ ਸੇਵਕ ਸਤਿਗੁਰੂ ਦਾ
ਸੇਵਾ ਮਨੋਂ ਤੇ ਤਨੋਂ ਕਮਾਵੰਦਾ ਸੀ।
ਕਾਲਾ ਸਿੰਘ ਪ੍ਰਸੰਗ ਏ ਭਿਆ ਪੂਰਾ
ਕਰਨ ਹਾਰ ਦਾ ਅੰਤ ਨਾ ਆਵੰਦਾ ਸੀ॥ ੪੫॥

### ਪ੍ਰਸੰਗ ਇੱਕ ਪਿੰਡ ਛੀਨੀ ਵਾਲ ਦਾ ਚੱਲਿਆ

ਪੂਰੇ ਸਤਿ ਗੁਰੂ ਜੀ ਛੀਨੀ ਵਾਲ ਆਏ
ਉਥੇ ਲੋਕਾਂ ਘੁਵੰਗ ਬਣਾਇਆ ਸੀ।
ਢੱਡ ਸਾਰੰਗੀ ਨਾਲ ਗੁਮੰਤ੍ਰੀ ਜੋ
ਸੱਥ ਵਿਚ ਲੋਕਾਂ ਗਉਣ ਲਾਇਆ ਸੀ।
ਸਤਿਗੁਰ ਵਾਹਰਿ ਅੰਦਰ ਜਾਣਾ ਚਾਹੁੰਦੇ ਸੇ
ਓਥੇ ਕੰਧਦਾ ਕੋਟ ਟਹਾਇਆ ਸੀ।
ਕੰਨ ਸੁਣੀ ਅਵਾਜ ਨਾ ਦ੍ਰਿਸ਼ਟ ਪਾਈ
ਸਾਰੇ ਖਾਲਸੇ ਨੂੰ ਸਮਝਾਇਆ ਸੀ।
ਕੌਤਕ *ਕੋਝਤਮਾਸੇ ਨਾ ਸੁਣੋਂ ਭਾਈ
ਜਿੱਥੋਂ ਨਾਮ ਨੂੰ ਭੁੱਲ ਭੁਲਾਇਆ ਸੀ।
ਕਾਲਾ ਸਿੰਘ ਏ ਹੁਕਮ ਗਰੰਥ ਗੁਰ ਦਾ
ਪੂਰੇ ਸਤਿਗੁਰਾਂ ਆਖ ਸੁਣਾਇਆ ਸੀ॥ ੪੬॥

---

* ਅਫਸੋਸ ਅੱਜ ਕੱਲ ਦੇ ਸਿੱਖਾ ਜਲਸੇ ਰਾਸਾਂ ਕੰਜਰੀਦੇ ਮੁਜਰੇ ਸੁਣ ਦੇ ਨੇ

Namdhari Elibrary NamdhariElibrary@gmail.com

### ਸਤਿਗੁਰਾਂ ਨੇ ਚੌਹਾਂ ਤਖਤਾਂ ਦਾ ਰੌਲਾ ਵੇਖਕੇ ਸਿੰਘ ਨੂੰ ਭੇਜਣਾ ਹਜੂਰ ਸਾਹਿਬ ਨੂੰ

ਅਮਰਤਸਰ ਅਨੰਦਪੁਰ ਦਮਦਮੇ ਦੇ
ਮੁਕਤਸਰ ਦੇ ਕੀਤੇ ਦੀਦਾਰ ਗੁਰ ਜੀ।
ਜੋੜਾ ਬੀਜਿਆ ਬੀਜ ਪੁਜਾਰੀਆਂ ਨੇ
ਲਿਆ ਚਿੱਤ ਦੇ ਵਿਚ ਵਿਚਾਰ ਗੁਰ ਜੀ।
ਚੌਹਾਂ ਤੁਖਤਾਂ ਦਾ ਸਮਝਿਆ ਹਾਲ ਸਾਰਾ
ਅੰਨੇ ਆਗੂਆਂ ਦੀ ਜੇਹੜੀ ਕਾਰ ਗੁਰ ਜੀ।
ਸਾਲ ਉੱਨੀ ਸੌ ਇਕੀ ਦੇ ਵਿਚ ਭਾਈ
ਕੇਡੀ ਕਾਰ ਕਰਦੇ ਕਰਨਹਾਰ ਗੁਰ ਜੀ।
ਵਿੱਚ ਬੈਠ ਦੀਵਾਨ ਦੇ ਹੁਕਮ ਦਿੰਦੇ
ਕਹਿੰਦੇ ਨਿਤਰੇ ਸਿੰਘ ਪੁਕਾਰ ਗੁਰ ਜੀ।
ਇਕ ਸਿੰਘ ਨੇ ਆਣਕੇ ਅਰਜ ਕੀਤੀ
ਖੜਾ ਦਾਸ ਮੈਂ ਤਿਆਰ ਬਰਤਿਆਰ ਗੁਰ ਜੀ।
ਦੇਸ ਮਾਲਵੇ ਜਿਲੇ ਫੀਰੋਜਪੁਰ ਦਾ
ਠਾਣਾਂ ਖਾਸ ਮਲੋਟ ਉਚਾਰ ਗੁਰ ਜੀ।
ਰਾਏ ਸਿੰਘ ਸੀ ਨਾਮ ਮੁਦੀਹਰ ਪਿੰਡੋਂ
ਕੀਤੀ ਅਰਜ ਕਰੀਏ ਕੇੜੀ ਕਾਰ ਗੁਰ ਜੀ।
ਤੈਨੂੰ ਭੇਜਣਾ ਅਸੀ ਹਜੂਰ ਸਾਹਿਬ
ਕਰੀਂ ਅਰਥ ਗਰੰਥ ਦਾ ਸਾਰ ਗੁਰ ਜੀ।
ਕਾਲਾ ਸਿੰਘ ਏ ਹੁਕਮ ਲਗਾਕੇ ਤੇ
ਕਰਦੇ ਸਿੰਘ ਨੂੰ ਆਪ ਤਿਆਰ ਗੁਰ ਜੀ ॥ ੪੭ ॥

ਤਥਾ

ਸਿੰਘ ਆਖਦਾ ਮੇਰੀ ਕਠੋਰ ਬੁੱਧੀ
ਮੈਨੂੰ ਗੁਰੂ ਕੀ ਹੁਕਮ ਸੁਣਾਇਆ ਜੇ।
ਉੜੇ ਆੜੇ ਦਾ ਅੱਖਰ ਨਾ ਜਾਣਦਾ ਸੀ
ਗੁਰੂ ਆਪਣੇ ਪਾਸ ਬਠਾਇਆ ਜੇ।

Namdhari Elibrary NamdhariElibrary@gmail.com

ਤੈਨੂੰ ਭਜਣਾ ਅਸੀ ਹਜੂਰ ਸਾਹਿਬ
ਸ੍ਰੀ ਆਪਮੁਖਵਾਕ ਅਲਾਇਆ ਜੇ।
ਓਥੇ ਜਾਏ ਪੁਜਾਰੀਆਂ ਸਾਰਿਆਂ ਨੂੰ
ਗੁਰੂ ਗਰੰਥ ਦਾ ਅਰਥ ਸੁਣਾਇਆ ਜੇ।
ਪੈਸਾ ਟਕਾ ਨਾਂ ਓਹਨਾਂ ਦਾ ਲਈਂ ਭਾਈ
ਛਕੀਂ ਆਪ ਪ੍ਰਸਾਦਿ ਪਕਾਇਆ ਜੇ।
ਗੁਰੂ ਅੱਠਵੇਂ ਝੀਊਰ ਨੂੰ ਸ਼ਕਤ ਦੇਕੇ
ਚਾਰ ਵੇਦ ਦਾ ਭਾਸ਼ ਸੁਣਾਇਆ ਜੇ।
ਤਿਵੇਂ ਸਤਿਗੁਰੂ ਆਪਣੀ ਸ਼ਕਤ ਦੇਕੇ
ਹਜ਼ੂਰ ਸਾਹਿਬ ਨੂੰ ਸਿੰਘ ਦੁੜਾਇਆ ਜੇ।
ਹੁਕਮ ਮੰਨ ਕੇ ਸਿੰਘ ਹੈ ਬਿਦਾ ਹੋਇਆ
ਹਜ਼ੂਰ ਸਾਹਿਬਜੀ ਵਿੱਚ ਪੁਚਾਇਆ ਜੇ।
ਅਗੇ ਕਥਾ ਹੈ ਸੀ ਗੌੜੀ ਰਾਗ ਅੰਦਰ
ਓਹਨਾ ਰਾਤ ਨੂੰ ਅਰਥ ਚਲਾਇਆ ਜੇ।
ਸਿੰਘ ਆਖਿਆ ਅਰਥ ਨਾ ਠੀਕ ਭਾਈਓ
ਕਰਕੇ ਸਹੀ ਸਿੰਘ ਅਰਥ ਸੁਣਾਇਆ ਜੇ।
ਕੱਠੇ ਹੋਏ ਪੁਜਾਰੀ ਸਲਾਹਿ ਕਰਦੇ
ਫੇਰ ਮੁੱਢ ਤੇ ਅਰਥ ਤੁਰਾਇਆ ਜੇ।
ਕਰੇ ਅਰਥ ਓ ਗੁਰੂ ਗਰੰਥ ਜੀ ਦੇ
ਜੇੜਾ ਸਤਿਗੁਰਾਂ ਸਿੰਘ ਪਠਾਇਆ ਜੇ।
ਛਕ ਆਪ ਪਕਾਇ ਪ੍ਰਸਾਦਿ ਪਾਣੀ
ਦੂਜੇ ਹੱਥ ਦਾ ਨਾ ਮੁੱਖ ਪਾਇਆ ਜੇ।
ਆਦਿ ਅੰਤ ਤਾਂਈ ਪੂਰਾ ਅਰਥ ਕਰਕੇ
ਭੋਗ ਗੁਰੂ ਗਰੰਥ ਦਾ ਪਾਇਆ ਜੇ।
ਭੇਟਾ ਹੋਈ ਰੁਪੌਂ ਸੀ ਚਾਰ 800) ਸੌ ਦੀ
ਅੰਗੀ ਕਾਰ ਨਾ ਸਿੰਘ ਕਰਾਇਆ ਜੇ।
ਹੋਏ ਖੁਸ਼ ਪੁਜਾਰੀ ਨੇ ਪਾਠ ਸੁਣਕੇ
ਚਿੱਤ ਸ਼ਬਦ ਨੇ ਖੈਂਚ ਖੰਚਾਇਆ ਜੇ।

Namdhari Elibrary NamdhariElibrary@gmail.com

ਪਹਿਲੇ ਦੇਣ ਸਾਰਾ ਫੇਰ ਦੇਣ ਅਧਾ
ਹਦ ਪਚੀਆਂ ੨੫) ਦੇ ਉਤੇ ਆਇਆ ਜੇ।
ਅਗੋਂ ਕਹੇ ਮੈਨੂੰ ਹੁਕਮ ਗੁਰੂ ਜੀ ਦਾ
ਭੁਲ ਭੇਟ ਨੂੰ ਹਥ ਨਾ ਲਾਇਆ ਜੇ।
ਰਾਏ ਸਿੰਘ ਨੂੰ ਬਾਣੀ ਅਕਾਸ ਹੋਈ
ਦੇਖ ਮਾਇਆ ਨੂੰ ਨਾਹਿ ਭਰਮਾਇਆ ਜੇ।
ਲਿਆ ਜਾਣ ਪੁਜਾਰੀਆਂ ਸਾਰਿਆਂ ਨੇ
ਸਚਾ ਗੁਰੂ ਜਿਨ ਸਿੰਘ ਪਠਾਇਆ ਜੇ।
ਰਾਏ ਸਿੰਘ ਜੀ ਹਾਲ ਹਵਾਲ ਸਾਰਾ
ਏਸ ਪੰਥ ਦਾ ਆਖ ਸੁਣਾਇਆ ਜੇ।
ਓਹਨਾ ਆਖਿਆ ਸਾਨੂੰ ਅਰਦਾਸ ਆਈ
ਅਸੀਂ ਨਹੀ ਸੀ ਅਮਲ ਕਮਾਇਆ ਜੇ।
ਦਰਸ ਕਰਾਂਗੇ ਜਾਏਕੇ ਸਤਿਗੁਰਾਂ ਦਾ
ਹੱਥ ਜੋੜਕੇ ਸਰਬ ਅਲਾਇਆ ਜੇ।
ਨਾਮਧਾਰੀਆਂ ਨਾਲ ਨਾ ਰਾਰ ਓਥੇ
ਹੁਣ ਤੱਕਵੀ ਹੈ ਅਜਮਾਇਆ ਜੇ।
ਨਾਲ ਗਏ ਪੁਜਾਰੀ ਨੇ ਬਿਦਾ ਕਰਨੇ
ਪੈਸਾ ਇਕ ਬੀ ਪਾਸ ਨਾ ਲਿਆਇਆ ਜੇ।
ਜੇੜਾ ਖਰਚ ਦਿੱਤਾ ਪੂਰੇ ਸਤਿਗੁਰਾਂ ਨੇ
ਸਾਰਾ ਓਹ ਵੀ ਮੁਕ ਮੁਕਾਇਆ ਜੇ।
ਸਿੰਘ ਪਾਸ ਦਮੜੇ ਦੋਏ ਸੋਚ ਬਹੁਤੀ
ਚਾਰ ਮਾਸ ਪਿੱਛੋਂ ਮੋੜਾ ਪਾਇਆ ਜੇ।
ਪੰਦ ਪੈ ਗਿਆ ਸਿੰਘ ਜੇ ਸਤਿਗੁਰੂ ਦਾ
ਬਖਤ ਦੂਸਰੀ ਰਾਤ ਦਾ ਆਇਆ ਜੇ।
ਇਕ ਫੇਰ ਬੰਦਾ ਓਸ ਨਾਲ ਰਲਿਆ
ਓਨੇ ਰਾਹ ਉਜਾੜ ਦੇ ਪਾਇਆ ਜੇ।
ਸੌਂ ਗਏ ਸੇ ਰਾਤ ਨੂੰ ਨੀਂਦ ਆਈ
ਇਕ ਸ਼ੇਰ ਆਕੇ ਭਵਕਾਇਆ ਜੇ।

Namdhari Elibrary NamdhariElibrary@gmail.com

ਧੱਫੇ ਨਾਲ ਉਸ ਬੰਦੇਨੂੰ ਮਾਰ ਦਿੱਤਾ
ਰਾਏ ਸਿੰਘ ਦੀ ਵੱਲ ਸਧਾਇਆ ਜੇ।
ਸਿੰਘ ਯਾਦ ਕੀਤਾ ਗੁਰੂ ਆਪਣੇ ਨੂੰ
ਚੀਨੀ ਵਾਲੇ ਨੇ ਦਰਸ਼ ਦਿਖਾਇਆ ਜੇ।
ਉਥੇ ਮਾਰਕੇ ਸ਼ੇਰ ਨੂੰ ਪਲਕ ਅੰਦਰ
ਭੈਣੀ ਸਾਹਿਬ ਦੀਵਾਨ ਲਗਾਇਆ ਜੇ।
ਸਿੰਘਾਂ ਦੇਖ ਚੇਹਰਾ ਚਰਨ ਗੁਰੂ ਜੀ ਦੇ
ਨਾਲ ਧੂੜ ਦੇ ਅਟਅਟਾਇਆ ਜੇ।
ਸੌਣ ਸਿੰਘ ਘੜਵਾਲ ਨੇ ਅਰਜ ਕੀਤੀ
ਚੀਨੀ ਭਾਂਈ ਪ੍ਰਸੀਨਾ ਕਿਉਂ ਆਇਆ ਜੇ।
ਸਿੰਘ ਆਖਿਆ ਗੁਰੂ ਜੀ ਗਏ ਕਿਥੇ
ਏਨੀ ਬਸਤੀਂ ਧੂੜ ਰਵਾਇਆ ਜੇ।
ਸਤਿਗੁਰ ਆਖਦੇ ਪਚੀਆਂ ਦਿਨਾ ਤਾਂਈ
ਦਸ ਦੇਵਾਂਗੇ ਆਪ ਫਰਮਾਇਆ ਜੇ
ਇਧਰ ਸਿੰਘ ਨੇ ਸ਼ੇਰ ਦਾ ਚਲਤ ਡਿੱਠਾ
ਵਡਾ ਖੁਸ਼ੀ ਦੇ ਵਿੱਚ ਸਮਾਇਆ ਜੇ।
ਕੀਤਾ ਆਣ ਇਸ਼ਨਾਨ ਸੀ ਵਿਚ ਬੌੜੀ
ਦਮੜਾ ਦੋਸੌ ਲੱਭ ਥਿਆਇਆ ਜੇ।
ਨਹੀ ਚੱਕਿਆ ਉਠਕੇ ਪੰਦ ਪੈਂਦਾ
ਹੁਕਮ ਵਲੋਂ ਅਕਾਲ ਦੇ ਆਇਆ ਜੇ।
ਚੱਕ ਲਈਂ ਤੈਨੂੰ ਗੁਰੂ ਖਰਚ ਦਿਤਾ
ਫੇਰ ਸਿੰਘ ਨੇ ਆਨ ਉਠਾਇਆ ਜੇ।
ਨੰਗਾ ਰੱਖਿਆ ਲਵੇ ਜੇ ਆਣ ਜੀ ਦਾ
ਏਹੋ ਚਿੱਤ ਦੇ ਵਿਚ ਠਰਾਇਆ ਜੇ।
ਲਿਆ ਟਿਕਟ ਆਕੇ ਸਿੰਘ ਰੇਲ ਚੜ੍ਹਿਆ
ਭੈਣੀ ਸਾਹਿਬ ਆਕੇ ਦਰਸ਼ਨ ਪਾਇਆ ਜੇ।
ਚਰਨ ਚੁੰਮ ਲਏ ਆਪੋ ਵਿਚ ਸਿੰਘਾਂ
ਗੁਰਾਂ ਸੀਨੇ ਦੇ ਨਾਲ ਲਗਾਇਆ ਜੇ।

Namdhari Elibrary NamdhariElibrary@gmail.com

ਗੁਰਾਂ ਪੁੱਛਿਆ ਹਾਲ ਹਵਾਲ ਅਗੋਂ
ਸਿੰਘ ਖੋਲ ਕੇ ਆਖ ਸੁਣਾਇਆ ਜੇ।
ਕਥਾ ਵਾਰਤਾ ਤੇ ਹਾਲ ਸ਼ੇਰ ਵਾਲਾ
ਸਾਰਾ ਖੋਲਿਆ ਭੇਦ ਨਾ ਪਾਇਆ ਜੇ।
ਸਤਿਗੁਰ ਆਖਦੇ ਬਾਤ ਦੀਵਾਨ ਵਾਲੀ
ਸਾਨੂੰ ਧੂੜ ਨੇ ਅੱਟ ਅਟਾਇਆ ਜੇ।
ਘੰਟੇ ਇਕ ਅੰਦਰ ਸ਼ੇਰ ਮਾਰ ਚੀਨੀ
ਜਾਕੇ ਆ ਗਈ ਆਪ ਅਲਾਇਆ ਜੇ।
ਸੁਣਕੇ ਵਾਰਤਾ ਚਰਨਾਂ ਤੇ ਸਿੰਘ ਡਿਗਦੇ
ਧੰਨ ਧੰਨ ਦਾ ਸ਼ਬਦ ਸੁਣਾਇਆ ਜੇ।
ਕਾਲਾ ਸਿੰਘ ਨਾ ਜੀਵ ਦੇ ਵੱਸ ਕੁਝ ਹੈ
ਕਰਤਾ ਕਰੇ ਜੋ ਆਪ ਕਰਾਇਆ ਜੇ॥ ੪੮॥

## ਹਜ਼ੂਰ ਸਾਹਿਬ ਜੀ ਦੇ ਪੁਜਾਰੀਆਂ ਨੇ ਪੰਜ ਸਿੰਘ ਭੇਜਣੇ ਭੈਣੀ ਸਾਹਿਬ

ਹਜ਼ੂਰ ਸਾਹਿਬ ਤੇ ਪੰਜ ਨਿਹੰਗ ਭੇਜੇ
ਭੈਣੀ ਸਾਹਿਬ ਆਕੇ ਦਰਸ਼ਨ ਪਾਂਵਦੇ ਨੇ।
ਆਦਰ ਸਾਰ ਕੀਤਾ ਗੁਰਾਂ ਪੂਰਿਆਂ ਨੇ
ਹਥੀਂ ਆਪ ਪਰਸਾਦਿ ਪਕਾਂਵਦੇ ਨੇ।
ਲੰਗਰ ਫੇਰ ਕੀਤਾ ਨਾਮਧਾਰੀਆਂ ਨੇ
ਪੰਗਤ ਆਪਣੀ ਵਿਚ ਵਰਤਾਂਵਦੇ ਨੇ।
ਰਹਿਤ ਵੇਖ ਮਰਜਾਦਾ ਨੂੰ ਖੁਸ਼ ਹੋਏ
ਵਾਹਵਾਹ ਦਾ ਸ਼ਬਦ ਅਲਾਂਵਦੇ ਨੇ।
ਭਜਨ ਪੁਛਿਆ ਪੰਜਾਂ ਨੇ ਖੁਸ਼ ਹੋਕੇ
ਸਣੇ ਕੇਸ ਇਸ਼ਨਾਨ ਕਰਾਂਵਦੇ ਨੇ।
ਕੱਠਾ ਰੋਜ ਹੋਵੇ ਲੰਗਰ ਸਾਰਿਆਂ ਦਾ
ਅਠ ਦਿਨ ਓ ਸਿੰਘ ਬਤਾਂਵੰਦੇਨੇ।
ਆਪਸ ਵਿੱਚ ਆਖਣ ਗੁਰੂ ਹਈ ਦਸਮਾਂ
ਕੁਝ ਭੇਦ ਤੇ ਫਰਕ ਨਾ ਪਾਂਵੰਦੇ ਨੇ।

ਅੰਮ੍ਰਿਤਸਰ ਦੇ ਦਮਦਮੇ ਮੁਕਤ ਸਰ ਜੀ
ਅਨੰਦਪੁਰ ਦਾ ਵੀ ਦਰਸਨ ਪਾਵੰਦੇ ਨੇ।
ਖੁਸ਼ੀ ਗੁਰਾਂ ਤੇ ਲਈ ਤਾਂ ਬਿਦਾ ਹੋਏ
ਜਾਕੇ ਵਿਚ ਹਜ਼ੂਰ ਸੁਣਾਵੰਦੇ ਨੇ।
ਸਚਾ ਗੁਰੂ ਤੇ ਰਹਿਤ ਹੈ ਸਚ ਸਾਰੀ
ਅਸੀ ਕਰੀਂ ਅਜਮੈਸ਼ ਅਲਾਵੰਦੇ ਨੇ।
ਦਸਾਂ ਗੁਰਾਂ ਦੇ ਹੁਕਮ ਨੂੰ ਬਰਤਦੇ ਨੇਂ
ਰਹਿਤ ਵਿਚ ਵੀ ਫਰਕ ਨਾ ਪਾਂਵਦੇ ਨੇ।
ਪਗ ਲਹਿੰਦੀ ਹੈ ਅਮਲ ਦੇ ਵਿਚ ਆਕੇ
ਸਾਸ ਸਾਸ ਦਾ ਭਜਨ ਕਰਾਵੰਦੇ ਨੇ।
ਜੰਮਨ ਮਰਨ ਅਨੰਦ ਤੇ ਗੁਰੂ ਰੀਤੀ
ਬਿਨਾ ਨਹੀਂ ਗਰੰਥ ਕਰਾਵੰਦੇ ਨੇ।
ਲੜਕੇ ਲੜਕੀਆਂ ਵੀ ਰਹਿਤ ਸਰਬ ਰਖਦੇ
ਕੜੇ ਕਛ ਕਰਪਾਨ ਸਜਾਂਵੰਦੇ ਨੇ।
ਨਹੀ ਬਰਤ ਦੇ ਨਾਲ ਕੁਸੰਗੀਆਂ ਦੇ
ਅੰਨ ਪਾਣੀ ਹਥ ਆਪਦੇ ਖਾਂਵਦੇ ਨੇ।
ਅਸੀ ਦੇਖਕੇ ਬਹੁਤ ਅਨੰਦ ਹੋਏ
ਸਾਰਾ ਖੋਲ ਕੇ ਹਾਲ ਸੁਣਾਂਵੰਦੇ ਨੇ।
ਚਿਠੀ ਝੂਠ ਦੀ ਲਿਖੀ ਪੁਜਾਰੀਆਂ ਨੇ
ਰਹਿਤ ਗੁਰੂ ਦੀ ਨਹੀ ਕਮਾਂਵੰਦੇ ਨੇ॥
ਚੌਹੀਂ ਗੁਰੂ ਦਵਾਰੀਂ ਗੁਰਮਤਿ ਨਾਹੀ
ਮਨਮਤ ਦਾ ਕਾਰ ਚਲਾਂਵੰਦੇਨੇ।
ਕ੍ਰਿਆ ਬਾਹਰਾ ਤੇ ਹੱਡੀਆਂ ਵਿੱਚ ਗੰਗਾਦਰੀਂ
ਬਾਮਣਾਂ ਦੇ ਧੱਕੇ ਖਾਵੰਦੇ ਨੇ।
ਗੁਰਮਤਿ ਅਨੰਦ ਨਾ ਕਰੇ ਕੋਈ
ਗੇੜੇ ਨਾਲ ਚੁਰਾਸੀ ਦੇ ਪਾਵੰਦੇ ਨੇ।
ਸੋਢੀ ਬੇਦੀ ਪੁਜਾਰੀ ਤੇ ਨਿਰਮਲੇਜੋ
ਸਾਰੇ ਮਰਿਆਂ ਦੇ ਪਿੰਡ ਭਰਾਂਵੰਦੇ ਨੇਂ।

ਗੰਗਾ ਗਿਆ ਪੁਹੋਏ ਤੇ ਭਟਕਦੇ ਨੇ
ਗੁਰੂ ਧਾਮ ਪਸੰਦ ਨਾ ਲਿਆਵੰਦੇ ਨੇ।
ਏਹੋ ਹਾਲ ਪੰਜਾਬ ਦਾ ਅਸੀ ਡਿਠਾ
ਸਾਰਾ ਖੋਲਿਆ ਫਰਕ ਨਾ ਪਾਵੰਦੇ ਨੇ।
ਕਾਲਾ ਸਿੰਘ ਨਾਮਧਾਰੀ ਨੇ ਸਿੰਘ ਗੁਰ ਦੇ
ਪੰਜੇ ਸਿੰਘ ਹਜ਼ੂਰ ਸੁਣਾਵੰਦੇ ਨੇ।। ੪੯ ।।

### ਕਵੀ ਦੇ ਪਿਤਾ ਨੇ ਦਰਸ਼ਨ ਕਰਨਾ ਸਤਿਗੁਰ ਰਾਮ ਸਿੰਘ ਜੀ ਦਾ

ਪਿਤਾ ਦਾਸ ਦਾ ਸੀ ਰਾਮ ਸਿੰਘ ਨਾਮੇਂ
ਓਸ ਦੱਸਿਆ ਸੀ ਮੈਨੂੰ ਹਾਲ ਸੰਤੋ।
ਦਾਦੀ ਦਾਸ ਦੀ ਸੀ ਸੇਵਕ ਸਤਿਗੁਰੂ ਦੀ
ਰਖੇ ਪਿਆਰ ਚੰਗਾ ਪੰਥ ਨਾਲ ਸੰਤੋ।
ਸੰਮਤ ਉੱਨੀ ਸੌ ਪਚੀਏ ਸਾਲ ਅੰਦਰ
ਪੂਰੇ ਗੁਰੂ ਆਏ ਗੁਜਰ ਵਾਲ ਸੰਤੋ।
ਪਿਤਾ ਦਾਸ ਦਾ ਚਾਰ ਸੇ ਹੋਰ ਸਾਥੀ
ਕਰੀ ਅਰਜ ਜਾ ਪਾਸ ਅਕਾਲ ਸੰਤੋ।
ਦਸੋ ਭਜਨ ਤੇ ਕਰ ਲਵੋ ਸਿਖ ਸਾਨੂੰ
ਵਿਚ ਹੜੇ ਜਾਈਏ ਕਲੂ ਕਾਲ ਸੰਤੋ।
ਸਤਿਗੁਰ ਆਖਦੇ ਅਜੇ ਨਾ ਬਖਤ ਭਾਈ
ਡਾਰਨ ਸਿੰਘ ਕਛਾਂ ਝਾੜਾਂ ਨਾਲ ਸੰਤੋ।
ਸਮਾਂ ਸਖਤ ਆਵੇ ਵਿਚ ਕਟਲੇ ਦੇ
ਸਿੰਘ ਪਰਖ ਹੋਵੇ ਡਾਲੋ ਡਾਲ ਸੰਤੋ।
ਦਸਮ ਗੁਰੂ ਪਰਖੀ ਖੰਡੇ ਨਾਲ ਸਿਖੀ
ਪੰਜ ਨਿਤਰੇ ਗੁਰੂ ਕੇ ਲਾਲ ਸੰਤੋ।
ਕਈ ਭਜਕੇ ਸਿੰਘ ਅਲਗ ਹੋਏ
ਜੇਹੜੇ ਖਾਣ ਕੜਾਹਿ ਕੰਗਾਲ ਸੰਤੋ।
ਤਿਵੇਂ ਪਰਖ ਕਰਸਾਂ ਵਿਚ ਕੋਟਲੇ ਦੇ
ਤੋਪ ਦਗੇ ਗੋਲਾ ਲਾਲੋ ਲਾਲ ਸੰਤੋ।

ਕਈ ਭਜ ਜਾਵਣ ਮੁਕਰ ਜਾਣ ਬਹੁਤੇ
ਹੋਵੇ ਖਾਲਸੇ ਦਾ ਬੁਰਾ ਹਾਲ ਸੰਤੋ।
ਜਿਵੇਂ ਦਿਤਾ ਵਿਦਾਵਾ ਸੀ ਦਸਮ ਗੁਰ ਨੂੰ
ਸਿੰਘ ਕਰਨ ਸਾਰਾ ਓਹੋ ਚਾਲ ਸੰਤੋ।
ਮੇਰਾ ਜਾਣਾ ਪਰਦੇਸ ਦੇ ਵਿਚ ਹੋਵੇ
ਸਤਿ ਗੁਰ ਆਪ ਆਖਨ ਗੁਜਰਵਾਲ ਸੰਤੋ।
ਮੇਰਾ ਬਾਪ ਸੁਣਕੇ ਬਚਨ ਘਰੀਂ ਆਯਾ
ਭਜਨ ਪੁਛਿਆ ਨ ਕਰੀ ਭਾਲ ਸੰਤੋ।
ਭਾਣਾ ਬਰਤਿਆ ਫੇਰ ਤਮਾਮ ਸਾਰਾ
ਮੇਰੇ ਬਾਪ ਨੂੰ ਰਿਹਾ ਖਿਆਲ ਸੰਤੋ।
ਸੰਮਤ ਉੱਨੀ ਸੈ ਵਿੱਚ ਬਤਾਲੀਏ ਦੇ
ਸਿੰਘ ਫੇਰ ਬਣਿਆਂ ਮੇਰੇ ਨਾਲ ਸੰਤੋ।
ਗਿਆ ਵਿਚ ਬੈਕੁੰਠ ਚੁਤਾਲੀਏ ਦੇ
ਓਸ ਦਸਿਆ ਸੀ ਮੈਨੂੰ ਹਾਲ ਸੰਤੋ।
ਕਾਲਾ ਸਿੰਘ ਪ੍ਰਸੰਗ ਮੈਂ ਲਿਖੇ ਸੋਈ
ਕੁਝ ਸੁਣੇ ਦੇਖੇ ਅਖਾਂ ਨਾਲ ਸੰਤੋ॥ ੫੦॥

### ਪ੍ਰਸੰਗ ਇਕ ਮਸਤਾਨੇ ਦਾ

ਗਵਰਮਿੰਟ ਨੇ ਉਪਰੋਂ ਹੁਕਮ ਦਿਤਾ
ਦੌਰੇ ਸਤਿਗੁਰੂ ਕਿਤੇ ਨਾ ਜਾਨ ਭਾਈ।
ਲੁਦਿਹਾਣੇ ਤਸੀਲ ਦਾਰ ਤੁਰਦਾ ਪਿਆ
ਸੜਕ ਸਮਰਾਲੇ ਦੀ ਆਨ ਭਾਈ।
ਕਰਦੇ ਸਤਿਗੁਰੂ ਭਜਨ ਅਕਾਲ ਬੁਗੇ
ਇਕ ਸਿੰਘ ਆ ਗਿਆ ਮਸਤਾਨ ਭਾਈ।
ਅਵਜੂ ਨਾਮ ਸੀ ਹਸਤੀਓਂ ਬਾਹਰ ਰਹਿੰਦਾ
ਬਿਨਾਂ ਦੇਹ ਸਾਰਾ ਖਾਨ ਪਾਨ ਭਾਈ।
ਕੜਾ ਕੱਛ ਕਰਪਾਨ ਨਾ ਪਹਿਰਦਾ ਸੀ
ਮਰਜੀ ਆਪਣੀ ਕਰੇ ਇਸ਼ਨਾਨ ਭਾਈ।

Namdhari Elibrary NamdhariElibrary@gmail.com

ਗੁਰਾਂ ਪਾਸ ਆ ਖੜਾ ਸੀ ਕਰਮ ਚਾਲੀ
ਗੁਰੂ ਮੱਤ ਦਿੱਤੀ ਨਾਲ ਤਾਨ ਭਾਈ।
ਛਾਲਾਂ ਮਾਰ ਘੁਆੜੇ ਸੀ ਪਿੰਡ ਪਹੁੰਚਾ
ਤਸੀਲਦਾਰ ਆਵੇ ਨਾਲ ਮਾਨ ਭਾਈ।
ਫੜੀ ਘੋੜੀ ਦੀ ਵਾਗ ਨਾ ਤੁਰਨ ਦਿਤਾ
ਅਵਜੂ ਬੋਲਦਾ ਨਾਲ ਜਬਾਨ ਭਾਈ।
ਸਤਿਗੁਰਾਂ ਨੂੰ ਕਰਨ ਤੂੰ ਬੰਦ ਜਾਵੇਂ
ਦੇਵਾਂ ਜਾਣ ਨਾ ਲਾ ਤੂੰ ਤਾਨ ਭਾਈ।
ਮੈਨੂੰ ਪਕੜ ਲੈ ਮੈਂ ਕੁਝ ਚੀਜ ਨਾਹੀ
ਮੈਂ ਭੀ ਗੁਰੂ ਦਾ ਇਕ ਸੁਆਨ ਭਾਈ।
ਓਸ ਹੁਕਮ ਸਪਾਹੀਆਂ ਨੂੰ ਝੱਟ ਦਿੱਤਾ
ਛੇਤੀ ਪਕੜਕੇ ਕਰੋ ਬਰਾਨ ਭਾਈ।
ਜਿੱਥੇ ਉਂਗਲੀ ਮਸਤ ਦਾ ਹਥ ਲਗੇ
ਖੁਲੇ ਫਟ ਤਲਵਾਰ ਘੱਲਿਆਨ ਭਾਈ।
ਨੌਕਰ ਚਾਰ ਸੀ ਲਾਏਕੇ ਜੋਰ ਹਟ ਗਏ
ਫੜਿਆ ਗਿਆ ਨਾ ਹੋਏ ਹੈਰਾਨ ਭਾਈ।
ਪੈਰੀਂ ਪੈਕੇ ਭੁੱਲ ਬਖਸ਼ਾਉਣ ਸਾਰੇ
ਸਾਨੂੰ ਬਖਸ਼ ਦੇਵੋ ਮੇਹਰਵਾਨ ਭਾਈ।
ਨੌਕਰ ਅਸੀਂ ਸਰਕਾਰ ਦੇ ਦਾਸ ਥੋੜੇ
ਸਾਡੇ ਵੱਸ ਨਾ ਕੁਝ ਤੂੰ ਜਾਨ ਭਾਈ।
ਭੈਣੀ ਸਾਹਿਬ ਅਵਜੂ ਸੰਗ ਜਾ ਪਜੇ
ਜਾਕੇ ਸਤਿਗੁਰਾਂ ਦਾ ਦਰਸਨ ਪਾਨ ਭਾਈ।
ਨਮਸ਼ਕਾਰ ਕਰਕੇ ਹੱਥ ਜੋੜ ਆਖਣ
ਹੁਕਮ ਦਿੰਦੀ ਸਰਕਾਰ ਬਖਾਨ ਭਾਈ।
ਜੂਹੋਂ ਵਾਹਰ ਨਾ ਗੁਰੂ ਜੀ ਤੁਸੀਂ ਜਾਣਾ
ਗਵਰਮਿੰਟ ਦਾ ਏਹੋ ਫਰਮਾਨ ਭਾਈ।
ਸਤਿਗੁਰ ਆਖਦੇ ਭਲੀ ਏ ਬਾਤ ਹੋਈ
ਲਿਆ ਸਮਝ ਸਾਰਾ ਲਾਭ ਹਾਨ ਭਾਈ।

Namdhari Elibrary NamdhariElibrary@gmail.com

ਕਾਲਾ ਸਿੰਘ ਏ ਹੁਕਮ ਮਨਜ਼ੂਰ ਸਾਨੂੰ
ਸਚਾ ਗੁਰੂ ਆਖੇ ਮੇਹਰਵਾਨ ਭਾਈ॥ ੫੧॥

ਵਾਕ ਕਵੀ

ਵਿਚ ਬੈਠ ਦੀਵਾਨ ਦੇ ਹੁਕਮ ਦਿੰਦੇ
ਪੂਰੇ ਗੁਰੂ ਜੀ ਆਪ ਫਰਮਾਨ ਵਾਰੀ।
ਮੈ ਹਾਂ ਇਕ ਬਹੁਤ ਰਾਮ ਸਿੰਘ ਕਰਸਾਂ
ਸੂਬੇ ਸਾਜਕੇ ਵਿਚ ਜਹਾਨ ਵਾਰੀ।
ਕਰਾਂ ਖਾਲਸਾ ਪੰਥ ਪਰਚਾਰ ਸਾਰੇ
ਬਜੇ ਢੋਲਕੀ ਸਬਦ ਨੂੰ ਗਾਨ ਵਾਰੀ।
ਦਿਨੋਂ ਦਿਨੀ ਹੋਵੇ ਜੋਰ ਖਾਲਸੇ ਦਾ
ਮਨ ਮਤਿ ਦਾ ਦੂਰ ਨਸਾਨ ਵਾਰੀ।
ਕੜਾ ਕਛ ਦਸਤਾਰ ਨਰ ਨਾਰ ਰੱਖੇ
ਸਾਰਾ ਦੇਸ ਹੋਵੇ ਸਿੰਘ ਆਨ ਵਾਰੀ।
ਪਿੰਡੋ ਪਿੰਡ ਦੀਵਾਨ ਲਗਾ ਦੇਵਾਂ
ਕਰਾਂ ਖਾਲਸਾ ਵਿਚ ਜਹਾਨ ਵਾਰੀ।
ਸੋਧਣ ਸਿੰਘ ਪੁਜਾਰੀਆਂ ਬਾਮਣਾਂ ਨੂੰ
ਕਰਨ ਭੇਖੀਆਂ ਤਾਂਈ ਬਰਾਨ ਵਾਰੀ।
ਹਿੰਦੂਤੁਰਕ ਆਵੇ ਵਿਚ ਖਾਲਸੇ ਦੇ
ਦੋਵਾਂ ਜਾਤ ਦੇ ਚੱਕ ਨਸ਼ਾਨ ਵਾਰੀ।
ਖਾਨ ਪਾਨ ਹੋਵੇ ਕੱਠਾ ਸਾਰਿਆਂ ਦਾ
ਕਰੇ ਛੂਤ ਨ ਕਿਸਦੀ ਆਨ ਵਾਰੀ।
ਸੰਤ ਖਾਲਸਾ ਮੇਰੀ ਜੋ ਰਹਿਤ ਰਖੇ
ਦੂਜਾ ਪੰਥ ਮਲੇਛ ਤੂੰ ਮਾਨ ਵਾਰੀ।
ਪੰਥ ਇੱਕ ਦੋ ਧੜੇ ਜਰੂਰ ਹੋਵੇ
ਦਸਮ ਗੁਰੂ ਦਾ ਏ ਫਰਮਾਨ ਵਾਰੀ।
ਸੰਮਤ ਉਨੀ ਸੋ ਸੈਕੜੇ ਬੀਸ ਅੰਦਰ
ਹੋਵੇ ਖਾਲਸਾ ਖਾਲਸਾ ਜਾਨ ਵਾਰੀ।

Namdhari Elibrary NamdhariElibrary@gmail.com

ਕਾਲਾ ਸਿੰਘ ਏ ਹੁਕਮ ਸੀ ਸਤਿਗੁਰਾਂ ਦਾ
ਦਿੰਦੇ ਆਪ ਹੋਕੇ ਮੇਹਰਬਾਨ ਵਾਗੀ ॥ ੫੨ ॥

ਵਾਕ ਕਵੀ

ਪਿੰਡਾਂ ਪਿੰਡਾਂ ਦੇ ਵਿੱਚ ਦੀਵਾਨ ਲਾਕੇ
ਸਾਰੇ ਦੇਸ ਨੂੰ ਗੁਰੂ ਸੁਧਾਰਦੇ ਨੇ।
ਸੁਧ ਆਤਮਾਂ ਜਿਨਾਂ ਦੀਦਾਰ ਕੀਤੇ
ਗੁਰੂ ਸਾਗਰੋਂ ਪਾਰ ਉਤਾਰਦੇ ਨੇ।
ਬਰਖਾ ਨਾਮ ਦੀ ਕਰਨ ਏ ਦੇਸ ਉਤੇ
ਨਰੂ ਨਾਰ ਦੇ ਤਾਂਈ ਸੁਮਾਰਦੇ ਨੇ।
ਦਸਣ ਜਿਸਨੂੰ ਭਜਨ ਦਿਆਲ ਹੋਕੇ
ਜਨਮ ਮਰਨ ਚੁਰਾਸੀ ਦਾ ਟਾਰਦੇ ਨੇ।
ਸਿੰਘ ਸੈਕੜੇ ਜਾਣ ਹਮੇਸ਼ ਸਜਦੇ
ਅੰਮ੍ਰਿਤ ਛਕਣ ਸਾਰੇ ਖੰਡੇ ਧਾਰਦੇ ਨੇ।
ਸੰਮਤ ਉਨੀ ਸੌ ਚੌਦੇ ਤੇ ਸ਼ੁਰੂ ਕਰਕੇ
ਅੱਠ ਸਾਲ ਗੁਰ ਪੰਥ ਖਲਾਰਦੇ ਨੇ।
ਸੱਤਿ ਲੱਖ ਤੇ ਬਤੀ ਹਜਾਰ ਭਾਂਈ
ਸਤਿਗੁਰ ਦਸਕੇ ਨਾਮ ਨੂੰ ਤਾਰਦੇ ਨੇ।
ਉਮਰ ਗੁਰੂ ਦੀ ਸਾਲ ਪਚਾਸ ਦੀ ਸੀ
ਕਰਨ ਹਾਰ ਕੀ ਕੰਮ ਪਸਾਰਦੇ ਨੇ।
ਕਾਲਾ ਸਿੰਘ ਕੀਤੇ ਸੂਬੇ ਫੇਰ ਬਾਈ
ਮੂੰਹੋ ਸਤਿਗੁਰੂ ਹੁਕਮ ਉਚਾਰਦੇ ਨੇ ॥ ੫੩ ॥

ਸਤਿਗੁਰਾਂ ਨੇ ਸੂਬੇ ਸਾਜਣੇ ਬਾਈ, ਸਾਰਿਆਂ ਦੇ ਪਿੰਡਾਂ ਦੇ ਨਾਮ

ਉੱਨੀ ਸੈਕੜੇ ਬਿਕਰਮਾਂ ਬੀਤ ਚੁੱਕੇ
ਸਾਲ ਬਾਈਮਾਂ ਲਗਾ ਸੀ ਆਨ ਭਾਈ।
ਬਾਈ ਕਰੇ ਸੂਬੇ ਗੁਰੂ ਪੰਥ ਅੰਦਰ
ਕਰਾਂ ਖੋਲ ਮੈ ਤਿਨਾਂ ਦਾ ਬਿਆਨ ਭਾਈ।

Namdhari Elibrary NamdhariElibrary@gmail.com

ਸੋਲਾਂ ਸੂਬਿਆਂ ਦੇ ਉਤੇ ਪੰਜ ਸੂਬੇ
ਉਪਰ ਪੰਜਾਂ ਦੇ ਇਕ ਮਹਾਨ ਭਾਈ।
ਬਾਬਾ ਵਡਾ ਜਵਾਹਰ ਸਿੰਘ ਨਾਮ ਸੂਬਾ
ਨੀਚੇ ਓਸਦੇ ਪੰਜ ਤੂੰ ਮਾਨ ਭਾਈ।
ਹੈਸੀ ਪਿੰਡ ਡਰੋਲੀ ਦੇ ਰਹਿਣ ਵਾਲਾ
ਕਹੇ ਭਾਈ ਕੀ ਜੱਗ ਜਹਾਨ ਭਾਈ।
ਲੱਖਾ ਸਿੰਘ ਜੋ ਬੰਗਿਆਂ ਵਿਚ ਰਹਿੰਦਾ
ਬਰਮਾ ਸਿੰਘ ਦਰੋਆਪੁਰ ਦਾ ਜਾਨ ਭਾਈ।
ਸਾਹਬ ਸਿੰਘ ਬਰਮਾਲੀ ਪੁਰ ਪਿੰਡ ਦਾ ਸੀ
ਸੁੱਧਾ ਸਿੰਘ ਮਢੌਰ ਮਕਾਨ ਭਾਈ।
ਬਾਬਾ ਕਾਨ ਸਿੰਘ ਜੀ ਸੂਬਾ ਚੱਕ ਵਾਲਾ
ਸਾਥ ਗੁਰੂ ਦੇ ਹਜਰੌਂ ਨੂੰ ਜਾਨ ਭਾਈ।
ਫੌਜ ਵਿਚ ਮੇਜਰ ਸੂਬੇਦਾਰ ਹੋਕੇ
ਅਬਲ ਸਿੰਘ ਹੋਇਆ ਮੇਹਰਬਾਨ ਭਾਈ।
ਕਾਲਾ ਸਿੰਘ ਛੀਏ ਸੂਬੇ ਵਡੇ ਆਏ
ਸੋਲਾਂ ਸੂਬੇ ਤੂੰ ਹੋਰ ਬਖਾਨ ਭਾਈ॥ ੫੪॥

### ਸੋਲਾਂ ਸੂਬੇ ਹੋਰ ਹੈਨ

ਰੁੜ ਸਿੰਘ ਬਰਮਾਲੀ ਪੁਰ ਰਹਿਣ ਵਾਲਾ
ਸਰਮੁਖ ਸਿੰਘ ਦੂਜਾਂ ਲੱਲੂ ਵਾਲ ਦਾ ਸੀ।
ਗਿੱਲਾਂ ਵਿਚ ਜੁਮੀਤ ਸਿੰਘ ਰਹੇ ਬਾਬਾ
ਭਜਨ ਦਸ ਚੁਰਾਸੀ ਨੂੰ ਟਾਲਦਾ ਸੀ।
ਮੰਡੀ ਵਡੀ ਦਿਤਾ ਸੀਸ ਲੁਦਿਹਾਣੇ
ਗਿਆਨੀ ਸਿੰਘ ਸ਼ਹੀਦਾਂ ਦੇ ਨਾਲ ਦਾ ਸੀ।
ਮਾਨ ਸਿੰਘ ਥਰਾਜ ਦਾ ਪਿੰਡ ਸੇਦੇ
ਭਗਵਾਨ ਸਿੰਘ ਛੀਵਾਂ ਛਤੇ ਵਾਲ ਦਾ ਸੀ।
ਮਲਾ ਸਿੰਘ ਜੀ ਦਮਦਮੋਂ ਸਾਹਿਬ ਵਾਲਾ
ਵਾਕਫ ਸਹੀ ਜੋ ਸਿੱਖੀ ਦੇ ਹਾਲ ਦਾ ਸੀ।

Namdhari Elibrary NamdhariElibrary@gmail.com

ਰਾਜਾ ਸਿੰਘ ਤਿਰੈਂਡੀ ਸੀ ਪਿੰਡ ਰਹਿੰਦਾ
ਕਲੂਕਾਲ ਕੁਚਾਲ ਨੂੰ ਗਾਲਦਾ ਸੀ।
ਹੁਕਮਾ ਸਿੰਘ ਜੀ ਤਾਰਿਆ ਪਿੰਡ ਪਿੱਥ
ਮਲੂਕ ਸਿੰਘ ਦਸਮਾਂ ਫੂਲੇਵਾਲ ਦਾ ਸੀ।
ਢੈਪਈ ਪਿੰਡ ਬਾਬੇ ਜੋਤਾ ਸਿੰਘ ਜੀ ਦਾ
ਜਾਕੇ ਸਿੰਘਾਂ ਨੂੰ ਰਹਿਤ ਸਖਾਲਦਾ ਸੀ।
ਖਜਾਨ ਸਿੰਘ ਲੁਧਾਣੇ ਦੇ ਪਿੰਡ ਵਸਕੇ
ਸਿਖੀ ਗੁਰੂ ਦੀ ਖੂਬ ਸਮਾਲਦਾ ਸੀ।
ਖਟੜੇ ਪਿੰਡ ਨਰੈਣ ਸਿੰਘ ਰਹੇ ਸੂਬਾ
ਵਾਕਫ ਸਾਰਾ ਜੋ ਗੁਰਾਂ ਦੇ ਹਾਲ ਦਾ ਸੀ।
ਸੁੰਦਰ ਸਿੰਘ ਖੋਟੀ ਪਿੰਡ ਰਹੇ ਬਾਬਾ
ਦੇਸ਼ ਮਾਲਵੇ ਤਾਂਈ ਸਮਾਲਦਾ ਸੀ।
ਪਹਾੜਾ ਸਿੰਘ ਜੀ ਪਿੰਡ ਮਲੌਦ ਵਾਲਾ
ਨਾਮ ਦਸ ਚੁਰਾਸੀ ਤੇ ਟਾਲਦਾ ਸੀ।
ਰਹੇ ਪਿੰਡ ਥਰਾਜ ਖੁਸ਼ਾਲ ਸਿੰਘ ਜੀ
ਸੂਬਾ ਵਡਾ ਬਾਬਾ ਸੋਲਾਂ ਨਾਲ ਦਾ ਸੀ।
ਕਾਲਾ ਸਿੰਘ ਕੀਤੇ ਸੂਬੇ ਆਪ ਬਾਈ
ਮਾਲਕ ਪੰਥ ਦੇ ਜੋ ਵਾਲ-ਵਾਲ ਦਾ ਸੀ ॥ ੫੫ ॥

ਪ੍ਰਸੰਗ ਹੁਕਮ ਸਤਿਗੁਰਾਂ ਨੇ ਦੇਣਾ ਸੂਬਿਆਂ ਨੂੰ

ਸਤਿਗੁਰ ਆਖਦੇ ਥੋਨੂੰ ਮੈਂ ਨਾਮ ਦਿੱਤਾ
ਡੰਕਾ ਚਾਰ ਏ ਕੂੰਟ ਬਜਾਮਣਾ ਜੇ।
ਮਨਮੱਤ ਕੁਚਾਲ ਨੂੰ ਦੂਰ ਕਰਕੇ
ਇਕ ਵਾਹਿਗੁਰੂ ਨਾਮ ਜਪਾਵਣਾ ਜੇ।
ਦੋਹੀ ਫਿਰੇ ਸਾਰੇ ਕਲਗੀਵਾਲੜੇ ਦੀ
ਕੁੱਲ ਦੇਸ਼ ਨੂੰ ਸਿੰਘ ਬਣਾਮਣਾ ਜੇ।
ਜੋ ਕੁਛ ਗੁਰੂ ਗਰੰਥ ਜੀ ਵਿਚ ਲਿਖਿਆ
ਸੰਤ ਖਾਲਸੇ ਸੋਈ ਕਮਾਮਣਾ ਜੇ।

Namdhari Elibrary NamdhariElibrary@gmail.com

ਸਿੰਘ ਰੂਪ ਮੇਰਾ ਜਾਣ ਕਰੇ ਸੇਵਾ
ਮਨੋ ਤਨੋ ਤੇ ਫਰਕ ਨਾ ਪਾਵਣਾ ਜੇ।
ਕਾਲਾ ਸਿੰਘ ਏਹੋ ਬਾਈਆਂ ਸੂਬਿਆਂ ਨੂੰ
ਸੱਚੇ ਸਤਿਗੁਰਾਂ ਹੁਕਮ ਸੁਣਾਵਣਾ ਜੇ॥ ੫੬॥

ਵਾਕ ਕਵੀ

ਸੂਬੇ ਬਹੁਤ ਬੇਅੰਤ ਨਹੀਂ ਗਿਣੇ ਜਾਂਦੇ
ਭਜਨ ਦੱਸਦੇ ਵਿੱਚ ਸੰਸਾਰ ਵਾਰੀ।
ਹੁਕਮ ਸਤਿਗੁਰਾਂ ਦਾ ਸਾਰੇ ਸੂਬਿਆਂ ਨੂੰ
ਕਰੋ ਪੰਥ ਦਾ ਜਾਇ ਪ੍ਰਚਾਰ ਵਾਰੀ।
ਕੜਾ ਕੱਛ ਕਰਪਾਨ ਇਸ਼ਨਾਨ ਕੇਸੀਂ
ਅੰਮ੍ਰਿਤ ਪਾਨ ਕਰਸਣ ਨਰ ਨਾਰ ਵਾਰੀ।
ਦਾਰੂ ਮਾਸ ਕੁੱਠਾ ਹੁੱਕਾ ਦੂਰ ਕਰਕੇ
ਕੰਨ ਦਸਣਾ ਸਬਦ ਉਚਾਰ ਵਾਰੀ।
ਮੜੀ ਗੋਰ ਭੈਰੋਂ ਭੂਤ ਛੱਡ ਦੇਵੋ
ਨਹੀਂ ਮੰਨਣੇ ਭੁੱਲ ਅਵਤਾਰ ਵਾਰੀ।
ਰਾਮ ਕਿਸ਼ਨ ਤੇ ਬਿਸ਼ਨ ਗਣੇਸ਼ ਆਦਿਕ
ਛੱਡੋ ਵੇਦ ਪੁਰਾਣ ਦੀ ਕਾਰਵਾਰੀ।
ਗੁਰੂ ਗਰੰਥ ਜੀ ਬਾਝ ਨਾ ਹੋਰ ਪੂਜਣ
ਏਹੁ ਹੁਕਮ ਸਾਡਾ ਵਾਰ ਵਾਰ ਵਾਰੀ।
ਪੈਸਾ ਕੁੜੀ ਦਾ ਬੈਲ ਨਾ ਕਰਨ ਖੱਸੀ
ਝੂਠੀ ਜਿਣਸ ਵਿਆਜ ਬਿਕਾਰ ਵਾਰੀ।
ਤੁਸੀ ਦੇਸ ਦੇਸੰਤ੍ਰਾਂ ਵਿਚ ਜਾਕੇ
ਗੁਰਮਤਿ ਕਰਨੀ ਪਰਚਾਰ ਵਾਰੀ।
ਸਕਤੀ ਆਪ ਜੇਹੀ ਬਾਈਆਂ ਸੂਬਿਆਂ ਨੂੰ
ਬਖਸ਼ ਆਪ ਦਿਤੀ ਕਰਨ ਹਾਰ ਵਾਰੀ।
ਦਸਮ ਗੁਰੂ ਜਿਵੇਂ ਪੰਜਾਂ ਪਯਾਰਿਆਂ ਨੂੰ
ਕੀਤਾ ਆਪ ਸਮਾਨ ਤਿਆਰ ਵਾਰੀ।

Namdhari Elibrary NamdhariElibrary@gmail.com

ਕਾਲਾ ਸਿੰਘ ਦਿਤਾ ਹੁਕਮ ਸੂਬਿਆਂ ਨੂੰ
ਰਾਮ ਸਿੰਘ ਸਤਿਗੁਰ ਕਰਨ ਹਾਰ ਵਾਰੀ ॥ ੫੭ ॥

ਪ੍ਰਸੰਗ ਗੁਰੂ ਜੀ ਅੱਗੇ ਬੇਨਤੀ ਕਰਨੀ ਬਾਈਆਂ ਸੂਬਿਆਂ ਨੇ

ਹੱਥ ਜੋੜਕੇ ਸੂਬਿਆਂ ਅਰਜ ਕੀਤੀ
ਸਾਡੀ ਆਪ ਤਾਂਈ ਨਮਸਕਾਰ ਸਤਿਗੁਰ।
ਅਸੀਂ ਖੜੇ ਹਾਜਰ ਦਰ ਆਣ ਤੇਰੇ
ਹੋਵੇ ਹੁਕਮ ਕਰੀਏ ਕੇੜੀ ਕਾਰ ਸਤਿਗੁਰ।
ਦੇਵੋ ਹੁਕਮ ਸਾਨੂੰ ਮੇਹਰਵਾਨ ਹੋਕੇ
ਦਈਏ ਵਿਗੜਿਆ ਦੇਸ ਸੁਧਾਰ ਸਤਿਗੁਰ।
ਆਤਮਕ ਸ਼ਕਤੀ ਬਖਸ਼ੋ ਆਪ ਸਾਨੂੰ
ਕਰੀਏ ਖਾਲਸਾ ਪੰਥ ਪਰਚਾਰ ਸਤਿਗੁਰ।
ਤੇਰੇ ਹੁਕਮ ਦੇ ਵਿਚ ਨਾ ਫਰਕ ਪਾਈਏ
ਕਰੀਏ ਹੁਕਮ ਦਾ ਸਰਬ ਵਿਵਹਾਰ ਸਤਿਗੁਰ।
ਕਾਲਾ ਸਿੰਘ ਏ ਗੁਰੂ ਜੀ ਅਰਜ ਸਾਡੀ
ਹੋਵੇ ਨਾਮ ਦੇ ਨਾਲ ਪਿਆਰ ਸਤਿਗੁਰ ॥ ੫੮ ॥

ਹੁਕਮ ਸਤਿਗੁਰ ਰਾਮ ਸਿੰਘ ਜੀ

ਸਤਿਗੁਰ ਆਖਦੇ ਹੁਕਮ ਏ ਦਸਾਂ ਦਾ ਹੈ
ਜੇੜਾ ਅਸਾਂ ਨੇ ਆਖ ਸੁਣਾਇਆ ਹੈ।
ਗੁਰੂ ਗ੍ਰੰਥ ਜੀ ਨੂੰ ਪੜ੍ਹ ਕੇ ਦੇਖ ਲੈਣਾ
ਰਹਿਤਨਾਮਿਆਂ ਵਿਚ ਲਿਖਾਇਆ ਹੈ।
ਕੜਾ ਕੱਛ ਕ੍ਰਿਪਾਨ ਇਸ਼ਨਾਨ ਕੇਸੀ
ਸ੍ਰੀ ਆਪ ਮੁਖਵਾਕ ਅਲਾਇਆ ਹੈ।
ਸਿੰਘ ਸਿੰਘ ਬਗੈਰ ਨਾ ਅੰਨ ਖਾਵੇ
ਬੇਟੀ ਪੰਥ ਨੂੰ ਦੇਣ ਸੁਣਾਇਆ ਹੈ।
ਮਲਕ ਭਾਗੋ ਦਾ ਅੰਨ ਤਿਆਗ ਦਿੱਤਾ
ਘਰ ਲਾਲੋ ਪ੍ਰਸ਼ਾਦਿ ਛਕਾਇਆ ਹੈ।
ਨਾਨਕ ਸਤਿਗੁਰੂ ਰੀਤ ਏਹ ਤੋਰ ਗਏ
ਏਹੋ ਅਸਾਂ ਨੇ ਆਖ ਸੁਣਾਇਆ ਹੈ।

Namdhari Elibrary NamdhariElibrary@gmail.com

ਨਾਮ ਦਾਨ ਇਸ਼ਨਾਨ ਦੀ ਰੀਤ ਓਹੋ
ਵਾਹਿਗੁਰੂ ਦਾ ਜਾਪ ਜਪਾਇਆ ਹੈ।
ਸਿਖੀ ਦਸਾਂ ਦੀ ਅਸੀ ਨਾ ਨਵੀਂ ਕੀਤੀ
ਗੁਰੂ ਮੱਤ ਦਾ ਚਾਲ ਚਲਾਇਆ ਹੈ।
ਓਹੋ ਰੀਤ ਅਨੰਦ ਦੀ ਸਤਿਗੁਰਾਂ ਦੀ
ਅਸੀ ਓਸਨੂੰ ਨਹੀਂ ਉਲਟਾਇਆ ਹੈ।
ਸ਼ਬਦ ਢੋਲਕੀ ਨਾਲ ਪੜ੍ਹਾਨ ਲਾਏ
ਦਾਰੂਮਾਸ ਨੂੰ ਦੂਰ ਹਟਾਇਆ ਹੈ।
ਚੌਰੀ ਗਊ ਦੀ ਪੂਛ ਦੀ ਮਨ੍ਹਾ ਕੀਤੀ
ਬੰਦ ਸੰਖ ਘੜਿਆਲ ਕਰਾਇਆ ਹੈ।
ਨੀਲਾ ਬਾਣਾ ਮਲੇਛ ਹੈ ਬੰਦ ਕੀਤਾ
ਸਤਿਗੁਰਾਂ ਨੇ ਆਪ ਫੁਰਮਾਇਆ ਹੈ।
ਜਾਕੇ ਢਿੱਲਮੀ ਫੂਕਿਆ ਦਸਮ ਗੁਰ ਜੀ
ਅਸੀ ਪੰਥ ਤੇ ਦੂਰ ਕਰਾਇਆ ਹੈ।
ਤੁਸੀ ਚੜ੍ਹੇ ਜਹਾਜ਼ ਹੋ ਸਤਿਗੁਰਾਂ ਦੇ
ਅਸੀ ਨਾਮ ਦਾ ਟਿਕਟ ਫੜਾਇਆ ਹੈ।
ਠੇਕਾ ਅਸਾਂ ਦਾ ਮਾਲਕ ਹੈ ਗੁਰੂ ਨਾਨਕ
ਮੋਹਰ ਲਾਉਣ ਨੂੰ ਸਾਨੂੰ ਪਠਾਇਆ ਹੈ।
ਏਸ ਮੋਹਰ ਬਗੈਰ ਨਾ ਪਾਰ ਹੋਣਾ
ਭੌਜਲ ਵਿਚ ਤਿਨਾਂ ਗੋਤਾ ਖਾਇਆ ਹੈ।
ਜਿਨਾਂ ਸ਼ਬਦ ਨੂੰ ਆਖ ਕਲਾਮ ਦਿਤਾ
ਉਨਾਂ ਗੇੜ ਚੁਰਾਸੀ ਦਾ ਪਾਇਆ ਹੈ।
ਕਈ ਕਹਿਣ ਦਸਤਾਰ ਕਿਉਂ ਉਤਰਦੀ ਹੈ
ਉਨਾਂ ਨਾਮ ਨੂੰ ਚਿੱਤ ਨਾ ਲਾਇਆ ਹੈ।
ਪੱਗ ਲਹਿਣ ਵਾਲਾ ਸ਼ਬਦ ਸਤਿਗੁਰਾਂ ਦਾ
ਸਾਰੇ ਗੁਰੂ ਗ੍ਰੰਥ ਜੀ ਗਾਇਆ ਹੈ।
ਏਹੋ ਰਹਿਤ ਮਨਜ਼ੂਰ ਜੇ ਕਰੇ ਕੋਈ
ਭਜਨ ਦੱਸਕੇ ਸਿੰਘ ਸਜਾਇਆ ਹੈ।

Namdhari Elibrary NamdhariElibrary@gmail.com

ਤੁਸਾਂ ਨਾਲ ਮਿਲਕੇ ਕਰਾਂ ਕੰਮ ਸਾਰੇ
ਏਸ ਨੇਰ ਨੂੰ ਚਾਹਾਂ ਮਿਟਾਇਆ ਹੈ।
ਸਾਰੇ ਦੇਸ ਦਸੰਤ੍ਰਾਂ ਵਿਚ ਜਾਕੇ
ਪੰਥ ਖਾਲਸਾ ਚਾਹਾਂ ਫਲਾਇਆ ਹੈ।
ਜੀਵ ਰੱਛਿਆ ਬਾਣੀ ਤੇ ਨਾਮ ਜਪਣਾ
ਚੋਰੀ ਯਾਰੀ ਤੇ ਝੂਠ ਹਟਾਇਆ ਹੈ।
ਕਾਲਾ ਸਿੰਘ ਏਹੋ ਬਾਈਆਂ ਸੂਬਿਆਂ ਨੂੰ
ਹੁਕਮ ਸਤਿਗੁਰਾਂ ਆਖ ਸੁਣਾਇਆ ਹੈ॥ ੫੯॥

ਸੰਤ ਖਾਲਸੇ ਦਾ ਜ਼ੋਰ ਹੋਣਾ ਤੇ ਸੂਬਿਆਂ ਨੇ ਦੇਸਾਂ ਨੂੰ ਸੱਚੇ ਮਾਰਗ ਪਾਉਣਾ।

ਹੁਕਮ ਮੰਨ ਕੇ ਸੂਬੇ ਨੇ ਤੁਰੇ ਸਾਰੇ
ਗੇੜਾ ਮੁਲਕ ਪੰਜਾਬ ਵਿਚ ਲਾਇਆ ਹੈ।
ਕਈ ਗਏ ਮਾਝੇ ਅਤੇ ਮਾਲਵੇ ਨੂੰ
ਕਈਆਂ ਗੇੜ ਦੁਆਬੇ ਦਾ ਲਾਯਾ ਹੈ।
ਕਈ ਗਏ ਧੰਨੀ ਪੋਠੋਹਾਰ ਨਕੇ
ਮੈਨ ਦੁਆਬ ਕਈਆਂ ਬੰਡੇ ਆਇਆ ਹੈ।
ਕਈ ਦੜਪ ਤੇ ਬਾਰ ਦੇ ਵਿਚ ਪਹੁੰਚੇ
ਨਾਮਦਾਨ ਇਸ਼ਨਾਨ ਦਿੜਾਇਆ ਹੈ।
ਜੇੜ੍ਹਾ ਹੁਕਮ ਦਿਤਾ ਪੂਰੇ ਸਤਗੁਰਾਂ ਨੇ
ਸੋਈ ਸੰਗਤਾਂ ਵਿਚ ਸੁਣਾਇਆ ਹੈ।
ਓਦੂਅਗੇ ਗੁਰਮਤ ਅਲੋਪ ਹੈ ਸੀ
ਦਿਨੋਂ ਦਿਨ ਹੀ ਫੈਲ ਫਲਾਇਆ ਹੈ।
ਲੱਗੇ ਭੋਗ ਹਜਾਰਾਂ ਸੀ ਪੈਣ ਭਾਈ
ਪਾਠੀ ਪਾਠ ਨੂੰ ਮਸਾਂ ਥਿਆਇਆ ਹੈ।
ਇਕ ਭੋਗ ਨੂੰ ਕੌਣ ਬੇਅੰਤ ਹੋਵੇ
ਕੁਝ ਅੰਤ ਹਸਾਬ ਨਾ ਆਇਆ ਹੈ।
ਸਿੰਘ ਸਿੰਘਣੀਆਂ ਜਾਣ ਹਮੇਸ਼ ਸੱਜਦੇ
ਹੋਵੇ ਖਾਲਸਾ ਦੂਣ ਸਵਾਇਆ ਹੈ।

ਫਿਰਨ ਦੇਸ ਦਸੌੜ੍ਹਾਂ ਵਿਚ ਸਾਰੇ
ਪੜ੍ਹਨ ਸ਼ਬਦ ਅਕਾਲ ਧਿਆਇਆ ਹੈ।
ਸ਼ੈਹਰਾਂ ਬਹੁਤਿਆਂ ਦੇ ਵਿਚ ਬੁਚੜ ਖਾਨ
ਜੋਰ ਪਾਪ ਨੇ ਆਨਕੇ ਪਾਇਆ ਹੈ।
ਗਊਘਾਤ ਹੋਵੇ ਥਾਂ ਥੁਥਾਂ ਸਾਰੇ
ਪਾਪ ਬਧ ਗਿਆ ਦੂਣ ਸਵਾਇਆ ਹੈ।
ਹੋਈ ਬਾਣੀ ਅਕਾਸ ਮਸਤਾਨਿਆਂ ਨੂੰ*
ਬੁੱਚੜ ਕੌਮ ਨੇ ਚਿੱਤ ਸਤਾਇਆ ਹੈ।
ਗਊਘਾਤ ਦਾ ਦੁਖ ਨਾ ਝਲ ਹੋਇਆ
ਸੰਤ ਖਾਲਸੇ ਹਥ ਉਠਾਇਆ ਹੈ।
ਸੰਮਤ ਉੱਨੀਸੈ ਵਿਚ ਸਤਾਈਏ ਦੇ
ਕਈ ਸ਼ੈਹਰਾਂ ਮੈਂ ਸ਼ੋਰ ਮਚਾਇਆ ਹੈ।
ਮਾਰ ਵੱਢ ਕਸਾਈਆ ਨੂੰ ਕਤਲ ਕੀਤਾ
ਬੁੱਚੜ ਕੋਮ ਦਾ ਨਾਸ ਕਰਾਇਆ ਹੈ।
ਕਾਲਾ ਸਿੰਘ ਸਾਕਾ ਅੰਮ੍ਰਿਤਸਰ ਵਾਲਾ
ਜਿਵੇਂ ਬ੍ਰਿਤਿਆ ਤਿਵੇਂ ਸੁਣਾਇਆ ਹੈ॥ ੬੦॥

ਦੋਹਰਾ॥[10]

ਸਾਕਾ ਅੰਮ੍ਰਿਤਸਰ ਦਾ ਗਊ ਧਰਮ ਹਿਤਕੀਨ।
ਕੁਛ ਸੁਣਿਆ ਕੁਛ ਦੇਖਿਆ ਕਹੁੰ ਜਥਾਮਤ ਚੀਨ॥ ੬੧॥

ਮਾਝੇ ਦੇਸ ਪੰਜਾਬ ਦੇ ਮੁਲਖ ਅੰਦ੍ਰ
ਅੰਮ੍ਰਿਤਸਰ ਭਾਰੀ ਗੁਰੂ ਧਾਮ ਹਜੀ।
ਚੌਹਾਂ ਤਖਤਾਂ ਦੇ ਵਿਚੋਂ ਹੈ ਤਖਤ ਵੱਡਾ
ਜਿਥੇ ਗੁਰਾਂ ਕੀਤਾ ਬਸਰਾਮ ਹਜੀ।
ਚੌਥੇ ਗੁਰੂ ਬੱਧੀ ਨਗਰੀ ਆਪ ਆਕੇ
ਰਾਮਦਾਸ ਸਤਿਗੁਰ ਜੀ ਦਾ ਨਾਮ ਹਜੀ।

---

*ਅਕਾਸ਼ਬਾਨੀ ਉਸਨੂੰ ਕੈਹਦੇ ਹਨ ਜੋ ਅਕਸਮਾਤ ਫੁਰਨਾ ਫੁਰੇ॥

Namdhari Elibrary NamdhariElibrary@gmail.com

ਏਦੀ ਉਪਮਾ ਗੁਰੂ ਗਰੰਥ ਅੰਦੂ
ਨਹੀਂ ਜੀਵਦੇ ਕਰਨ ਦਾ ਕਾਮ ਹੈਜੀ।
ਓਹੀ ਧਰਤ ਸੁਹਾਵੀ ਤੇ ਤਾਲ ਸੋਹਣਾ
ਬਸੇ ਸੰਘਣਾ ਗੁਰਾਂ ਦਾ ਗਾਮ ਹੈਜੀ।
ਕਲਮ ਆਪਣੀ ਦੇ ਨਾਲ ਦਰਜ ਕੀਤਾ
ਏਹੋ ਸ਼ਬਦ ਗਰੰਥ ਤਮਾਮ ਹੈਜੀ।
ਮੰਦਰ ਤਾਲ ਦੇ ਵਿਚ ਸੁਹਾਂਵਦਾ ਹੈ
ਸੱਚ ਖੰਡ ਬੈਕੁੰਠ ਦਾ ਧਾਮ ਹੈ ਜੀ।
ਦਰਸਨ ਕਰਦਿਆਂ ਵਾਹਿਗੁਰੂ ਯਾਦ ਆਵੇ
ਦੁਖ ਦੂਰ ਹੋਵੇ ਕੋੜਜਾਮ ਹੈਜੀ।
ਹੋਵੇ ਸਾਂਤ ਸਰੀਰ ਨੂੰ ਬਖਤ ਊਸੇ
ਤੜਕੇ ਨ੍ਹਾਇਕੇ ਜਪੇ ਜੋ ਨਾਮ ਹੈਜੀ।
ਜਲੋਂ ਥਲੋਂ ਪੁਲਾੜ ਅਵਾਜ ਦਿੰਦਾ
ਵਾਹਿਗੁਰੂ ਸਾਰੇ ਰਾਮ ਰਾਮ ਹੈਜੀ।
ਹਿੰਦੂਤੁਰਕ ਇਸਾਈ ਜੇ ਦਰਸ ਪਾਵੇ
ਆਵੇ ਚਿਤ ਨੂੰ ਸਾਂਤ ਅਰਾਮ ਹੈਜੀ।
ਕਾਂਸ਼ੀ ਗੰਗਾ ਤੇ ਮੱਕਾ ਮਦੀਨੜਾ ਜੋ
ਤੁੱਲ ਏਸਦੀ ਹੋਰ ਨਾ ਧਾਮ ਹੈ ਜੀ।
ਐਸੀ ਜਗਾ ਪਵਿਤ੍ਰ ਹੈ ਸਤਿਗੁਰਾਂ ਦੀ
ਸਾਰੀ ਭੂਮਕਾ ਕੁੱਲ ਤਮਾਮ ਹੈਜੀ।
ਐਸੀ ਭੂਮਕਾ ਦੇ ਵਿਚ ਬੁੱਚੜਖਾਨਾ
ਕੀਤਾ ਪਾਪ ਦਾ ਏ ਸਾਰਾ ਕਾਮ ਹੈਜੀ।
ਗਊ ਘਾਤ ਕਰਦੇ ਜੋਰ ਨਾਲ ਜਾਲਮ
ਕਰਦੇ ਜੁਲਮ ਦਾ ਕੰਮ ਤਮਾਮ ਹੈਜੀ।
ਹੋਰ ਕਿਸੇ ਨੂੰ ਦਸ ਨਾ ਕੱਖ ਜਿੰਨਾ
ਮੰਦਾ ਕੰਮ ਕਰਦਾ ਤੁਰਕ ਜਾਮ ਹੈਜੀ।
ਇਕ ਰੋਜ ਸਿੰਘਾਂ ਨਾਮ ਧਾਰੀਆਂ ਦਾ
ਜੱਥਾ ਨਾਲ ਆਵੇ ਧੂਮ ਧਾਮ ਹੈਜੀ।

Namdhari Elibrary NamdhariElibrary@gmail.com

ਸ਼ਬਦ ਪੜਨ ਪ੍ਰੇਮ ਦੇ ਭਰੇ ਹੋਏ
ਹੱਲਾ ਢੋਲਕੀ ਨਾਲ ਤਮਾਮ ਹੈ ਜੀ।
ਬੜਨ ਲਗੇ ਦਰਵਾਜੇ ਲਹੌਰ ਵਾਲੇ
ਨਿਗਾ ਬੁੱਚੜ ਖਾਨਾ ਪਿਆ ਆਮ ਹੈ ਜੀ।
ਗਊ ਫੜੀ ਹੋਈ ਦੁਖੀ ਜਾਲਮਾਂ ਦੀ
ਚਿਤ ਕੰਬ ਉੱਠਾ ਘਮਾ ਘਾਮ ਹੈ ਜੀ।
ਮੱਚ ਗਏ ਸਰੀਰ ਸੋ ਘਾਸ ਵਾਂਗੂੰ
ਅੱਗ ਭੜਕ ਉਠੀ ਦਮਾ ਦਾਮ ਹੈਜੀ।
ਸ਼ਬਦ ਬੰਦ ਕੀਤਾਂ ਉਸੇ ਬਖਤ ਅੰਦ੍ਰ
ਦਰਸ਼ਨ ਆਨ ਕੀਤਾ ਗੁਰੂ ਧਾਮ ਹੈ ਜੀ।
ਸਣ ਕੇਸ ਸਿੰਘਾਂ ਇਸ਼ਨਾਨ ਕੀਤਾ
ਬਾਣੀ ਪੜ੍ਹੀ ਜਪਿਆ ਗੁਰੂ ਨਾਮ ਹੈ ਜੀ।
ਕਾਲਾ ਸਿੰਘ ਦੇਖੇ ਸਾਰੇ ਗੁਰੂ ਦੁਆਰੇ
ਪਿਛੋਂ ਕਰੀ ਸਲਾਹਿ ਤਮਾਮੁ ਹੈ ਜੀ॥ ੬੨॥

### ਸਿੰਘਾਂ ਨੇ ਗੁਰਮਤਾ ਕਰਨਾ

ਸਿੰਘਾਂ ਬੈਠਕੇ ਤੇ ਗੁਰਮਤਾ ਕੀਤਾ
ਏਤਾਂ ਭੂਮਕਾ ਅਪਰ ਅਪਾਰ ਭਾਈ।
ਚੌਹਾਂ ਤਖਤਾਂ ਦੇ ਵਿਚੋਂ ਹੈ ਤਖਤ ਵਡਾ
ਕੀਤੇ ਗੁਰਾਂ ਭਾਰੇ ਉਪਕਾਰ ਭਾਈ।
ਹੱਥੀਂ ਆਪ ਖੁਦਾਏ ਨੇ ਨਿਉਂ ਰੱਖੀ
ਕੀਤਾ ਤਾਲ ਦੇ ਵਿਚ ਦਰਬਾਰ ਭਾਈ।
ਸੋਲਾਂ ਸੌ ਪੰਤਾਲੀਆ ਸਾਲ ਹੈ ਸੀ
ਕਤਕ ਪੰਚਮੀ ਸੁਰੂ ਉਚਾਰ ਭਾਈ।
ਸੱਚ ਖੰਡ ਬਕੁੰਠ ਬਣਾਇ ਦਿਤਾ
ਮੰਦਰ ਹਰੀ ਕਾ ਅਪਰ ਅਪਾਰ ਭਾਈ।
ਐਸੀ ਜਗਾ ਪਵਿਤ੍ਰ ਹੈ ਸਤਿਗੁਰਾਂ ਦੀ
ਸਾਰੀ ਭੂਮਕਾ ਬੇਸ਼ੁਮਾਰ ਭਾਈ।

Namdhari Elibrary NamdhariElibrary@gmail.com

ਏਥੇ ਜ਼ੁਲਮ ਭਾਰਾ ਗਊ ਘਾਤ ਵਾਲਾ
ਹੋਵੇ ਝੱਲ ਨਾਂ ਅਸੀਂ ਲਚਾਰ ਭਾਈ।
ਮਰੀਏ ਆਪ ਜਾਂ ਉਨਾਂ ਨੂੰ ਕਤਲ ਕਰੀਏ
ਦੇਈਏ ਜ਼ਿੰਦਗੀ ਆਪਣੀ ਵਾਰ ਭਾਈ।
ਭਾਂਡਾ ਗੰਦਕੀ ਦਾ ਮਲਮੂਤ ਭਰਿਆ
ਭੰਨੋ ਜਾਇਕੇ ਤੁਰਕ ਦੇ ਵਾਰ ਭਾਈ।
ਪੰਜਾਂ ਤੱਤਾਂ ਦਾ ਪਿੰਜਰਾ ਛੱਡ ਦੇਵੋ
ਸੀਸ ਧਰਮ ਉਤੋਂ ਦਿਓ ਵਾਰ ਭਾਈ।
ਏਤਾ ਜੱਗ ਸਰਾਂਏਂ ਮੁਸਾਫਰਾਂ ਦੀ
ਏਥੇ ਰਹਿਣ ਦਾ ਨਹੀ ਕਰਾਰ ਭਾਈ।
ਵਿਚ ਬੈਠ ਦਰਬਾਰ ਪ੍ਰਕੰਮਿਆਂ ਦੇ
ਗੁਰਮਤਾ ਕੀਤਾ ਇਕੋ ਬਾਰ ਭਾਈ।
ਕਾਲਾ ਸਿੰਘ ਏ ਕੱਲ ਨੂੰ ਕੰਮ ਕਰਨਾ
ਅਗੇ ਕਰੇ ਜੇਹੜੀ ਕਰਨਹਾਰ ਭਾਈ ॥ ੬੩ ॥

### ਸਿੰਘਾਂ ਨੇ ਪ੍ਰਸਾਦਿ ਕਰਕੇ ਹਵਨ ਕਰਨਾ ਘਰ ਭਾਈ ਲਹਿਣਾ ਸਿੰਘ ਦੇ

ਉਥੋਂ ਉਠਕੇ ਸਿੰਘਾਂ ਅਰਾਮ ਕੀਤਾ
ਬਜੇ ਦੋ ਕੁ ਦੇ ਕਰਨ ਇਸ਼ਨਾਨ ਵਾਰੀ।
ਬਾਣੀ ਪੜ੍ਹਨ ਨਿਜਮੀ ਨਿਤ ਨੇਮ ਵਾਲੀ
ਸਾਰਾ ਪੰਜ ਗ੍ਰੰਥ ਬਖਾਨ ਵਾਰੀ।
ਘਰਜਾਇ ਲਹਿਣਾ ਸਿੰਘ ਮਿਸਤ੍ਰੀ ਦੇ
ਪ੍ਰਸ਼ਾਦਿ ਦੀ ਦੇਗ ਸਜਾਨ ਵਾਰੀ।
ਹਮਨ ਕਰਨ ਬਾਣੀ ਪੜ੍ਹਨ ਦਸਮ ਗੁਰ ਦੀ
ਚੰਡੀ ਵਾਰ ਦਾ ਪਾਠ ਸੁਨਾਨ ਵਾਰੀ।
ਹਥ ਜੋੜ ਸਿੰਘਾਂ ਅਰਦਾਸ ਕੀਤੀ
ਪ੍ਰਸਾਦ ਦੀ ਦੇਗ ਵਰਤਾਨ ਵਾਰੀ।
ਲੈਹਣਾ ਸਿੰਘ ਹੈ ਸੀ ਸੇਵਕ ਸਤਿਗੁਰੂ ਦਾ
ਘਰ ਓਸਦੇ ਦਿਵਸ ਬਤਾਨ ਵਾਰੀ।

ਕਾਲਾ ਸਿੰਘ ਜਦੋਂ ਤੀਜਾ ਪੈਹਰ ਹੋਇਆ
ਘਰੋਂ ਉਠ ਕੇ ਬਾਹਰ ਨੂੰ ਜਾਨ ਵਾਰੀ ॥ ੬੪ ॥

ਵਾਕ ਕਵੀ

ਬਾਹਰ ਜਾਇ ਸਿੰਘਾਂ ਗੁਰਮਤਾ ਕੀਤਾ
ਲੱਭ ਲਾਇਸੰਸ ਪਾਸ ਹਥਿਆਰ ਪਿਆਰੇ।
ਸ੍ਰੀਸਾਹਬ ਵੀਚਾਰ ਕੇ ਚਾਰ ਲਈਆਂ
ਜੋੜੀ ਕਰਦੀਆਂ ਸੀ ਮਾਰੋ ਮਾਰ ਪਿਆਰੇ।
ਸਾਰੇ ਸਿੰਘ ਤਿਆਰ ਹੋ ਖੜੇ ਹੋਏ
ਸਤਿ ਸ੍ਰੀ ਅਕਾਲ ਛੁਕਾਰ ਪਿਆਰੇ।
ਲਹਿਣਾਂ ਸਿੰਘ ਹੈ ਪੱਖੋ ਰੰਧਾਵਿਆਂ ਦਾ
ਜਿਲਾ ਖਾਸ ਗੁਰਦਾਸਪੁਰ ਜਾਰ ਪਿਆਰੇ।
ਬੀਹਲਾ ਸਿੰਘ ਦਾ ਪਿੰਡ ਸੀ ਨਾਰਲੀ ਜੋ
ਇਲਾਕਾ ਵਿਚ ਲਹੌਰ ਉਚਾਰ ਪਿਆਰੇ।
ਹਾਕਮ ਸਿੰਘ ਪਟਵਾਰੀ ਦਾ ਪਿੰਡ ਮੌੜੇ
ਅਮ੍ਰਿਤਸਰ ਦਾ ਜਿਲਾ ਵਿਚਾਰ ਪਿਆਰੇ।
ਫਤੇ ਸਿੰਘ ਸ਼ਹੀਦ ਦਾ ਖਾਸ ਰੈਹਣਾਂ
ਅਮ੍ਰਿਤਸਰ ਜੀ ਵਿਚ ਪੁਕਾਰ ਪਿਆਰੇ।
ਸੰਮਤ ਉਨੀ ਸੈ ਵਿਚ ਸਤਾਂਈਏ ਦੇ
ਦਿਨਹਾੜ ਸੰਗਰਾਂਦ ਉਚਾਰ ਪਿਆਰੇ।
ਬਾਰਾਂ ਬਜੇ ਦਾ ਰਾਤ ਦਾ ਵਕਤ ਹੋਇਆ
ਕਰੀ ਖਾਲਸੇ ਨੇ ਏਹੋ ਕਾਰ ਪਿਆਰੇ।
ਹਥ ਜੋੜ ਅਰਦਾਸ ਨੇ ਕਰਨ ਲਗੇ
ਬਾਰਾਂ ਗੁਰਾਂ ਅਗੇ ਵਾਰ ਵਾਰ ਪਿਆਰੇ।
ਹਮਰੀ ਕਰੋ ਦੇਕੇ ਹਾਥ ਆਪ ਰੱਛਾ
ਏਹੋ ਸ਼ਬਦ ਪੜਦੇ ਨਾਲ ਪਿਆਰ ਪਿਆਰੇ।
ਕਮਰਕਸੇ ਲਗਾਇਕੇ ਖੜੇ ਹੋਏ
ਸਿੰਘ ਹੋਇਕੇ ਤਿਆਰ ਬਰ ਤਿਆਰ ਪਿਆਰੇ।

Namdhari Elibrary NamdhariElibrary@gmail.com

ਵਖਤ ਆਏ ਗਿਆ ਬਾਰਾਂ ਬਜੇ ਵਾਲਾ
ਕਰਦੇ ਗੁਰਾਂ ਦਾ ਨਾਮ ਉਚਾਰ ਪਿਆਰੇ।

ਨਾਨਕ ਗੁਰੂ ਅੰਗਦ ਅਮਰਦਾਸ ਗੁਰੂ ਜੋ
ਰਾਮਦਾਸ ਗੁਰ ਹੈ ਕਰਨ ਹਾਰ ਪਿਆਰੇ।

ਅਰਜਨ ਗੁਰੂ ਸ਼ਾਹੀ ਬੇੜਾ ਗਰਕ ਕੀਤਾ
ਹਰਿ ਗੋਬਿੰਦ ਗੁਰ ਫੜੀ ਤਲਵਾਰ ਪਿਆਰੇ।

ਹਰੀ ਰਾਇ ਹਰਿ ਕ੍ਰਿਸ਼ਨ ਦਾ ਦਰਸ ਕਰੀਏ
ਦੁਖ ਹੋਣਗੇ ਦੂਰ ਅਜ਼ਾਰ ਪਿਆਰੇ।

ਨੌਮੇ ਗੁਰੂ ਜੀ ਸੀਸ ਲਗਾਏ ਦਿੱਲੀ
ਕੀਤੇ ਤੁਰਕ ਸਮੁੰਦੋਂ ਪਾਰ ਪਿਆਰੇ।

ਦਸਮ ਗੁਰੂ ਜੀ ਹੋਈਂ ਸਹਾਇ ਸਾਨੂੰ
ਤੇਰੇ ਬਾਝ ਹਾਂ ਅਸੀਂ ਲ਼ਚਾਰ ਪਿਆਰੇ।

ਬਾਲਕ ਸਿੰਘ ਬਾਬਾ ਗੁਰੂ ਗਿਆਰਵੇਂ ਜੀ
ਲਈ ਆਜਜਾਂ ਦੀ ਆਕੇ ਸਾਰ ਪਿਆਰੇ।

ਰਾਮ ਸਿੰਘ ਸਤਿਗੁਰ ਅੰਗ ਸੰਗ ਸਾਡੇ
ਤੇਰੇ ਨਾਮ ਦਾ ਰਹੇ ਅਧਾਰ ਪਿਆਰੇ।

ਗੁਰੂ ਗ੍ਰੰਥ ਤੇ ਪੰਥ ਦੇ ਪਿਆਰਿਓ ਜੀ
ਫਤੇ ਵਾਹਿਗੁਰੂ ਕਹਿਣ ਉਚਾਰ ਪਿਆਰੇ।

ਫੜੇ ਜਾਈਏ ਨਾ ਅਸਾਂ ਦਾ ਪਤਾ ਲਗੇ
ਏਹੋ ਮੰਗ ਸਾਡੀ ਵਾਰ ਵਾਰ ਪਿਆਰੇ।

ਕਾਰਨ ਗਊਆਂ ਦੇ ਬੇਨਤੀ ਆਜਜ਼ਾਂ ਦੀ
ਕਰੀਂ ਭਲਾ ਤੂੰ ਹੀ ਕਰਨ ਹਾਰ ਪਿਆਰੇ।

ਕਾਲਾ ਸਿੰਘ ਦੂਵਾਜੇ ਲਾਹੌਰ ਵਾਲੇ
ਕਰੀ ਸਿੰਘਾ ਨੇ ਏਹੋ ਪੁਕਾਰ ਪਿਆਰੇ ॥ ੬੫ ॥

Namdhari Elibrary NamdhariElibrary@gmail.com

## ਸਿੰਘਾਂ ਨੇ ਹਮਲਾ ਕਰਕੇ ਕਸਾਂਈਆਂ ਨੂੰ ਕਤਲ ਕਰਨਾ

ਬਾਰਾਂ ਬਜੇ ਦਾ ਵਖਤ ਸੀ ਖਾਸ ਪੂਰਾ
ਜਦੋਂ ਸਿੰਘ ਪਏ ਗੱਜਕੇ ਆਨ ਯਾਰੋ।
ਮਾਰਨ ਵਾਸਤੇ ਗਊਆਂ ਜੋ ਬੰਨੀਆਂ ਸੀ
ਰੱਸੇ ਓਨਾਂ ਦੇ ਗਲੋਂ ਲਹਾਨ ਯਾਰੋ।
ਏਸ ਬਾਤ ਦੀ ਕਿਸੇ ਨੂੰ ਖਬਰ ਨਾਸੀ
ਸੁਤੇ ਪਏ ਬੁਚੜ ਲੰਮੀ ਤਾਨ ਯਾਰੋ।
ਕੂਚੇ ਜਾਏ ਕਸਾਈਆਂ ਦੇ ਕਰਨ ਹੱਲਾ
ਇਕੋ ਵਾਰ ਜਾਕੇ ਘੇਰਾ ਪਾਨ ਯਾਰੋ।
ਗੁਸੇ ਹੋਇ ਤਲਵਾਰਾਂ ਨੇ ਕੱਢ ਲਈਆਂ
ਵਾਂਗ ਬਿਜਲੀਆਂ ਦੇ ਚਮਕਾਂਨ ਯਾਰੋ।
ਸਿੰਘ ਕਹਿਣ ਪੁਕਾਰ ਕੇ ਬੁਚੜਾਂ ਨੂੰ
ਖਬਰਦਾਰ ਹੋਣਾ ਬੇਈਮਾਨ ਯਾਰੋ।
ਮਾਰ ਵਢ ਕਸਾਈਆਂ ਨੂੰ ਕਤਲ ਕੀਤਾ
ਮੂਰੇ ਆ ਗਿਆ ਦਿਤਾ ਨਾ ਜਾਨ ਯਾਰੋ।
ਉਠੇ ਜਾਗ ਬਹੁਤੇ ਪਿਆ ਆਣ ਰੌਲਾ
ਦੇਖ ਸਿੰਘਾਂ ਨੂੰ ਹੋਣ ਹੈਰਾਨ ਯਾਰੋ।
ਉਭੜ ਵਾਹੇ ਭਜੇ ਕਈ ਮੰਜਿਆਂ ਤੋਂ
ਲੱਗੇ ਆਪਣੀ ਜਾਨ ਬਚਾਨ ਯਾਰੋ।
ਇਕੋ ਵਾਰ ਹਮਲਾ ਕੀਤਾ ਖਾਲਸੇ ਨੇ
ਬੁੱਚੜ ਕੌਮ ਦਾ ਚੱਕੋ ਨਿਸ਼ਾਨ ਯਾਰੋ।
ਜਿਵੇਂ ਪਿਆ ਬਿਘਿਆੜ ਹੈ ਇਜੜਾਂ ਨੂੰ
ਤਿਵੇਂ ਸਿੰਘ ਪਾਵਨ ਘਮਸਾਨ ਯਾਰੋ।
ਕੂੰਜਾਂ ਸੁਤੀਆਂ ਉਤੇ ਜਿਉਂ ਬਾਜ ਪੈਂਦਾ
ਰੰਨ ਮੁੰਡੇ ਭੀ ਲਗੇ ਕਲਲਾਨ ਯਾਰੋ।
ਲਭੇ ਰਾਹ ਨਾ ਕਿਤੇ ਨੂੰ ਨੱਠ ਜਾਈਏ
ਕਈ ਡਿਗਕੇ ਲੱਤਾਂ ਭਨਾਂਣ ਯਾਰੋ।

Namdhari Elibrary NamdhariElibrary@gmail.com

ਕਈ ਮੰਜੀਆਂ ਦੇ ਹੇਠ ਲੁਕੇ ਪਾਪੀ
ਕਈ ਚੋਰ ਤੇ ਚੋਰ ਬੜਾਣ ਯਾਰੋ।
ਡਿੱਗੇ ਉਭੜਵਾਹੇ ਕਈ ਕੋਠਿਆਂ ਤੋਂ
ਬਿਨਾਂ ਮੌਤ ਆਈ ਮਰ ਜਾਨ ਯਾਰੋ।
ਮਾਂਵਾਂ ਛੱਡਕੇ ਨੱਠੀਆਂ ਪੁਤ੍ਰਾਂ ਨੂੰ
ਮੋਹ ਜਿਗਰ ਦਾ ਤੁਰਤ ਭੁਲਾਨ ਯਾਰੋ।
ਐਸਾ ਬਖਤ ਪਾਇਆ ਉਤੇ ਬੁਚੜਾਂ ਦੇ
ਕੀਤੇ ਮਾਰ ਕੇ ਬਹੁਤ ਬਰਾਨ ਯਾਰੋ।
ਕਾਲਾ ਸਿੰਘ ਹੋਇਆ ਹਰਨ ਖਾਲਸਾ ਜੀ
ਬੈਠੇ ਘਰੀਂ ਰੋਵਣ ਮੁਸਲਮਾਨ ਯਾਰੋ॥ ੬੬॥

ਵਾਕ ਕਵੀ

ਏਧਰ ਖਾਲਸਾ ਜੀ ਹਰਨ ਹੋਇ ਕੇ ਤੇ
ਵਿਚ ਖਾਲਸੇ ਮਿਲ ਗਿਆ ਨਾਲ ਭਾਈ।
ਦਬ ਦਿਤੇ ਹਥਿਆਰ ਸੇ ਵਕਤ ਓਸੇ
ਕੋਈ ਕਰੇ ਨਾ ਆਣਕੇ ਭਾਲ ਭਾਈ।
ਕੰਮ ਕ੍ਰਿਤ ਕਰਦੇ ਆਪੋ ਆਪਣੀ ਜੋ
ਜਪਦੇ ਨਾਮ ਅਕਾਲ ਅਕਾਲ ਭਾਈ।
ਓਧਰ ਪਤਾ ਲਗਾ ਗਾਵਰਨਮਿੰਟ ਤਾਂਈ
ਦਿਤਾ ਬੁਚੜਾਂ ਦਾ ਕੌਮ ਗਾਲ ਭਾਈ।
ਠਾਣੇਦਾਰ ਕੁਤਵਾਲ ਤੇ ਪੁਲਸ ਸਾਰੀ
ਕਰਦੇ ਫਿਰਨ ਸਭੇ ਹਾਲ ਹਾਲ ਭਾਈ।
ਲਗੇ ਪਤਾ ਨਾ ਫੜਨ ਪੁਜਾਰੀਆਂ ਨੂੰ
ਸੋ ਭੀ ਮੁਕਰਦੇ ਜਾਨ ਕੰਗਾਲ ਭਾਈ।
ਓੜਕ ਪਕੜਕੇ ਕਰੇ ਨਿਹੰਗ ਕਾਬੂ
ਬੁਰੀ ਕਰਨ ਲਗੇ ਓਨਾਂ ਨਾਲ ਭਾਈ।
ਫੌਜ ਲਾਭਲੀ ਪੁਲਸ ਦੇ ਵੱਸ ਪੈ ਗਈ
ਪਈ ਕਰੇ ਅਕਾਲ ਅਕਾਲ ਭਾਈ।

Namdhari Elibrary NamdhariElibrary@gmail.com

ਗੱਫੇ ਸੁਖਿਆਂ ਦੇ ਨਿਤ ਛਕਣ ਵਾਲੇ
ਹੋਏ ਗਏ ਸੇ ਹਾਲੋਂ ਬੇਹਾਲ ਭਾਈ।
ਅੱਗੋਂ ਦੇਣ ਜਵਾਬ ਪ੍ਰੇਮ ਵਾਲਾ
ਸਾਨੂੰ ਛਡਿਓ ਹੋਇ ਕੇ ਦਿਆਲ ਭਾਈ।
ਅਸੀਂ ਕਤਲ ਦਾ ਕੰਮ ਨਾ ਕਦੇ ਕਰੀਏ
ਫੋਕੇ ਛੱਡੀਏ ਟਾਲਾਂ ਦੇ ਟਾਲ ਭਾਈ।
ਅੱਗੋਂ ਪੁਲਸ ਨੇ ਹੱਥ ਦਿਖਾਲ ਦਿਤੇ
ਮਾਰ ਕੁਟਕੇ ਕਰੇ ਨਢਾਲ ਭਾਈ।
ਕਈ ਵਾਰ ਹੋਈਆਂ ਰੋਵਕਾਰੀਆਂ ਸੀ
ਲੱਗੇ ਪਤਾ ਨਾ ਕੰਮ ਮੁਹਾਲ ਭਾਈ।
ਕਾਲਾ ਸਿਘ ਏਵੇਂ ਕਿਵੇਂ ਕਰਦਿਆਂ ਨੂੰ
ਚੜ ਗਿਆ ਅਠਾਈਵਾਂ ਸਾਲ ਭਾਈ ॥ ੬੭ ॥

### ਸਿੰਘਾਂ ਨੇ ਸਤਿਗੁਰਾਂ ਦੇ ਦਰਸ਼ਨ ਨੂੰ ਭੈਣੀ ਸਾਹਿਬ ਜੀ ਜਾਣਾ

ਏਦਰ ਸਤਿਗੁਰੂ ਸੱਚੇ ਦੇ ਦਰਸ ਖਾਤ੍
ਭੈਣੀ ਸਾਹਿਬ ਔਂਦੇ ਸਿੰਘ ਧਾਕੇ ਜੀ।
ਝੱਟ ਪੱਟ ਪਹੁੰਚੇ ਭੈਣੀ ਸਾਹਿਬ ਅੰਦਰ
ਖੁਸ਼ੀ ਬਹੁਤ ਹੋਈ ਦਰਸ਼ਨ ਪਾਕੇ ਜੀ।
ਸਤਿਗੁਰ ਬੈਠੇ ਸੇ ਆਪ ਦੀਵਾਨ ਲਾਕੇ
ਕਰੀ ਬੰਦਨਾ ਸੀਸ ਨਵਾਕੇ ਜੀ।
ਬੈਠ ਗਏ ਦੀਵਾਨ ਦੇ ਵਿਚ ਚਾਰੇ
ਵਾਹਿਗੁਰੂ ਦੀ ਫਤੇ ਗਜਾਕੇ ਜੀ।
ਲੈਹਿਣਾ ਸਿੰਘ ਬੀਹਲਾ ਸਿੰਘ ਫਤੇ ਸਿੰਘ ਜੀ
ਹਾਕਮ ਸਿੰਘ ਬੈਠਾ ਪਾਸ ਆਕੇ ਜੀ।
ਦਰਸਨ ਕਰਦਿਆਂ ਚਿਤ ਨੂੰ ਸਾਂਤ ਆਈ
ਭਜਨ ਕਰਨ ਜੋ ਰਸਨਾ ਹਲਾਕੇ ਜੀ।
ਤਨ ਮਨ ਤੇ ਧਨ ਲਾ ਕਰਨ ਸੇਵਾ
ਭੇਟਾ ਨਗਦ ਹਜੂਰ ਝੜਾਕੇ ਜੀ।

Namdhari Elibrary NamdhariElibrary@gmail.com

ਸਤਿਗੁਰ ਹਸਕੇ ਦੇਖਦੇ ਵਲ ਓਨਾਂ
ਮੂੰਹੋਂ ਆਖਦੇ ਬਚਨ ਸੁਣਾਕੇ ਜੀ।
ਲੈਹਣਾ ਸਿੰਘ ਬੀਲ੍ਹਾ ਸਿੰਘ ਆਓ ਭਾਈ
ਦੱਸੋ ਹਾਲ ਹਵਾਲ ਬਤਾਕੇ ਜੀ।
ਰਾਜੀ ਖੁਸ਼ੀ ਹੋ ਸੰਗਦੇ ਹੋਰ ਸਾਥੀ
ਦਸੋ ਹਾਲ ਸਾਰਾ ਸਮਝਾਕੇ ਜੀ।
ਕਾਲਾ ਸਿੰਘ ਏ ਪੁਛਿਆ ਸਤਿਗੁਰਾਂ ਨੇ
ਸਿੰਘ ਦਸਦੇ ਹਾਲ ਸੁਨਾਕੇ ਜੀ॥ ੬੮॥

### ਸਿੰਘਾਂ ਨੇ ਕਤਲ ਦਾ ਹਵਾਲ ਸਤਿਗੁਰਾਂ ਨੂੰ ਸੁਣੌਣਾ

ਸਿੰਘ ਦਸਦੇ ਗੁਰੂ ਜੀ ਸੁਣਨ ਲਗੇ
ਅਸੀਂ ਕੀਤਾ ਹੈ ਕੰਮ ਅਪਾਰ ਸਤਿਗੁਰ।
ਅੰਮ੍ਰਿਤਸਰ ਜੋੜੇ ਬੁਚੜ ਗਊ ਘਾਤੀ
ਅਸੀਂ ਲਈ ਹੈ ਉਨਾਂ ਦੀ ਸਾਰ ਸਤਿਗੁਰ।
ਬਾਰਾਂ ਬਜੇ ਦੇ ਰਾਤ ਨੂੰ ਕਤਲ ਕੀਤੇ
ਹਥ ਵਡੀ ਸੀ ਆਪ ਤਲਵਾਰ ਸਤਿਗੁਰ।
ਰੌਲਾ ਪੈ ਗਿਆ ਸੀ ਸਾਰੇ ਸ਼ਹਿਰ ਅੰਦਰ
ਅਸੀਂ ਬੁਚੜਾਂ ਨੂੰ ਦਿਤਾ ਮਾਰ ਸਤਿਗੁਰ।
ਕੂੰਜਾਂ ਸੁੱਤੀਆਂ ਉਤੇ ਜਿਉਂ ਬਾਜ ਪੈਂਦਾ
ਅਸੀਂ ਪਏ ਸੇ ਆਪ ਲਲਕਾਰ ਸਤਿਗੁਰ।
ਸੱਥਰ ਲਾਇ ਦਿਤਾ ਪਾਪੀ ਬੁੱਚੜਾਂ ਦਾ
ਕਰੇ ਭੇਟ ਤਲਵਾਰ ਦੀ ਧਾਰ ਸਤਿਗੁਰ।
ਅਸੀਂ ਭੱਜਕੇ ਤੁਰਤ ਅਲੱਗ ਆਏ
ਕਰੀ ਆਣਕੇ ਕੰਮ ਤੇ ਕਾਰ ਸਤਿਗੁਰ।
ਸਾਨੂੰ ਕਿਸੇ ਨਾ ਆਣਕੇ ਪੁਛਿਆ ਸੀ
ਅਸੀ ਦਿਤੀ ਨਾ ਕਿਸੇ ਨੂੰ ਸਾਰ ਸਤਿਗੁਰ।
ਪਿਛੋਂ ਪੁਲਸ ਨੇ ਆਣਕੇ ਜੋਰ ਦਿਤਾ
ਫਿਰੇ ਦੇਖਦਾ ਜੋ ਠਾਂਣੇਦਾਰ ਸਤਿਗੁਰ।

ਫੜ ਲਏ ਪੁਜਾਰੀ ਕੜਾਹ ਖਾਣੇ
ਸੋ ਭੀ ਰੋਣ ਉੱਚੀ ਧਾਹਾਂ ਮਾਰ ਸਤਿਗੁਰ।
ਉਹ ਬੀ ਛੱਡਕੇ ਫੇਰ ਨਿਹੰਗ ਪਕੜੇ
ਪਈ ਉਨਾਂ ਉਤੇ ਭਾਰੀ ਮਾਰ ਸਤਿਗੁਰ।
ਸੁੱਖਾ ਪੀਣ ਕੜਾਹ ਦੇ ਲੌਣ ਗੱਫੇ
ਹੋਇ ਕੈਦ ਦੇ ਵਿਚ ਲਾਚਾਰ ਸਤਿਗੁਰ।
ਹੋਇ ਗਿਆ ਸਤਾਈਆ ਸਾਲ ਪੂਰਾ
ਅਜੇ ਮੁਕੀ ਨਾ ਰੌਲੇ ਦੀ ਕਾਰ ਸਤਿਗੁਰ।
ਸੌਣ ਬੀਤਿਆ ਸਾਲ ਅਠਾਈਏਂ ਦਾ
ਅਸੀ ਆਏ ਹਾਂ ਕਰਨ ਦੀਦਾਰ ਸਤਿਗੁਰ।
ਸਾਨੂੰ ਬਖਸ਼ਣਾ ਸਤਿਗੁਰਾ ਪੂਰਿਆ ਜੀ
ਹੋਵੇ ਤੁਸਾਂ ਦੇ ਨਾਲ ਪਿਆਰ ਸਤਿਗੁਰ।
ਕਾਲਾ ਸਿੰਘ ਏਹ ਮੰਗ ਹਮੇਸ਼ ਸਾਡੀ
ਤੇਰੇ ਨਾਮ ਦਾ ਰਹੇ ਅਧਾਰ ਸਤਿਗੁਰ ॥ ੬੯ ॥

### ਸਤਿਗੁਰਾਂ ਨੇ ਸੁਣਕੇ ਹਵਾਲ ਕਤਲ ਦਾ ਸਿੰਘਾਂ ਨੂੰ ਮੋੜਨਾ

ਸੁਣਦੇ ਸਾਰ ਦਿਤਾ ਹੁਕਮ ਸਤਿਗੁਰਾਂ ਨੇ
ਸ੍ਰੀ ਆਪ ਮੁਖ ਵਾਕ ਉਚਾਰ ਭਾਈ।
ਛੇਤੀ ਛਕੋ ਪ੍ਰਸ਼ਾਦ ਨਾ ਡੇਰ ਲਾਵੋ
ਚਾਰੇ ਹੋਵੋ ਤਿਆਰ ਬਰ ਤਿਆਰ ਭਾਈ।
ਕਤਲ ਆਪਣੀ ਆਪ ਸਬੂਤ ਕਰਨੀ
ਪੌਣਾ ਫਰਕ ਨਾ ਵਿਚ ਕਰਾਰ ਭਾਈ।
ਜਾਕੇ ਸਿੰਘ ਨਿਹੰਗ ਛੁਡਾਏ ਦੇਵੋ
ਕਿਤੇ ਦੇਣ ਨਾ ਓਨਾਂ ਨੂੰ ਮਾਰ ਭਾਈ।
ਫਲ ਤੁਸਾਂ ਦਾ ਤੁਸਾਂ ਦੇ ਹੱਥ ਆਵੇ
ਲੈ ਜਾਣ ਨਾ ਨਿਹੰਗ ਵਿਚਕਾਰ ਭਾਈ।
ਖੇਤ ਪੱਕਿਆ ਵਢ ਜੇ ਹੋਰ ਲਵੇ
ਆਵੇ ਕੁਝ ਨਾ ਹਥ ਕਸਾਰ ਭਾਈ।

Namdhari Elibrary NamdhariElibrary@gmail.com

ਸੀਸ ਧਰਮ ਦੇ ਉਤੇ ਕੁਰਬਾਨ ਕਰਨਾ
ਦੇਣੀ ਜਿੰਦਗੀ ਆਪਣੀ ਵਾਰ ਭਾਈ।
ਏਸ ਦੇਹ ਨੂੰ ਜਾਣਕੇ ਸਿਰਫ ਝੂਠੀ
ਓੜਕ ਵਿਣਸਣੀ ਹੈ ਇਕ ਵਾਰ ਭਾਈ।
ਭਾਂਡਾ ਗੰਦਕੀ ਦਾ ਮਲਮੂਤ ਭਰਿਆ
ਭੰਨੋਂ ਜਾਇਕੇ ਤੁਰਕ ਦੇ ਬਾਰ ਭਾਈ।
ਪੰਜਾਂ ਤਤਾਂ ਦਾ ਪਿੰਜਰਾ ਕਰੋ ਖਾਲੀ
ਥੋੜਾ ਏਸ ਦੇ ਨਾਲ ਪਿਆਰ ਭਾਈ।
ਭਾਣਾਂ ਮੰਨ ਲੈਣਾ ਸਿਰ ਤੇ ਵਾਹਿਗੁਰੂ ਦਾ
ਸਾਡਾ ਹੁਕਮ ਏਹੋ ਵਾਰ ਵਾਰ ਭਾਈ।
ਜਗ ਜਾਣ ਸਰਾਇ ਮੁਸਾਫਰਾਂ ਦੀ
ਦੇਣੇ ਹੱਸ ਕੇ ਸੀਸ ਨੇ ਵਾਰ ਭਾਈ।
ਦੁਖ ਪੀੜ ਤੇ ਚਿਤ ਅਡੋਲ ਥੋੜਾ
ਕਰੋ ਜਾਇ ਸ਼ਹੀਦਾਂ ਦੀ ਕਾਰ ਭਾਈ।
ਮੇਰੇ ਜਦੋਂ ਦੀਦਾਰ ਨੂੰ ਤੁਸੀ ਚਾਹੋਂ
ਥੋੜੇ ਪਾਸ ਹਾਜਰ ਉਸੇ ਬਾਰ ਭਾਈ।
ਕਾਲਾ ਸਿੰਘ ਦਿਤਾ ਹੁਕਮ ਸਤਿਗੁਰਾਂ ਨੇ
ਤੁਰਦੇ ਸਿੰਘ ਨੇ ਅਰਜ ਗੁਜਾਰ ਭਾਈ ॥੭੦॥

ਸਿੰਘਾਂ ਨੇ ਬੇਨਤੀ ਕਰਨੀ ਸਤਿਗੁਰਾਂ ਪਾਸ ਹਥ ਜੋੜਕੇ ਚੌਹਾਂ ਨੇ

ਹਥ ਜੋੜਕੇ ਚਰਨਾਂ ਤੇ ਡਿਗੇ ਚਾਰੇ
ਸਾਨੂੰ ਲਾਏ ਦੇਵੀ ਕਿਸੇ ਪਾਰ ਸਤਿਗੁਰ।
ਤੁਸੀ ਬਾਰਮਾਂ ਰੂਪ ਹੋ ਬਖਸ਼ ਦੇਵੋ
ਜਨਮ ਮਰਨ ਤੋਂ ਕਰ ਦਿਓ ਪਾਰ ਸਤਿਗੁਰ।
ਭਵੀਏ ਫੇਰ ਨਾਂ ਵਿਚ ਚੁਰਾਸੀਆਂ ਦੇ
ਬੀਜ ਵਾਸ਼ਨਾਂ ਦਾ ਕਟੋ ਭਾਰ ਸਤਿਗੁਰ।
ਲਏ ਚਾੜ ਜਹਾਜ ਤੈਂ ਆਪਣੇ ਤੇ
ਸੱਚਾ ਮਿਲ ਗਿਆ ਤੂੰ ਠੇਕੇਦਾਰ ਸਤਿਗੁਰ।

Namdhari Elibrary NamdhariElibrary@gmail.com

ਅੰਗ ਸੰਗ ਸਾਡੇ ਤੁਸੀ ਆਪ ਰੈਹਣਾ
ਤੇਰੇ ਬਾਝ ਹਾਂ ਅਸੀ ਲਚਾਰ ਸਤਿਗੁਰ।
ਭੈ ਮੌਤ ਦਾ ਅਸਾਂ ਨਾ ਪਾਸ ਆਵੇ
ਤੇਰੇ ਨਾਮ ਦਾ ਰਹੇ ਅਧਾਰ ਸਤਿਗੁਰ।
ਕਾਲਾ ਸਿੰਘ ਚਰਨਾਂ ਉਪਰ ਸੀਸ ਧਰਕੇ
ਫਤ ਵਾਹਿਗੁਰੂ ਦੇਣ ਉਚਾਰ ਸਤਿਗੁਰ ॥ ੭੧ ॥

ਵਾਕ ਕਵੀ

ਤੁਰਦੀ ਵਾਰ ਸਿੰਘਾਂ ਹਥ ਜੋੜ ਦੋਵੇਂ
ਪਲਾ ਪਾਏ ਗਲ ਸੀਸ ਨਿਵਾਂਵਦੇ ਜੀ।
ਚਰਨ ਚੁੰਮਦੇ ਨੇ ਸਿੰਘਾਂ ਸਾਰਿਆਂ ਦੇ
ਜਾਂਦੀ ਵਾਰ ਦੀ ਫਤੇ ਗਜਾਂਵਦੇ ਜੀ।
ਘੁਟ ਘੁਟਕੇ ਜਫੀਆਂ ਗਲੀਂ ਪੌਂਦੇ
ਰੋਇ ਰੋਇਕੇ ਪਿਆਰ ਵਧਾਂਵਦੇ ਜੀ।
ਸਤਿ ਗੁਰ ਆਖਦੇ ਅੰਗ ਮੈਂ ਸੰਗ ਥੋਡੇ
ਕਰੋ ਯਾਦ ਅਸੀਂ ਪਾਸ ਆਂਵਦੇ ਜੀ।
ਹੁਕਮ ਮੰਨਕੇ ਸਿੰਘ ਨੇ ਵਿਦਾ ਹੋਏ
ਦੂਰ ਜਾਇ ਕੇ ਸੀਸ ਨਵਾਂਵਦੇ ਜੀ।
ਤੀਜੇ ਰੋਜ ਜਾਕੇ ਅੰਮ੍ਰਿਤਸਰ ਪਹੁੰਚੇ
ਦਰਸ਼ਨ ਪਾਇ ਇਸ਼ਨਾਨ ਕਰਾਂਵਦੇ ਜੀ।
ਜਥਾ ਜੋਗ ਕੀਤੀ ਭੇਟਾ ਗੁਰੂ ਦੁਆਰੀਂ
ਆਕੇ ਵਾਹਿਗੁਰੂ ਨਾਮ ਧਿਆਂਵਦੇ ਜੀ।
ਵਿੱਚ ਬੈਠ ਦਰਬਾਰ ਦੇ ਪੜ੍ਹਨ ਬਾਣੀ
ਨਿਤਨੇਮ ਵਿਚ ਫਰਕ ਨਾ ਪਾਂਵਦੇ ਜੀ।
ਓਥੋਂ ਉਠਕੇ ਸ਼ਹਿਰ ਦੇ ਵਿਚ ਆਏ
ਲੰਗਰ ਕਰਨ ਦੀ ਛੌਲ ਬਣਾਂਵਦੇ ਜੀ।
ਘਰ ਆਇ ਲੈਹਿਣਾਂ ਸਿੰਘ ਮਿਸਤ੍ਰੀ ਦੇ
ਗਫੇ ਖੁਸ਼ੀ ਦੇ ਨਾਲ ਲਗਾਂਵਦੇ ਜੀ।

Namdhari Elibrary NamdhariElibrary@gmail.com

ਕਾਲਾ ਸਿੰਘ ਓਥੋਂ ਫੇਰ ਤਿਆਰ ਹੋਕੇ
ਸਿੰਘ ਵਿਚ ਕੁਤਵਾਲੀ ਦੇ ਜਾਂਵਦੇ ਜੀ ॥ ੭੨ ॥

ਸਿੰਘਾਂ ਨਾਮਧਾਰੀਆਂ ਨੇ ਨਿਹੰਗਾਂ ਸਿੰਘਾਂ ਨੂੰ ਫਾਹੇ ਦੇਣ ਤੇ ਛੁਡਾ ਦੇਣਾ

ਲਿਆ ਸੱਦ ਕੁਤਵਾਲੀ ਦੇ ਹਾਕਮਾਂ ਨੂੰ
ਠਾਣੇਦਾਰ ਤੇ ਪੁਲਸ ਜਮਦੂਤ ਸਾਰੇ।
ਚਾਰੇ ਸਿੰਘ ਪੁਕਾਰ ਕੇ ਕਹਿਣ ਲਗੇ
ਦਿਓ ਛੱਡ ਨਿਹੰਗ ਅਵਧੂਤ ਸਾਰੇ।
ਇਹਨਾਂ ਨਹੀਂ ਗਰੀਬਾਂ ਨੇ ਕੁਝ ਕੀਤਾ
ਦੁਖ ਦਿਓ ਨਾ ਇਨਾਂ ਕਸੂਤ ਸਾਰੇ।
ਮੰਗ ਖਾਇਕੇ ਸੁਖੇ ਦੇ ਲੌਣ ਗੱਫੇ
ਛਾਮੇਂ ਘੋਟ ਦੇ ਨਿੰਮ ਜਾਂ ਤੂਤ ਸਾਰੇ।
ਅਸੀ ਕਤਲ ਕੀਤਾ ਇਨਾਂ ਬੁਚੜਾਂ ਨੂੰ
ਦਿੰਦੇ ਆਪਣੇ ਖੋਲ ਸਬੂਤ ਸਾਰੇ।
ਬਾਰਾਂ ਬਜੇ ਸੰਗਰਾਂਦ ਦੀ ਰਾਤ ਹਾੜੋਂ
ਕੀਤੇ ਬੁਚੜਾਂ ਦੇ ਕੰਮ ਊਤ ਸਾਰੇ।
ਏਹੋ ਸੁਣੀ ਸੀ ਸਿੰਘਾਂ ਦੇ ਗੱਲ ਮੂੰਹੋ
ਹੋਏ ਗਿਰਦ ਸੇ ਪੁਲਸ ਦੇ ਭੂਤ ਸਾਰੇ।
ਕਾਲਾ ਸਿੰਘ ਨਿੰਹਗਾਂ ਨੂੰ ਛੱਡ ਦੇਵੋ
ਦਿੰਦੇ ਆਪਣਾ ਸਿੰਘ ਸਬੂਤ ਸਾਰੇ ॥ ੭੩ ॥

ਸਿੰਘਾਂ ਦੀ ਸਚਾਈ ਸੁਣਕੇ ਪੁਲਸ ਦੇ ਹਾਕਮਾਂ ਨੇ ਹੈਰਾਨ ਹੋਣਾ

ਸੁਣੀ ਗੱਲ ਜਾਂ ਪੁਲਸ ਦੇ ਹਾਕਮਾਂ ਨੇ
ਸਾਨੂੰ ਕੀਤਾ ਹੈ ਤੁਸੀਂ ਹੈਰਾਨ ਬਾਬਾ।
ਧੰਨ ਤੁਸੀਂ ਹੋਂ ਧੰਨ ਹੈ ਗੁਰੂ ਥੋਡਾ
ਜਿਨਾਂ ਅੰਮ੍ਰਿਤ ਕਰਾਇਆ ਹੈ ਪਾਨ ਬਾਬਾ।
ਭਜਨ ਆਪਣਾ ਦੱਸਕੇ ਕੰਨ ਬਾਣੀ
ਕੀਤਾ ਤੁਸਾਂ ਨੂੰ ਆਪ ਸਮਾਨ ਬਾਬਾ।
ਆਪੇ ਆਪ ਸਾਰੇ ਤੁਸੀਂ ਹਾਲ ਦੱਸੇ
ਕਰੀ ਜਰਾ ਨ ਪਿਆਰੀ ਹੈ ਜਾਨ ਬਾਬਾ।

Namdhari Elibrary NamdhariElibrary@gmail.com

ਹਾਕਮ ਪੁਲਸ ਦੇ ਚਰਨਾ ਦੇ ਡਿਗੇ ਉਪਰ
ਤੁਸੀਂ ਸੰਤ ਦਿਸਦੇ ਮੇਹਰਵਾਨ ਬਾਬਾ।
ਸਾਨੂੰ ਸੁਭਾ ਨਾਂ ਸ਼ੱਕ ਹੈ ਤੁਸਾਂ ਉਪਰ
ਤੁਸੀਂ ਖਾਸ ਈਸ਼ਰ ਭਗਵਾਨ ਬਾਬਾ।
ਹੱਥ ਕੜੀ ਨਾ ਤੁਸਾਂ ਦੇ ਕਦੇ ਲਾਈਏ
ਸਾਨੂੰ ਕਸਮ ਹੈ ਧਰਮ ਈਮਾਨ ਬਾਬਾ।
ਛੱਡ ਦਿਤਾ ਨਿਹੰਗਾਂ ਨੂੰ ਵਖਤ ਓਸੇ
ਜਦੋਂ ਤੁਸਾਂ ਦੀ ਸੁਣੀ ਜਵਾਨ ਬਾਬਾ।
ਤੁਸੀਂ ਜਿਮੀਂ ਅਸਮਾਨ ਦੇ ਥੰਮ ਹੋਜੀ
ਸਚੇ ਆਣਕੇ ਦਿਤੇ ਬਿਆਨ ਬਾਬਾ।
ਆਦਿ ਅੰਤ ਤੇ ਸਿੰਘ ਉਪਕਾਰ ਕਰਦੇ
ਸੇਵਕ ਸਤਿਗੁਰੂ ਦੇ ਮੇਹਰਵਾਨ ਬਾਬਾ।
ਦਿਤੇ ਸਿੰਘ ਨਿਹੰਗ ਛੁਡਾਏ ਤੁਸੀਂ
ਕੀਤੀ ਆਪਣੀ ਜਾਨ ਕੁਰਬਾਨ ਬਾਬਾ।
ਐਸਾ ਹੋਰ ਨਾ ਕੋਈ ਜਹਾਂਨ ਅੰਦਰ
ਜੇੜਾ ਆਪਣੇ ਤਜੇ ਪਰਾਨ ਬਾਬਾ।
ਕਾਲਾ ਸਿੰਘ ਰਾਮ ਸਿੰਘ ਹੈ ਧੰਨ ਸਤਿਗੁਰੂ
ਜੀ ਦੇ ਸਿੰਘ ਬਣਗਏ ਤੁਸੀਂ ਆਨ ਬਾਬਾ॥ ੭੪॥

### ਸਿੰਘਾਂ ਨੇ ਸੱਚਾ ਬਿਆਨ ਦੇਣਾ ਪੁਲਸ ਪਾਸ

ਸਿੰਘ ਆਖਦੇ ਸੱਚਾ ਹੈ ਗੁਰੂ ਸਾਡਾ
ਜੀਨੇ ਅਸਾਂ ਨੂੰ ਸਿੰਘ ਬਣਾਇਆ ਸੀ।
ਅਸੀਂ ਕਤਲ ਕਰਕੇ ਇਨਾਂ ਬੁੱਚੜਾਂ ਨੂੰ
ਭੈਣੀ ਸਾਹਿਬ ਜਾ ਹਾਲ ਸੁਣਾਇਆ ਸੀ।
ਜੋ ਕੁਝ ਬਰਤਿਆ ਦਸਿਆ ਸਤਿਗੁਰਾਂ ਨੂੰ
ਵਿਚ ਭੇਦ ਨਾ ਕੁਝ ਰਖਾਇਆ ਸੀ।
ਸਾਨੂੰ ਹੁਕਮ ਦਿੱਤਾ ਪੂਰੇ ਸਤਿਗੁਰਾਂ ਨੇ
ਸ੍ਰੀ ਆਪ ਮੁਖਵਾਕ ਅਲਾਇਆ ਸੀ।

Namdhari Elibrary NamdhariElibrary@gmail.com

ਕਿਹਾ ਜਾਓ ਸ਼ਤਾਬੀ ਨਾ ਡੇਰ ਲਾਵੋ
ਹੋਵੇ ਸੁਫਲ ਸਾਡਾ ਦਰਸ਼ਨ ਪਾਇਆ ਸੀ।
ਜਾਕੇ ਸਿੰਘ ਨਿਹੰਗ ਛੁਡਾਏ ਦੇਵੋ
ਮਾਰੇ ਜਾਣ ਨਾ ਏਹ ਫਰਮਾਇਆ ਸੀ।
ਥੋਡੇ ਕਾਰਨੇ ਫੜੇ ਗਰੀਬ ਭਾਈ
ਏਹੋ ਸਤਿਗੁਰਾਂ ਹੁਕਮ ਸੁਣਾਇਆ ਸੀ।
ਹਥਕੜੀ ਪ੍ਰੇਮ ਦੀ ਲਾਇ ਸਾਡੇ
ਕੱਕਾ ਕੜਾ ਬਾਹਾਂ ਵਿਚ ਪਾਇਆ ਸੀ।
ਹੁਕਮ ਸਤਿਗੁਰਾਂ ਦੇ ਸਾਨੂੰ ਬੰਨਕੇ ਤੇ
ਪਕੜ ਤੁਸਾਂ ਦੇ ਪਾਸ ਪੁਚਾਇਆ ਸੀ।
ਕਾਲਾ ਸਿੰਘ ਕਰਲੋ ਜੇੜੀ ਤਬਾ ਥੋਡੀ
ਸਿੰਘਾਂ ਖੋਲਕੇ ਹਾਲ ਸੁਣਾਇਆ ਸੀ ॥੭੫॥

ਪੁਲਸ ਨੇ ਤਰੀਫ ਕਰਨੀ ਸਤਿਗੁਰਾਂ ਦੀ ਸਿੰਘਾਂ ਦੀ ਸਚਾਈ ਦੇਖਕੇ

ਪੁਲਸ ਆਖਦੀ ਧੰਨ ਹੋ ਧੰਨ ਤੁਸੀਂ
ਧੰਨ ਸਤਿਗੁਰੂ ਹੈ ਕਰਨ ਹਾਰ ਬਾਬਾ।
ਜੀਨੇ ਦਸਕੇ ਭਜਨ ਨੂੰ ਤੁਸਾਂ ਤਾਈ
ਲਾਇਆ ਵਾਹਿਗੁਰੂ ਨਾਲ ਪਿਆਰ ਬਾਬਾ।
ਭਰ ਦਿਤੀ ਸਚਾਈ ਹੈ ਤੁਸਾਂ ਤਾਈਂ
ਕੀਤਾ ਝੂਠ ਸਮੁੰਦਰੋਂ ਪਾਰ ਬਾਬਾ।
ਠਾਂਣੇਦਾਰ ਸਪਿੱਟਰ ਏ ਕਰਨ ਗਲਾਂ
ਹਥ ਬੰਨ ਸਾਡੀ ਨਮਸਕਾਰ ਬਾਬਾ।[11]
ਵਡੇ ਅਦਬ ਅਦਾਬ ਦੇ ਨਾਲ ਕਹਿੰਦੇ
ਹੋਵੇ ਹੁਕਮ ਕਰੀਏ ਕੇਹੜੀ ਕਾਰ ਬਾਬਾ।
ਬਿਸ਼ਨ ਅਸਾਂ ਉਪਰ ਅਫਸਰ ਹੋਰ ਹੈ ਸੀ
ਸਭੇ ਓਸ ਨੀਚੇ ਠਾਣੇਦਾਰ ਬਾਬਾ।
ਤੁਸੀਂ ਅਸੀਂ ਸਾਰੇ ਓਨਾਂ ਪਾਸ ਜਾਈਏ
ਕਰੀਏ ਕਤਲ ਦੀ ਜਾਇ ਕੇ ਸਾਰ ਬਾਬਾ।

Namdhari Elibrary NamdhariElibrary@gmail.com

ਸਾਡਾ ਚਿੱਤ ਹੈ ਤੁਸਾਂ ਦਾ ਦਰਸ ਕਰੀਏ
ਤੁਸੀਂ ਰੂਪ ਦਿਸਦੇ ਕਰਤਾਰ ਬਾਬਾ।
ਕਾਲਾ ਸਿੰਘ ਕਾਨੂੰਨ ਦੇ ਵੱਸ ਅਸੀਂ
ਕਰੀਏ ਤੁਸਾਂ ਦਾ ਸਦਾ ਦੀਦਾਰ ਬਾਬਾ ॥੭੬॥

ਵਾਕ ਕਵੀ

ਸਿੰਘ ਆਖਦੇ ਮੌਤ ਕੀ ਕਰੂ ਸਾਨੂੰ
ਏਤਾਂ ਹੋਵਣੀ ਹੈ ਇਕ ਵਾਰ ਵਾਰੀ।
ਏਤਾਂ ਜਗ ਸਰਾਏਂ ਮੁਸਾਫਰਾਂ ਦੀ
ਏਥੇ ਔਣ ਤੇ ਜਾਣ ਹਜਾਰ ਵਾਰੀ।
ਸੁਫਨਾ ਮੰਨ ਲੌ ਖਾਬ ਖਿਆਲ ਵਾਲਾ
ਏਥੇ ਰਹਿਣ ਦਾ ਨਹੀਂ ਕਰਾਰ ਵਾਰੀ।
ਚਲੋ ਚੱਲੀਏ ਕ੍ਰਿਸ਼ਨ ਦੇ ਪਾਸ ਜਾਈਏ
ਮੂਰੇ ਤੂਰੇ ਕੇਹੜਾ ਠਾਣੇਦਾਰ ਵਾਰੀ।
ਪਿੱਛੇ ਪੁਲਸ ਮੂਰੇ ਅਫਸਰ ਸਭ ਹੋਏ
ਗਏ ਪਹੁੰਚ ਕਚੇਹਰੀ ਦੇ ਵਾਰ ਵਾਰੀ।
ਅੰਦਰ ਵੜਦਿਆਂ ਹਾਕਮਾਂ ਸਾਰਿਆਂ ਨੇ
ਕਿਹਾ ਕ੍ਰਿਸ਼ਨ ਨੂੰ ਆਪ ਪੁਕਾਰ ਵਾਰੀ।
ਜਿਨਾਂ ਕਤਲ ਕੀਤਾ ਏਨਾਂ ਬੁੱਚੜਾਂ ਨੂੰ
ਗਏ ਆਦਿ ਆਪੇ ਹੋਕੇ ਤਿਆਰ ਵਾਰੀ।
ਸਿੰਘ ਹੈਨ ਸਤਿਗੁਰ ਰਾਮ ਸਿੰਘ ਜੀ ਦੇ
ਨਾਮ ਪੁਛਕੇ ਲਵੋ ਵਿਚਾਰ ਵਾਰੀ।
ਹੱਥਕੜੀ ਤੇ ਬੇੜੀ ਨਾ ਅਸੀਂ ਲਾਈ
ਸਾਨੂੰ ਦਿਸਦੇ ਰੂਪ ਕਰਤਾਰ ਵਾਰੀ।
ਸਿੰਘ ਚਾਰ ਅਕਾਲ ਦਾ ਰੂਪ ਜਾਣੋਂ
ਪੁਛੋ ਨਾਮ ਤੇ ਗਾਮ ਦੀ ਸਾਰ ਵਾਰੀ।
ਕਾਲਾ ਸਿੰਘ ਬੁਲਾਏ ਕੇ ਤੁਰਤ ਅੰਦਰ
ਲੈਂਦਾ ਸਿੰਘਾਂ ਦੇ ਕ੍ਰਿਸ਼ਨ ਇਜ਼ਹਾਰ ਵਾਰੀ ॥੭੭॥

Namdhari Elibrary NamdhariElibrary@gmail.com

### ਸ਼ਿਸ਼ਨ ਨੇ ਇਜ਼ਹਾਰ ਪੁੱਛਣੇ ਸਿੰਘਾਂ ਪਾਸੋਂ ਅਦਬ ਅਦਾਬ ਨਾਲ

ਸ਼ਿਸ਼ਨ ਅਦਬ ਅਦਾਬ ਦੇ ਨਾਲ ਪੁਛੇ
ਕੇਹੜਾ ਵਤਨ ਤੇ ਪਿੰਡ ਮੁਕਾਮ ਬਾਬਾ।
ਕੀ ਨਾਮ ਤੇ ਜ਼ਿਲਾ ਹੈ ਆਪਕਾ ਜੀ
ਦੱਸ ਦੇਵਣਾ ਹੋ ਮੇਹਰਵਾਨ ਬਾਬਾ।
ਕੀਕਰ ਬੁਚੜਾਂ ਨੂੰ ਤੁਸੀਂ ਕਤਲ ਕੀਤਾ
ਏਹੋ ਦਸਣਾਂ ਖੋਲ ਬਿਆਨ ਬਾਬਾ।
ਕਿਥੋਂ ਲੈ ਹਥਿਆਰ ਤੇ ਧਰੇ ਕਿਥੇ
ਕਹੋ ਆਪਣੀ ਨਾਲ ਜਵਾਨ ਬਾਬਾ।
ਕੇੜੇ ਬਖਤ ਸੀ ਇਨਾਂ ਨੂੰ ਕਤਲ ਕੀਤਾ
ਦਿਨ ਰਾਤ ਜਾਂ ਸੀ ਮਧਿਆਨ ਬਾਬਾ।
ਬਾਰਾਂਮਾਹ ਦੇ ਵਿੱਚੋਂ ਸੀ ਮਾਂਹ ਕੇਹੜਾ
ਏਹ ਬੀ ਦੱਸਣਾਂ ਲਾਇਕੇ ਧਿਆਨ ਬਾਬਾ।
ਕਿਤੇ ਐਵੇਂ ਨਾ ਆਖਕੇ ਆਪ ਮਰਸੋ
ਮੈਂ ਤਾਂ ਹੋਗਿਆ ਦੇਖ ਹੈਰਾਨ ਬਾਬਾ।
ਮੂਰਤ ਧਰਮ ਵਾਲੀ ਤੁਸੀਂ ਨਜ਼ਰ ਆਵੋ
ਕਹੋ ਆਣਕੇ ਸਚ ਜਵਾਨ ਬਾਬਾ।
ਕਾਲਾ ਸਿੰਘ ਸਾਡਾ ਥੋਨੂੰ ਪੁਛਣਾ ਕੀ
ਤੁਸੀਂ ਆਪ ਹੋ ਜੀ ਮੇਹਰਵਾਨ ਬਾਬਾ॥੭੮॥

### ਸਿੰਘਾਂ ਨੇ ਸਚੇ ਇਜ਼ਹਾਰ ਦੇਣੇ ਪਾਸ ਸ਼ਿਸ਼ਨ ਦੇ

ਸਿੰਘ ਦੱਸਦੇ ਖੋਲਕੇ ਹਾਲ ਸਾਰੇ
ਜੇੜੀ ਹੋਈ ਸੀ ਮੁਢ ਤੇ ਕਾਰ ਵਾਰੀ।
ਲਹਿਣਾ ਸਿੰਘ ਹੈ ਪਖੋਰੰਧਾਵਿਆਂ ਦਾ
ਜ਼ਿਲਾ ਵਿਚ ਗੁਰਦਾਸਪੁਰ ਟਾਰਵਾਰੀ।
ਬੀਹਲਾ ਸਿੰਘ ਦਾ ਪਿੰਡ ਹੈ ਨਾਰਲੀ ਜੋ
ਜਿਲਾ ਸ਼ਹਿਰ ਲਾਹੌਰ ਅਪਾਰ ਵਾਰੀ।

Namdhari Elibrary NamdhariElibrary@gmail.com

ਹਾਕਮ ਸਿੰਘ ਪਟਵਾਰੀ ਦਾ ਪਿੰਡ ਮੌੜੇ
ਅੰਮ੍ਰਿਤਸਰ ਦਾ ਜ਼ਿਲਾ ਉਚਾਰ ਵਾਰੀ।
ਫਤੇ ਸਿੰਘ ਰਹਿੰਦਾ ਅੰਮ੍ਰਿਤਸਰ ਅੰਦਰ
ਕਰੇ ਧਰਮ ਦੀ ਕ੍ਰਿਤ ਤੇ ਕਾਰ ਵਾਰੀ।
ਸਾਡੇ ਲਿਖੋ ਬਿਆਨ ਧਿਆਨ ਦੇਕੇ
ਕਰੋ ਚਿੱਤ ਦੇ ਵਿਚ ਵਿਚਾਰ ਵਾਰੀ।
ਏਹੋ ਤਖਤ ਸਾਡੇ ਗੁਰਾਂ ਪੂਰਿਆਂ ਦਾ
ਸਾਰੀ ਭੂਮਕਾ ਅਪਰ ਅਪਾਰ ਵਾਰੀ।
ਸਚਖੰਡ ਬੈਕੁੰਠ ਦਾ ਧਾਮ ਕੀਤਾ
ਸਾਡੇ ਸਤਿਗੁਰਾਂ ਆਪ ਦਰਬਾਰ ਵਾਰੀ।
ਸਾਡੀ ਧਰਮ ਵਾਲੀ ਜਗਾ ਬੁਚੜਖਾਨਾ
ਅਸੀ ਦੇਖਕੇ ਬਹੁਤ ਲਾਚਾਰ ਵਾਰੀ।
ਸਾਡੇ ਸਾਹਮਣੇ ਗਊਆਂ ਨੂੰ ਕਤਲ ਕਰ ਦੇ
ਮਿੱਟੀ ਵੇਚਦੇ ਚੱਕ ਬਜਾਰ ਵਾਰੀ।
ਏਸ ਜੀਊਣਤੇ ਹੈ ਸਾਡਾ ਮਰਨ ਚੰਗਾ
ਕਰੀਏ ਮੌਤ ਦੇ ਨਾਲ ਪਿਆਰ ਵਾਰੀ।
ਗਊ ਘਾਤ ਦਾ ਦੁਖ ਨਾ ਝੱਲ ਹੋਇਆ
ਬਿਜਲੀ ਵਾਂਗ ਫਿਰਦੀ ਅੰਦਰ ਤਾਰ ਵਾਰੀ।
ਸਾਡੇ ਕੁਦਰਤੋਂ ਹੱਥ ਹਥਿਆਰ ਆਏ
ਭੇਟ ਕਰੇ ਜਾਲਮ ਖੰਡੇਧਾਰ ਵਾਰੀ।
ਇਕੇ ਵਾਰ ਕੀਤਾ ਹਮਲਾ ਸਾਰਿਆਂ ਨੇ
ਕੀਤੇ ਬੁਚੜ ਸਮੁੰਦ੍ਰੋਂ ਪਾਰ ਵਾਰੀ।
ਹਾੜ ਮਾਹ ਦੀ ਆਣ ਸੰਗਰਾਂਦ ਲੱਗੀ
ਬਾਰਾਂ ਬਜਕੇ ਰਾਤ ਵਿਚਕਾਰ ਵਾਰੀ।
ਏਹ ਕੰਮ ਕਰਕੇ ਹਰਨ ਅਸੀਂ ਹੋਏ
ਦੱਬੇ ਬਾਹਰ ਜਾਕੇ ਹਥਿਆਰ ਵਾਰੀ।
ਅਸੀਂ ਕ੍ਰਿਤ ਤੇ ਕੰਮ ਜਾ ਕਰੀ ਘਰ ਦੀ
ਕੀਤਾ ਵਾਹਿਗੁਰੂ ਨਾਲ ਪਿਆਰ ਵਾਰੀ।

Namdhari Elibrary NamdhariElibrary@gmail.com

ਪਕੜ ਲਿਆ ਸਰਕਾਰ ਪੁਜਾਰੀਆਂ ਨੂੰ
ਸੋ ਭੀ ਰੋਏ ਛੁਟੇ ਧਾਹਾਂ ਮਾਰ ਵਾਰੀ।
ਫੇਰ ਕਰੇ ਸੇ ਸਿੰਘ ਨਿਹੰਗ ਕਾਬੂ
ਪਈ ਉਨਾਂ ਉਤੇ ਵਡੀ ਮਾਰ ਵਾਰੀ।
ਅਸੀਂ ਜਾਇ ਭੈਣੀ ਸਾਹਿਬ ਸਤਿਗੁਰਾਂ ਨੂੰ
ਦੱਸੀ ਖੋਲ੍ਹ ਕਸਾਈਆਂ ਦੀ ਕਾਰ ਵਾਰੀ।
ਕਾਲਾ ਸਿੰਘ ਸੁਣਿਆਂ ਹਾਲ ਬੁੱਚੜਾਂ ਦਾ
ਸਤਿਗੁਰੂ ਦਿੰਦੇ ਨੇ ਹੁਕਮ ਉਚਾਰ ਵਾਰੀ।।੭੯।।

### ਸਿੰਘਾਂ ਨੇ ਸੱਚੇ ਬਿਆਨ ਪਾਸ ਕ੍ਰਿਸ਼ਨ ਦੇ ਕਰਨੇ

ਓਸੇ ਬਖਤ ਅੰਦਰ ਪੂਰੇ ਸਤਿਗੁਰਾਂ ਨੇ
ਸ੍ਰੀ ਆਪ ਮੁਖਵਾਕ ਅਲਾਇਆ ਸੀ।
ਕਿਹਾ ਜਾਓ ਨਿਹੰਗ ਛੁਡਾਇ ਦੇਵੋ
ਸਾਨੂੰ ਆਖਕੇ ਆਪ ਸੁਣਾਇਆ ਸੀ।
ਥੋੜੇ ਕਾਰਨੇ ਜਾਣ ਗਰੀਬ ਮਾਰੇ
ਕਰੀ ਤੁਸਾਂ ਓਨਾਂ ਦੁਖ ਪਾਇਆ ਸੀ।
ਕਰਨੀ ਆਪਣੀ ਕਤਲ ਸਬੂਤ ਜਾਕੇ
ਏਹੋ ਸਤਿਗੁਰੂ ਜੀ ਫਰਮਾਇਆ ਸੀ।
ਅਸੀਂ ਤੁਰੇ ਸੇ ਹੁਕਮ ਮਨਜੂਰ ਕਰਕੇ
ਲਾਈ ਡੇਰ ਨ ਫੇਰ ਪਵਾਇਆ ਸੀ।
ਹੱਥਕੜੀ ਪ੍ਰੇਮ ਦੀ ਲਾਇ ਸਾਡੀ
ਬੰਨ੍ਹ ਆਤਮਾ ਤੁਰਤ ਦੁੜਾਇਆ ਸੀ।
ਕੜਾ ਕੱਢ ਕਰਪਾਨ ਦੀ ਲਾਇ ਕੜੀ
ਪਕੜ ਤੁਸਾਂ ਦੇ ਪਾਸ ਪੁਚਾਇਆ ਸੀ।
ਅਸੀਂ ਆਇ ਕਤਵਾਲੀ ਦੇ ਹਾਕਮਾਂ ਨੂੰ
ਸਾਰਾ ਖੋਲ੍ਹਕੇ ਹਾਲ ਸੁਣਾਇਆ ਸੀ।
ਤੁਸਾਂ ਪਾਸ ਆਕੇ ਦਸੀ ਬਾਤ ਸਾਰੀ
ਅਸੀਂ ਜਰਾ ਵੀ ਫਰਕ ਨਾ ਪਾਇਆ ਸੀ।

Namdhari Elibrary NamdhariElibrary@gmail.com

ਕਾਲਾ ਸਿੰਘ ਕਰਲੌਂ ਜੋੜ੍ਹੀ ਤੁਸੀਂ ਕਰਨੀ
ਸਿੰਘਾਂ ਖੋਲ੍ਹਕੇ ਹਾਲ ਸੁਣਾਇਆ ਸੀ ॥੮੦॥

ਸ਼ਿਸ਼ਨ ਨੇ ਵਿਚਾਰ ਕਰਨੀ

ਹੋਇ ਗਿਆ ਹੈਰਾਨ ਹੈ ਸ਼ਿਸ਼ਨ ਸੁਣਕੇ
ਸਿੰਘਾਂ ਸਚ ਦਾ ਖੋਲ੍ਹ ਬਿਆਨ ਕੀਤਾ।
ਏਸ ਬਾਤ ਵਿਚ ਫਰਕ ਨਾ ਕੁਝ ਦਿਸਦਾ
ਲੋਕਾਂ ਪਾਪੀਆਂ ਦੇਸ ਬੈਰਾਨ ਕੀਤਾ।
ਏਤਾਂ ਜਗਾ ਪੂਜਣ ਵਾਲੀ ਖਾਲਸੇ ਦੀ
ਨਹੀਂ ਚਾਹੀਦਾ ਗਊ ਬਧਾਨ ਕੀਤਾ।
ਸ਼ਿਸ਼ਨ ਆਪਣੀ ਆਪ ਦਲੀਲ ਅੰਦਰ
ਚੁਪਚਾਪ ਦੇ ਵਿਚ ਧਿਆਨ ਕੀਤਾ।
ਕਾਲਾ ਸਿੰਘ ਬਹੁਤਾ ਚਿਰ ਸੋਚ ਕਰਕੇ
ਫੇਰ ਸ਼ਿਸ਼ਨ ਨੇ ਮੋੜ ਬਿਆਨ ਕੀਤਾ ॥੮੧॥

ਸਿੰਘਾਂ ਦੀ ਸਚਾਈ ਦੇਖਕੇ ਸ਼ਿਸ਼ਨ ਨੇ ਤਾਰੀਫ ਕਰਨੀ

ਗੱਲ ਠੀਕ ਸਚੀ ਸੰਤ ਖਾਲਸੇ ਦੀ
ਮੈਂ ਭੀ ਲਈ ਦਲੀਲ ਵਿੱਚ ਹਾੜ ਬਾਬਾ।
ਤੁਸੀਂ ਮੌਤ ਦਾ ਖੌਫ ਨਾ ਰਤਾ ਖਾਧਾ
ਮੇਰੇ ਪਾਸ ਦਿਤਾ ਸਚ ਝਾੜ ਬਾਬਾ।
ਧੰਨ ਤੁਸੀਂ ਹੋ ਧੰਨ ਹੈ ਗੁਰੂ ਥੋਡਾ
ਦਿਤਾ ਰਾਤ ਨੂੰ ਹੈ ਸੂਰਜ ਚਾੜ ਬਾਬਾ।
ਸੁੱਕੇ ਆਤਮੇਂ ਨਾਮ ਦੇ ਹਰੇ ਕੀਤੇ
ਉਪਰ ਕਰੀ ਸੀ ਰਹਿਤ ਦੀ ਵਾੜ ਬਾਬਾ।
ਨਰਕੀ ਜੀਵਾਂ ਨੂੰ ਸਚ ਦੇ ਨਾਲ ਭਰਕੇ
ਦਿਤਾ ਵਿਚ ਬੈਕੁੰਠ ਦੇ ਵਾੜ ਬਾਬਾ।
ਕਾਮ ਕ੍ਰੋਧ ਤੇ ਲੋਭ ਜੋ ਪੰਜ ਪਾਪੀ
ਕਰੀ ਇਨਾਂ ਦੀ ਦੂਰ ਹੈ ਧਾੜ ਬਾਬਾ।

Namdhari Elibrary NamdhariElibrary@gmail.com

ਮੈਨੂੰ ਦਰਸ ਕਰਕੇ ਥੋੜਾ ਸ਼ਾਂਤ ਆਈ
ਰਹੀ ਚਿੱਤ ਨੂੰ ਸੀ ਲੱਗੀ ਸਾੜ ਬਾਬਾ।
ਸਚ ਦੇਖ ਥੋਨੂੰ ਨਮਸ਼ਕਾਰ ਮੇਰੀ
ਕਰਾਂ ਖੂੰਨੀਆਂ ਨੂੰ ਬੜੀ ਤਾੜ ਬਾਬਾ।
ਤੁਸੀਂ ਹੁਕਮ ਦੇਵੋ ਕੀਕੁਰ ਬਣੇਂ ਕੇਹੜੀ
ਦਸੋ ਆਪ ਦਲੀਲ ਨੂੰ ਹਾੜ ਬਾਬਾ।
ਮੇਰਾ ਮੂੰਹੋਂ ਨਾ ਕਹਿਣ ਨੂੰ ਚਿੱਤ ਕਰਦਾ
ਹੈ ਕਨੂਨ ਸੰਦੀ ਵਡੀ ਤਾੜ ਬਾਬਾ।
ਕਾਲਾ ਸਿੰਘ ਜੇੜ੍ਹਾ ਤੁਸੀਂ ਹੁਕਮ ਦੇਵੋ
ਮੇਰਾ ਹੋਵੇ ਨਾ ਕੁੱਝ ਬਗਾੜ ਬਾਬਾ॥੯੨॥

## ਸਿੰਘਾਂ ਨੇ ਬ੍ਰਹਮ ਗਿਆਨ ਨੂੰ ਦ੍ਰਿੜ੍ਹ ਕਰਕੇ ਆਪਣੀ ਮੌਤ ਆਪ ਮੰਗਨੀ

ਸਿੰਘ ਆਖਦੇ ਫਾਹਾ ਜਾਂ ਦਿਓ ਸਾਨੂੰ
ਭਾਵੇਂ ਤੋਪ ਦੇ ਨਾਲ ਉਡਾ ਦੇਵੋ।
ਰੱਸੇ ਰੇਸ਼ਮੀ ਵੱਟ ਵਟਾਕੇ ਤੇ
ਨਾਲ ਫਾਹੇ ਦੇ ਤੁਰਤ ਮੁਕਾ ਦੇਵੋ।
ਭਾਵੇਂ ਕਤਲ ਤਲਵਾਰ ਦੇ ਨਾਲ ਕਰਿਓ
ਛੇਤੀ ਅਸਾਂ ਦੀ ਅਲਖ ਮੁਕਾ ਦੇਵੋ।
ਕਰੋ ਆਪਣਾ ਕੰਮ ਕਿਉਂ ਡੇਰ ਲਾਵੋ
ਕੰਢੇ ਪਾਰ ਵਾਲੇ ਸਾਨੂੰ ਲਾ ਦੇਵੋ।
ਕਰੋ ਦਇਆ ਨਾ ਅਸਾਂ ਦੇ ਮੂਲ ਉਪਰ
ਹੋਕੇ ਗਰਮ ਏਹ ਗਮ ਮਟਾ ਦਵੋ।
ਕਾਲਾ ਸਿੰਘ ਹੁਕਮ ਸਾਡੇ ਸਤਿਗੁਰਾਂ ਦਾ
ਤੁਸੀਂ ਆਪਣੀ ਕਲਮ ਬਗਾ ਦੇਵੋ॥੯੩॥

## ਸਿੰਘਾਂ ਨੂੰ ਫਾਹੇ ਦਾ ਹੁਕਮ ਦੇਣਾ ਅਦਾਲਤ ਨ

ਸ਼ਿਸ਼ਨ ਆਖਦਾ ਅਜ ਤੋਂ ਅੱਠਵੇਂ ਨੂੰ
ਹੁਕਮ ਫਾਹੇ ਦਾ ਆਖ ਸੁਣਾਇਆਈ।

Namdhari Elibrary NamdhariElibrary@gmail.com

ਲਵੋ ਰਸਤ ਪ੍ਰਸ਼ਾਦ ਹਮੇਸ਼ ਕਰਿਓ
ਛਕੋ ਆਪ ਤੇ ਹੋਰ ਛਕਾਇਆਈ।
ਸਿੰਘ ਆਖਦੇ ਥੋੜੀ ਨਾ ਰਸਤ ਲੈਣੀਂ
ਘਰੋਂ ਸਿੰਘਾਂ ਦੇ ਅੰਨ ਮੰਗਾਇਆਈ।
ਭਜਨ ਕਰਨ ਬਾਣੀਂ ਪੜਨ ਸਤਿਗੁਰੂ ਦੀ
ਨਿਤ ਨੇਮ ਵਿਚ ਫਰਕ ਨਾ ਪਾਇਆਈ।
ਕਾਲਾ ਸਿੰਘ ਸਿੰਘਾਂ ਨਾਮ ਜਪਦਿਆਂ ਨੂੰ
ਦਿਨ ਅੰਤ ਵਾਲਾ ਨੇੜੇ ਆਇਆਈ॥੮੪॥

ਵਾਕ ਕਵੀ

ਸੰਮਤ ਉੱਨੀ ਸੈ ਅਠਾਈਆ ਮਾਂਹ ਅੱਸੂ
ਵਦੀ ਦਸਮੀ ਦਾ ਬੁਧਵਾਰ ਵਾਰੀ।
ਜੋਤੀ ਜੋਤ ਸਮਾਇ ਸੇ ਗੁਰੂਨਾਨਕ
ਓਹੋ ਰੋਜ ਸੀ ਅਪਰ ਅਪਾਰ ਵਾਰੀ।
ਪੰਜ ਵਜਕੇ ਛੇ ਦਾ ਵਕਤ ਹੋਇਆ
ਸੂਰਜ ਪਿਆ ਸੀ ਵਿਚ ਪ੍ਰਵਾਰ ਵਾਰੀ।
ਫਾਹਾ ਗੱਡ ਸਰਕਾਰ ਨੇ ਤਿਆਰ ਕੀਤਾ
ਦਿੰਦੇ ਸਿੰਘਾਂ ਨੂੰ ਆਣਕੇ ਸਾਰ ਵਾਰੀ।
ਸਿੰਘ ਸਣੇ ਕੇਸੀ ਇਸ਼ਨਾਨ ਕਰਕੇ
ਦਰਸ਼ਨ ਕਰਨ ਗਏ ਵਿਚ ਦਰਬਾਰ ਵਾਰੀ।
ਮੱਥਾ ਟੇਕਿਆ ਫੇਰ ਅਕਾਲ ਬੂੰਗੇ
ਫਤੇ ਗੱਜਕੇ ਦੇਣ ਉਚਾਰ ਵਾਰੀ।
ਓਥੋਂ ਤੁਰੇ ਭਾਣਾਂ ਮੰਨ ਵਾਹਿਗੁਰੂ ਦਾ
ਚੱਲੇ ਆਂਵਦੇ ਵਿਚ ਬਜਾਰ ਵਾਰੀ।
ਸ਼ਬਦ ਪੜਨ ਨੌਵੇਂ ਪਾਤਿਸ਼ਾਹ ਜੀ ਦੇ
ਸੁਰਾਂ ਉੱਚੀਆਂ ਵਿਚ ਉਚਾਰ ਵਾਰੀ।
ਸਾਰੇ ਸ਼ਹਿਰ ਦੇ ਆਏ ਸੇ ਲੋਕ ਦੇਖਣ
ਆਵੇ ਕੁੱਝ ਨਾ ਅੰਤ ਸ਼ੁਮਾਰ ਵਾਰੀ।

Namdhari Elibrary NamdhariElibrary@gmail.com

ਲਾਮਾ ਪਿੰਡਾਂ ਦੇ ਚੱਲ ਰਹੀਸ ਆਏ
ਕੱਠ ਹੋਗਿਆ ਕਈ ਹਜ਼ਾਰ ਵਾਰੀ।
ਖੜੇ ਜਾ ਦਰਵਾਜੇ ਲਹੌਰ ਵਾਲੇ
ਜਿਵੇਂ ਫੌਜ ਦੇ ਦਿਸਣ ਸਰਦਾਰ ਵਾਰੀ।
ਲਾਹਮ ਲੋਕ ਖੜੇ ਧੰਨ ਧੰਨ ਕਰਦੇ
ਜਿਵੇਂ ਚੰਦ ਨੂੰ ਪਿਆ ਪਰਵਾਰ ਵਾਰੀ।
ਕਾਲਾ ਸਿੰਘ ਫਾਹੇ ਪਾਸ ਖੜੇ ਚਾਰੇ
ਕਰਦੇ ਵਾਹਿਗੁਰੂ ਨਾਲ ਪਿਆਰ ਵਾਰੀ ॥੯੫॥

ਸਿੰਘਾਂ ਨੇ ਬੇਨਤੀ ਕਰਨੀ ਅਕਾਲ ਪੁਰਖ ਅਗੇ

ਹੱਥ ਜੋੜ ਅਕਾਲ ਪਹਿ ਅਰਜ਼ ਕੀਤੀ
ਹੋਈਂ ਅਸਾਂ ਦੇ ਉਤੇ ਦਿਆਲ ਸਤਿਗੁਰ।
ਤੇਰੀ ਸ਼ਰਨ ਡਿਗੇ ਕਰਨ ਹਾਰਿਆ ਜੀ
ਤੂੰਹੀਂ ਸੇਵਕਾਂ ਦਾ ਰਛਪਾਲ ਸਤਿਗੁਰ।
ਤੇਰੇ ਬਾਝ ਨਾ ਆਸਰਾ ਹੋਰ ਸਾਡਾ
ਤੂੰਹੀ ਪੁਸ਼ਤ ਪਨਾਹਿ ਗੋਪਾਲ ਸਤਿਗੁਰ।
ਤੂੰਹੀ ਪਿਤਾ ਸਾਡਾ ਤੈਨੂੰ ਫਿਕਰ ਡਾਢਾ
ਨਿਗਾ ਆਪ ਕਰਕੇ ਜਾਣੀਜਾਣ ਸਤਿਗੁਰ।
ਬਾਰਾਂ ਧਾਰ ਜਾਮੇ ਆਏ ਜਗਤ ਤਾਰਨ
ਤੇਰੇ ਨਾਮ ਦੀ ਹੈ ਸਾਨੂੰ ਢਾਲ ਸਤਿਗੁਰ।
ਏਹੋ ਮੰਗਦੇ ਮੰਗ ਹੈਂ ਤੁਧ ਪਾਸੋਂ
ਆਜਜ਼ ਹੋਇਕੇ ਖੜੇ ਕੰਗਾਲ ਸਤਿਗੁਰ।
ਭਵੀਏ ਫੇਰ ਨਾ ਵਿਚ ਚੁਰਾਸੀਆਂ ਦੇ
ਤੇਰੇ ਨਾਮ ਦਾ ਰਹੇ ਖਿਆਲ ਸਤਿਗੁਰ।
ਦਰਸ਼ਨ ਦਿਓ ਸਾਨੂੰ ਵੇਲਾ ਅੰਤਦਾ ਏ
ਬਾਰਾਂ ਗੁਰੂ ਸ਼ਹੀਦਾਂ ਦੇ ਨਾਲ ਸਤਿਗੁਰ।
ਮਨੀ ਸਿੰਘ ਤਾਰੂ ਸਿੰਘ ਸਾਹਿਬਜ਼ਾਦੇ
ਚਾਰੇ ਦੇਨ ਦਰਸ਼ਨ ਤੇਰੇ ਨਾਲ ਸਤਿਗੁਰ।

Namdhari Elibrary NamdhariElibrary@gmail.com

ਕਾਲਾ ਸਿੰਘ ਏਹ ਅਰਜ਼ ਮਨਜ਼ੂਰ ਹੋਏ
ਪਏ ਏਸਦੇ ਵਿਚ ਨਾ ਟਾਲ ਸਤਿਗੁਰੂ ॥੯੬॥

ਬਾਰਾਂ ਗੁਰੂਆਂ ਤੇ ਸਾਰੇ ਸ਼ਹੀਦਾਂ ਸਿੰਘਾਂ ਨੇ ਦਰਸ਼ਨ ਦੇਣਾ

ਓਸ ਵਕਤ ਅੰਦਰ ਆਪ ਗੁਰੂ ਬਾਰਾਂ
ਦਰਸਣ ਦੇਣ ਸ਼ਹੀਦ ਹਜਾਰ ਆਏ।
ਅਮ੍ਰਿਤਸਰ ਲਾਹੌਰ ਜੋ ਵਿਚ ਦਿੱਲੀ
ਸਾਰੇ ਬੰਨ੍ਹ ਪ੍ਰੇਮ ਦੀ ਡਾਰ ਆਏ।
ਸਾਹਿਬਜ਼ਾਦਿਆਂ ਸੀਸ ਤੇ ਹੱਥ ਧਰਿਆ
ਸਿੱਖੀ ਸਿਦਕ ਦਾ ਕਰਨ ਪਿਆਰ ਆਏ।
ਸਿੰਘ ਦੇਖ ਚਾਰੇ ਕਰਨ ਨਮਸਕਾਰਾਂ
ਸਾਨੂੰ ਤਾਰਨੇ ਨੂੰ ਤਾਰਨ ਹਾਰ ਆਏ।
ਰਾਮਸਿੰਘ ਸਤਿਗੁਰੂ ਮੂੰਹੋਂ ਆਪ ਬੋਲੇ
ਤੁਸੀ ਕਰਨ ਭਾਈ ਏਹੋ ਕਾਰ ਆਏ।
ਤੁਸੀਂ ਦੇਵਣੇ ਸੀਸ ਨੇ ਧਰਮ ਖਾਤਰ
ਲਾਹੁਣ ਭੂਮਕਾ ਦਾ ਤੁਸੀ ਭਾਰ ਆਏ।
ਹੋਈ ਸਫਲ ਕਮਾਈ ਹੈ ਅਜ ਥੋੜੀ
ਤੁਸੀ ਧਰਮ ਬੇੜਾ ਕਰਨ ਪਾਰ ਆਏ।
ਦਿੱਸਣ ਓਨਾਂ ਨੂੰ ਹੋਰ ਨੂੰ ਦਿੱਸਣ ਨਾਹੀਂ
ਤਾਰਨ ਸਤਿਗੁਰੂ ਆਪ ਸੰਸਾਰ ਆਏ।
ਅਖਾਂ ਵਾਲੜੇ ਗੁਰੂ ਦੀ ਸ਼ਰਨ ਅੰਦਰ
ਦੂਜੇ ਵਿਚ ਚੁਰਾਸੀ ਦੀ ਧਾਰ ਆਏ।
ਕਾਲਾ ਸਿੰਘ ਫੇਰ ਆਪ ਅਲੋਪ ਹੋਵਣ
ਸਾਰੀ ਕਰਨ ਸ਼ਹੀਦਾਂ ਦੀ ਕਾਰ ਆਏ ॥੯੭॥

ਸਿੰਘਾਂ ਦਾ ਸ਼ਹੀਦ ਹੋਣਾ ਭਾਈ ਲੈਹਣਾ ਸਿੰਘ ਜੀ ਤੇ
ਭਾਈ ਬੀਹਲਾ ਸਿੰਘ ਜੀ ਤੇ ਭਾਈ ਹਾਕਮ ਸਿੰਘ ਜੀ
ਤੇ ਭਾਈ ਫਤੇ ਸਿੰਘ ਜੀ ਦਾ[12]

ਅਮ੍ਰਤਸਰ ਦਰਬਾਜੇ ਲਾਹੌਰ ਵਾਲੇ
ਸਿੰਘ ਧਰਮ ਤੇ ਹੋਣ ਕੁਰਬਾਨ ਲੱਗੇ।

Namdhari Elibrary NamdhariElibrary@gmail.com

ਏਸ ਦੇਹ ਨੂੰ ਜਾਣਕੇ ਸਿਰਫ ਝੂਠੀ
ਨਾਲ ਖੁਸ਼ੀ ਦੇ ਦੇਣ ਪਰਾਨ ਲਗੇ।
ਇਕ ਦੂਸਰੇ ਦੇ ਅਗੇ ਹੋਇ ਪਹਿਲਾਂ
ਫਾਹਾ ਆਪ ਆਪੇ ਗਲ ਪਾਨ ਲਗੇ।
ਭਾਣਾਂ ਮੰਨਕੇ ਸਿਰ ਤੇ ਵਾਹਿਗੁਰੂ ਦਾ
ਏਸ ਜਗਤ ਤੇ ਕੂਚ ਕਰਾਨ ਲਗੇ।
ਭਾਂਡਾ ਗੰਦਕੀ ਦਾ ਮਲਮੂਤ ਭਰਿਆ
ਸਿਰ ਪਾਪੀਆਂ ਭੰਨ ਚੜਾਨ ਲਗੇ।
ਜੱਗ ਜਾਣ ਸਰਾਂਇ ਮੁਸਾਫਰਾਂ ਦੀ
ਹੱਸ-ਹੱਸ ਕੇ ਦੇਣ ਨੇ ਜਾਨ ਲਗੇ।
ਸੀਸ ਵਾਰਦੇ ਆਪਣੇ ਧਰਮ ਉਤੇ
ਸਿਰ ਪਾਪੀਆਂ ਦੇ ਖੇਹ ਪਾਨ ਲਗੇ।
ਬੇੜਾ ਡੋਬਦੇ ਪਾਪੀਆਂ ਜਾਲਮਾਂ ਦਾ
ਫਾਹਾ ਆਪ ਹੱਥੀ ਗਲ ਪਾਨ ਲਗੇ।
ਲਹਿਣਾਂ ਸਿੰਘ ਜੀ ਹੋਣ ਸ਼ਹੀਦ ਪਹਿਲੇ
ਮੁਖੋਂ ਵਾਹਿਗੁਰੂ ਨਾਮ ਧਿਆਨ ਲਗੇ।
ਓਸੇ ਵਕਤ ਪ੍ਰਲੋਕ ਦਾ ਗਮਨ ਕਰਕੇ
ਜੋਤੀ ਜੋਤ ਦੇ ਵਿਚ ਸਮਾਨ ਲਗੇ।
ਬੀਹਲਾ ਸਿੰਘ ਜੀ ਹੋਣ ਸ਼ਹੀਦ ਆਏ
ਬਿਰਤੀ ਸ਼ਬਦ ਦੇ ਨਾਲ ਲਗਾਨ ਲਗੇ।
ਗਲ ਪਾਏ ਫਾਹਾ ਝੂਟਾ ਆਪ ਲੈਂਦੇ
ਫਤੇ ਗਜਕੇ ਮੂੰਹੋਂ ਗਜਾਨ ਲਗੇ।
ਜੋਤੀ ਜੋਤ ਦੇ ਵਿਚ ਸਮਾਏਕੇ ਤੇ
ਝੰਡੇ ਵਿਚ ਅਕਾਸ ਝੁਲਾਨ ਲਗੇ।
ਹਾਕਮ ਸਿੰਘ ਜੀ ਫੇਰ ਤਿਆਰ ਹੋਕੇ
ਮੀਟ ਅੱਖੀਆਂ ਦੇਣ ਪਰਾਣ ਲਗੇ।
ਉਹ ਭੀ ਗਏ ਬੈਕੁੰਠ ਦੇ ਧਾਮ ਅੰਦਰ
ਜੋਤੀ ਜੋਤ ਦੇ ਵਿਚ ਮਲਾਨ ਲਗੇ।

Namdhari Elibrary NamdhariElibrary@gmail.com

ਫਤੇ ਸਿੰਘ ਸਚੇ ਸੇਵਕ ਸਤਿਗੁਰੂ ਦੇ
ਵਿਚ ਆਪਣੀ ਰੌਲ ਦੇ ਆਨ ਲਗੇ।
ਸੁਰਤ ਸ਼ਬਦ ਦੇ ਨਾਲ ਨੇ ਜੋੜ ਲੈਂਦੇ
ਮੂੰਹੋਂ ਵਾਹਿਗੁਰੂ ਨਾਮ ਧਿਆਨ ਲਗੇ।
ਫਾਹ ਹੱਸਕੇ ਗਲ ਦੇ ਵਿਚ ਪੌਂਦਾ
ਕੂਚ ਹੋਣ ਦਾ ਕਰਨ ਸਮਾਨ ਲੱਗੇ।
ਛੁਟੇ ਨਾਲ ਹੀ ਵਿਚ ਪ੍ਰਲੋਕ ਜਾਂਦਾ
ਡੇਰਾ ਵਿਚ ਬੈਕੁੰਠ ਦੇ ਲਾਨ ਲੱਗੇ।
ਸਿਰ ਵਾਰਕੇ ਆਪਣੇ ਧਰਮ ਉਤੋਂ
ਝੰਡੇ ਵਿਚ ਬੈਕੁੰਠ ਝੁਲਾਨ ਲੱਗੇ।
ਲੋਕ ਦੇਖਕੇ ਸਿੰਘਾਂ ਦੇ ਸਿਦਕ ਤਾਂਈ
ਵਾਹਿ ਵਾਹਿ ਦਾ ਸ਼ਬਦ ਸੁਨਾਨ ਲੱਗੇ।
ਸਿੰਘ ਧਰਮ ਤੇ ਹੋ ਸ਼ਹੀਦ ਗਏ
ਹਿੰਦੂ ਦੇਖਕੇ ਹੋਣ ਹੈਰਾਨ ਲੱਗੇ।
ਕਾਲਾ ਸਿੰਘ ਕਰ ਲੈ ਜਾਪ ਵਾਹਿਗੁਰੂ ਦਾ
ਦਿਨ ਮੌਤ ਵਾਲੇ ਨੇੜੇ ਆਨ ਲੱਗੇ ॥੯੮॥

ਵਾਕ ਕਵੀ

ਸਾਲ ਉਂਨੀ ਸੈ ਅਠਾਈਆ ਮਾਹਿ ਅੱਸੂ
ਵਦੀ ਦਸਮੀ ਦਾ ਬੁਧਵਾਰ ਹੋਇਆ।
ਲੈਹਿਣਾ ਸਿੰਘ ਜੀ ਦਾਹਿ ਸ਼ਹੀਦ ਕੀਤੇ
ਜੋੜਾ ਮਿਸਤ੍ਰੀ ਸੀ ਅਮ੍ਰਿਤ ਸਾਰ ਹੋਇਆ।
ਅਮ੍ਰਿਤਸਰ ਸ਼ਹੀਦ ਨੇ ਚਾਰ ਹੋਏ
ਰਾਏਕੋਟ ਸਾਕਾ ਦੂਜੀ ਵਾਰ ਹੋਇਆ।
ਕਈ ਸਿੰਘ ਫੜਕੇ ਜਲਾਵਤਨ ਕੀਤੇ
ਉਪਰ ਕਈਆਂ ਦੇ ਖੇਦ ਅਪਾਰ ਹੋਇਆ।
ਕਾਲਾ ਸਿੰਘ ਸੁਣਨਾ ਤੁਸੀਂ ਖਾਲਸਾ ਜੀ
ਰਾਇ ਕੋਟ ਵਾਲਾ ਜੋੜਾ ਕਾਰ ਹੋਇਆ ॥੯੯॥

Namdhari Elibrary NamdhariElibrary@gmail.com

ਦੋਹਰਾ॥

ਸਾਕਾ ਰਾਇ ਦੇ ਕੋਟ ਦਾ ਗਊ ਧਰਮ ਹਿਤ ਜੋਇ।
ਕੁਛ ਸੁਣਿਆ ਕੁਛ ਦੇਖਿਆ ਕਹੂੰ ਜਥਾ ਮਤ ਸੋਇ॥੯੦॥

ਵਾਕ ਕਵੀ

ਜਿਥੋਂ ਛੇੜ ਛਿੜਿਆ ਰਾਇਕੋਟ ਵਾਲਾ
ਤਿਵੇਂ ਤੁਸਾਂ ਨੂੰ ਆਖ ਸੁਣਾਇਆਈ।
ਸਾਲ ਉੱਨੀ ਸੈ ਛਬੀਏ ਵਿਚ ਮੇਲਾ
ਹੋਲਾ ਖੋਟਿਆਂ ਪਿੰਡ ਕਰਾਇਆਈ।
ਦੇਸ ਮਾਲਵਾ ਜ਼ਿਲਾ ਫੀਰੋਜ਼ਪੁਰ ਦਾ
ਕਈ ਲੱਖ ਓਥੇ ਸਿੰਘ ਆਇਆਈ।
ਹੋਈ ਬਾਣੀ ਅਕਾਸ਼ ਮਸਤਾਨਿਆਂ ਨੂੰ
ਬੁੱਚੜ ਕੌਮ ਨੇ ਚਿਤ ਸਤਾਇਆਈ।
ਗਊਘਾਤ ਦਾ ਹੁੰਦਾ ਹੈ ਖੇਦ ਸਾਨੂੰ
ਤਰਸ ਗਊਆਂ ਦਾ ਚਿੱਤ ਨੂੰ ਆਇਆਈ।
ਗਊਘਾਤ ਦਾ ਦੁਖ ਨਾ ਝੱਲ ਹੋਇਆ
ਸੰਤ ਖਾਲਸੇ ਹੱਥ ਉਠਾਇਆਈ।
ਕਰਦੇ ਦੇਸ ਪਰਦੇਸ ਦਾ ਸੈਲ ਸਾਰੇ
ਰਾਇਕੋਟ ਮੂਹਰੇ ਸ਼ਹਿਰ ਆਇਆਈ।
ਕਾਲਾ ਸਿੰਘ ਜਾਂ ਦੇਖਿਆ ਕੰਮ ਮਾੜਾ
ਤਾਂਹੀ ਖਾਲਸੇ ਨੂੰ ਰੋਸ ਆਇਆਈ॥੯੧॥

ਪ੍ਰਸੰਗ ਰਾਇਕੋਟ ਦਾ ਚੱਲਿਆ

ਲੁਦਿਹਾਣੇ ਦੇ ਜਿਲੇ ਦੇ ਵਿਚ ਭਾਈ
ਰਾਇਕੋਟ ਛੋਟਾ ਇਕ ਸ਼ਹਿਰ ਹੈ ਜੀ।
ਜਗਰਾਵਾਂ ਦੀ ਸਮਝ ਤਸੀਲ ਲੈਣੀ
ਰਾਇਕੋਟ ਵਿਚ ਠਾਂਣੇ ਦੀ ਠੇਹਰ ਹੈ ਜੀ।
ਕੱਲ੍ਹੇ ਰਾਇ ਦਾ ਤੱਲਕਾ ਜਾਣ ਲੈਣਾਂ
ਦਸਮ ਗੁਰੂ ਕੀਤਾ ਜੇੜ੍ਹਾ ਮੇਹਰ ਹੈ ਜੀ।

Namdhari Elibrary NamdhariElibrary@gmail.com

ਇਕੇ ਰੋਜ ਸਰਹੰਦ ਤੇ ਖਬਰ ਆਂਦੀ
ਸਾਹਿਬ ਜ਼ਾਦਿਆਂ ਦੀ ਤੀਏ ਪੈਹਰ ਹੈ ਜੀ।
ਕੱਲ੍ਹਾ ਰਾਇ ਸੀ ਗੁਰੂ ਕਾ ਸਿੱਖ ਪੂਰਾ
ਖੰਡਾ ਗੁਰੂ ਦਿਤਾ ਕੀਤੀ ਮੇਹਰ ਹੈ ਜੀ।
ਓਸ ਭੂਮਕਾ ਦੇ ਵਿਚ ਬੁੱਚੜ ਖਾਨਾ
ਰਾਇਕੋਟ ਛੋਟਾ ਜੇੜ੍ਹਾ ਸ਼ਹਿਰ ਹੈ ਜੀ।
ਗਊਆਂ ਮਾਰਦੇ ਜੋਰਦੇ ਨਾਲ ਜ਼ਾਲਮ
ਕਰਦੇ ਜ਼ੁਲਮ ਤੇ ਜ਼ਾਲਮੀ ਕੈਹਰ ਹੈ ਜੀ।
ਇਕ ਰੋਜ ਸਿੰਘਾਂ ਨਾਮਧਾਰੀਆਂ ਦਾ
ਜਥਾ ਲੰਘਿਆ ਵਕਤ ਦੁਪੈਹਰ ਹੈ ਜੀ।
ਕਾਲਾ ਸਿੰਘ ਜਾਂ ਹਾਲ ਹਵਾਲ ਡਿੱਠਾ
ਸੰਤ ਖਾਲਸੇ ਨੂੰ ਚੜੀ ਜੈਹਰ ਹੈਜੀ ॥੯੨॥

### ਸਿੰਘਾਂ ਨੇ ਸੋਚ ਕਰਨੀ

ਲੱਗੇ ਸੋਚ ਦਲੀਲ ਦੇ ਵਿੱਚ ਕਰਨੇ
ਏਹਤਾਂ ਭੂਮਕਾ ਅਪਰ ਅਪਾਰ ਪਿਆਰੇ।
ਏਥੇ ਬੁੱਚੜ ਖਾਨਾਂ ਕੀਤਾ ਜਾਲਮਾਂ ਨੇ
ਸੰਤ ਖਾਲਸੇ ਨੇ ਲੈਣੀ ਸਾਰ ਪਿਆਰੇ।
ਮੁਸਲਮਾਨ ਹਿੰਦੂਖੇਤੀ ਕਰਨ ਵਾਲੇ
ਓੜਕ ਹੋਣਗੇ ਅੰਤ ਲਚਾਰ ਪਿਆਰੇ।
ਗਊ ਬੈਲ ਮਿਲ ਸੀ ਜਦੋਂ ਪੰਜ ਸੈ ਨੂੰ
ਖੇਤੀ ਕਰਨ ਤੇ ਜਾਣਗੇ ਹਾਰ ਪਿਆਰੇ।
ਦੁਧ ਘਿਉ ਨਾਂ ਮਿਲੂਗਾ ਦੇਸ ਅੰਦਰ
ਹਿਦੂ ਤੁਰਕ ਰੋਵਣ ਧਾਹਾਂ ਮਾਰ ਪਿਆਰੇ।
ਫੜਕੇ ਛਾਬੜੀ ਮਿੱਟੀ ਨੂੰ ਤੁਰਕ ਵੇਚਣ
ਗਲੀ ਸ਼ੈਹਰ ਤਾਂ ਵਿਚ ਬਜਾਰ ਪਿਆਰੇ।
ਐਡਾ ਕੈਹਰ ਨਾ ਅਸਾਂ ਤੇ ਝੱਲ ਹੋਵੇ
ਦੇਵੇ ਜਿੰਦਗੀ ਆਪਣੀ ਵਾਰ ਪਿਆਰੇ।

ਏਸ ਤੌਰ ਦਲੀਲ ਨੇ ਸਿੰਘ ਕਰਦੇ
ਦਈਏ ਬੁੱਚੜਾਂ ਨੂੰ ਹੁਣੇ ਮਾਰ ਪਿਆਰੇ।
ਮਰੀਏ ਆਪ ਜਾਂ ਓਨਾਂ ਨੂੰ ਮਾਰ ਦੇਈਏ
ਕਾਲਾ ਸਿੰਘ ਏਹ ਕਰਨ ਵੀਚਾਰ ਪਿਆਰੇ॥ ੯੩॥

ਸਿੰਘਾਂ ਨੇ ਅਰਦਾਸ ਕਰਨੀ ਬਾਰਾਂ ਗੁਰਾਂ ਅਗ

ਮੰਗਲ ਸਿੰਘ ਮਸਤਾਨ ਸਿੰਘ ਖੜਾ ਹੋਯਾ
ਗੁਰਮੁਖ ਸਿੰਘ ਆਖ ਦੇਣੀ ਜਾਨਭਾਈ।
ਪਿੱਥੋ ਪਿੰਡ ਦੇ ਸਿੰਘ ਵਿਚਾਰ ਤਿੰਨੇ
ਜਿਲਾ ਨਾਭੇ ਦਾ ਲਈਂ ਤੂੰ ਮਾਨ ਭਾਈ।
ਗਿਆਨੀ ਸਿੰਘ ਹੈ ਸੀ ਮੰਡੀ ਵੱਡੀ ਵਾਲਾ
ਲਾਕਾ ਖਾਸ ਸੰਗਰੂਰ ਬਖਾਨ ਭਾਈ।
ਰਤਨ ਸਿੰਘ ਪਿਆਰਾ ਨਾਈਵਾਲ ਦਾ ਸੀ
ਜਿਲਾ ਸ਼ਹਿਰ ਪਟਿਆਲਾ ਤੂੰ ਜਾਨ ਭਾਈ।
ਤਾਜਪੁਰ ਲੰਗਰ ਕੀਤਾ ਖਾਲਸੇ ਨੇ
ਡੇਰੇ ਸੰਤ ਉਦਾਸੀ ਦੇ ਆਨ ਭਾਈ।
ਬੂਟਾ ਰਾਮ ਨਾਵੇਂ ਸੇਵਕ ਸਤਿਗੁਰਾਂ ਦਾ
ਸਿਦਕੀ ਸਿਖ ਸੀ ਵਡਾ ਮਹਾਨ ਭਾਈ।
ਕਮਰ ਕੱਸਾ ਕੀਤਾ ਰਾਇ ਕੋਟ ਉਤੇ
ਹੱਥ ਜੋੜ ਅਰਦਾਸ ਬਖਾਨ ਭਾਈ।
ਨਾਨਕ ਗੁਰੂ ਅੰਗਦ ਅਮਰ ਦਾਸ ਗੁਰੂ ਜੀ
ਰਾਮਦਾਸ ਅਰਜਨ ਗੁਰੂ ਮਾਨ ਭਾਈ।
ਹਰਗੋਬਿੰਦ ਹਰਰਾਇ ਤੇ ਹਰਿ ਕ੍ਰਿਸ਼ਨ ਜੀ
ਨੌਵਾਂ ਗੁਰੂ ਦਸਮਾਂ ਮੇਹਰ ਬਾਨ ਭਾਈ।
ਗੁਰੂ ਗਿਆਰਵੇਂ ਬਾਰਵੇਂ ਸਤਿਗੁਰੂ ਜੀ
ਸਾਡੀ ਕਰੋ ਸਹਾਇਤਾ ਆਨ ਭਾਈ।
ਗੁਰੂ ਗਰੰਥ ਜੀ ਪੰਥ ਦੇ ਸੇਵਕਾਂ ਨੂੰ
ਵਾਹਿਗੁਰੂ ਦੀ ਫਤੇ ਬਲਾਨ ਭਾਈ।

Namdhari Elibrary NamdhariElibrary@gmail.com

ਬੁੱਚੜ ਮਾਰੀਏ ਗਊ ਦਾ ਭਲਾ ਹੋਵੇ
ਅੰਗ ਸੰਗ ਸਤਿਗੁਰ ਮੇਹਰਵਾਨ ਭਾਈ।
ਕਾਲਾ ਸਿੰਘ ਏਹ ਬੇਨਤੀ ਸਿੰਘ ਕਰਕੇ
ਰਾਇਕੋਟ ਨੂੰ ਨੇ ਲੱਗੇ ਜਾਨ ਭਾਈ ॥੯੪॥

### ਸਿੰਘਾਂ ਨੇ ਹਮਲਾ ਕਰਕੇ ਕਸਾਈਆਂ ਨੂੰ ਕਤਲ ਕਰਨਾ

ਉਨੀ ਸੈਕੜੇ ਸਾਲ ਸਤਾਈਆ ਸੀ
ਸੌਣ ਮਾਂਹ ਚੜਿਆ ਵਿਚਕਾਰ ਵਾਰੀ।[13]
ਆਈ ਖਾਸ ਸੰਗਰਾਂਦ ਸੀ ਨੂਰ ਵਾਲੀ
ਸੰਤ ਖਾਲਸੇ ਨੇ ਕੀਤੀ ਕਾਰ ਵਾਰੀ।
ਗਿਆਰਾਂ ਬਜੇ ਦੇ ਰਾਤ ਨੂੰ ਆਣ ਸਿੰਘਾਂ
ਲਈ ਬੁਚੜਾਂ ਦੀ ਖਬਰਸਾਰ ਵਾਰੀ।
ਗਊਆਂ ਮਾਰਨੇ ਵਾਸਤੇ ਬੰਨੀਆਂ ਸੀ
ਸਿੰਘ ਖੋਲ੍ਹਦੇ ਨਾਲ ਕਰਾਰ ਵਾਰੀ।
ਸਿੰਘ ਕਹਿਣ ਪੁਕਾਰਕੇ ਬੁਚੜਾਂ ਨੂੰ
ਤੁਸੀਂ ਹੋਵਣਾਂ ਜੇ ਖਬਰਦਾਰ ਵਾਰੀ।
ਏਨੀ ਆਖ ਹਮਲਾ ਕੀਤਾ ਖਾਲਸੇ ਨੇ
ਕੱਟ ਵੱਢ ਕੀਤੀ ਮਾਰੋ ਮਾਰ ਵਾਰੀ।
ਕੋਈ ਮਾਰਿਆ ਸਹਿਕਦਾ ਰਿਹਾ ਕੋਈ
ਕੋਈ ਪਿਆ ਬੀਮਾਰ ਲਚਾਰ ਵਾਰੀ।
ਗਊਆਂ ਮਾਰਨੇ ਵਾਲਿਆਂ ਪਾਪੀਆਂ ਦਾ
ਬੇੜਾ ਗਰਕ ਕੀਤਾ ਵਿਚ ਧਾਰ ਵਾਰੀ।
ਸ਼ਹਿਰੋਂ ਬਾਹਰ ਲੈਂਹਿਦੀ ਤਰਫ ਬੁਚੜ ਖਾਨਾਂ
ਜਿਥੇ ਕਰੀ ਏਹ ਸਿੰਘਾਂ ਨੇ ਕਾਰਵਾਰੀ।
ਕਰਕੇ ਕੰਮ ਹੋਇਆ ਹਰਨ ਖਾਲਸਾ ਜੀ
ਹਿੰਦੂ ਤੁਰਕ ਲੈਂਦੇ ਫਿਰਨ ਸਾਰ ਵਾਰੀ।
ਕਾਲਾਸਿੰਘ ਨਾ ਕਿਸੇ ਨੂੰ ਪਤਾ ਲਗੇ
ਹਿੰਦੂ ਤੁਰਕ ਰਹੇ ਝੱਖ ਮਾਰ ਵਾਰੀ ॥੯੫॥

ਅਮ੍ਰਿਤਸਰ ਸ਼ਹੀਦਾਂ ਦੀ ਮਿਸਲ ਪੜ੍ਹਕੇ
ਹੋਵੇ ਕੁਲ ਮਲੂਮ ਹਵਾਲ ਸਾਰਾ।
ਓਬੀ ਜਾਇ ਹਾਜਰ ਆਪੇ ਆਣ ਹੋਏ
ਸੋਬੀ ਦਸਿਆ ਖੋਲਕੇ ਹਾਲ ਸਾਰਾ।
ਪਿਛੋਂ ਪਤਾ ਲਗਾ ਰਾਇਕੋਟ ਵਾਲਾ
ਗਿਆ ਬੀਤ ਸਤਾਈ ਸਾਲ ਸਾਰਾ।
ਹਿੰਦੂ ਤੁਰਕ ਲੈਂਦੇ ਫਿਰਕੇ ਖਬਰ ਸਾਰਾਂ
ਦਿਤਾ ਬੁਚੜਾਂ ਦਾ ਕੌਮ ਗਾਲ ਸਾਰਾ।
ਪਿਛੋਂ ਮੁਕਬਰਾਂ ਆਣਕੇ ਦਸ ਪਾਈ
ਦਿਤਾ ਖੋਲ੍ਹ ਸਰਕਾਰ ਨੂੰ ਹਾਲ ਸਾਰਾ।
ਦਬੇ ਹੋਇ ਹਥਿਆਰ ਘੜਾਇ ਦਿਤੇ
ਕਰ ਦਿਤਾ ਸਬੂਤ ਹਵਾਲ ਸਾਰਾ।
ਨਾਮ ਗਾਮ ਨੇ ਸਿੰਘਾਂ ਦੇ ਦਸ ਦਿਤੇ
ਲਿਆ ਹਥ ਸਰਕਾਰ ਨੇ ਮਾਲ ਸਾਰਾ।
ਕਾਲਾ ਸਿੰਘ ਦਿਤਾ ਪਤਾ ਮੁਕਬਰਾਂ ਨੇ
ਚੜ ਗਿਆ ਅਠਾਈਆ ਸਾਲ ਸਾਰਾ ॥੯੬॥

### ਹਿੰਦੂਆਂ ਨੇ ਮੁਕਬਰ ਹੋਕੇ ਸਿੰਘਾਂ ਨੂੰ ਫੜਾਇ ਦੇਣਾ ਸਰਕਾਰ ਨੂੰ

ਕਾਨਾਂ ਕੋੜੀ ਕਮਾਲਪੁਰ ਪਿੰਡ ਦਾ ਸੀ
ਦੱਲੂ ਖਾਸ ਕੋੜ੍ਹੀ ਛੀਨੀ ਵਾਲ ਦਾ ਸੀ।
ਕੀਤੀ ਮੁਕਬਰੀ ਜਾਇ ਸਰਕਾਰ ਅਗੇ
ਠਾਣੇਦਾਰ ਫਿਰਦਾ ਸਿੰਘ ਭਾਲਦਾ ਸੀ।
ਮੰਡੀ ਪਿਛੋ ਦੇ ਸਿੰਘ ਫੜਾਇ ਦਿਤੇ
ਰਤਨ ਸਿੰਘ ਇਕੋ ਨਾਈਵਾਲ ਦਾ ਸੀ।
ਸਿੰਘ ਵਿਚ ਅਦਾਲਤਾਂ ਸਚ ਬੋਲੇ
ਡਰ ਮੰਨਿਆਂ ਨਹੀਂ ਜੇ ਕਾਲਦਾ ਸੀ।

Namdhari Elibrary NamdhariElibrary@gmail.com

ਅਸੀਂ ਚੌਂਹਾਂ ਨੇ ਕਤਲ ਜਰੂਰ ਕੀਤੇ
ਗਿਆਨੀ ਸਿੰਘ ਨਾ ਅਸਾਂ ਦੇ ਨਾਲਦਾ ਸੀ।
ਏਤਾਂ ਸੰਤ ਹੈ ਭਜਨ ਦੇ ਕਰਨ ਵਾਲਾ
ਵਾਕਬ ਨਹੀਂ ਜੋ ਜੰਗ ਦੇ ਹਾਲਦਾ ਸੀ।
ਅਸੀਂ ਕਤਲ ਕੀਤਾ ਇਨਾਂ ਜਾਲਮਾਂ ਨੂੰ
ਸਾਨੂੰ ਦੁਖ ਗਾਈਆਂ ਵਾਲਾ ਗਾਲਦਾ ਸੀ।
ਕਾਲਾ ਸਿੰਘ ਨਾ ਅਸਾਂ ਤੇ ਝੱਲ ਹੋਇਆ
ਸਾਨੂੰ ਖੌਫ ਨਾ ਜਾਨ ਦੇ ਕਾਲਦਾ ਸੀ॥ ੯੭॥

## ਮੁਕਬਰਾਂ ਨੇ ਗਿਆਨੀ ਸਿੰਘ ਜੀ ਨੂੰ ਅਦਾਲਤ ਵਿਚ ਝੂਠ ਬੋਲਕੇ ਫੜੌਣਾ

ਕਾਨ੍ਹੇ ਦਲੂ ਨੇ ਬਹੁਤ ਪੁਕਾਰ ਕੀਤੀ
ਸਾਡੀ ਸੁਣੋਂ ਜੇ ਅਰਜ ਸਰਕਾਰ ਬੇਲੀ।
ਗਿਆਨੀ ਸਿੰਘ ਸ਼ਾਮਲ ਇਨਾਂ ਨਾਲ ਜਾਣੋਂ
ਕਰੋ ਕੁਝ ਨਾ ਹੋਰ ਕਰਾਰ ਬੇਲੀ।
ਸਾਰਾ ਕੰਮ ਹੈ ਏਸਤੇ ਸ਼ੁਰੂ ਹੋਇਆ
ਸਾਡਾ ਕਰੇ ਸਰਕਾਰ ਇਤਬਾਰ ਬੇਲੀ।
ਗੁਰਮੁਖ ਸਿੰਘ ਆਖੇ ਦਲੂ ਕਾਨਿਆ ਓਇ
ਕਾਹਨੂੰ ਝੂਠ ਬੋਲੇਂ ਝੱਖ ਮਾਰ ਬੇਲੀ।
ਗਿਆਨੀ ਸਿੰਘ ਨਾ ਅਸਾਂ ਦੇ ਨਾਲ ਰਲਿਆ
ਅਸੀਂ ਬੁਚੜਾਂ ਦੀ ਲਈ ਸਾਰ ਬੇਲੀ।
ਗਿਆਨੀ ਸਿੰਘ ਹੈ ਭਜਨ ਦੇ ਕਰਨ ਵਾਲਾ
ਹਥ ਫੜੇ ਨਾ ਕਦੇ ਤਲਵਾਰ ਬੇਲੀ।
ਅਠ ਪਹਿਰ ਹੈ ਭਜਨ ਦੇ ਵਿਚ ਰਹਿੰਦਾ
ਨਾਮ ਜਪੇ ਕਰਤਾਰ ਕਰਤਾਰ ਬੇਲੀ।
ਕਹੇ ਫੇਰ ਅਦਾਲਤੀ ਮੁਕਬਰਾਂ ਨੂੰ
ਦੇਵੇ ਕੁਤਿਆਂ ਵਾਂਗ ਦੁਰਕਾਰ ਬੇਲੀ।
ਦਲੂ ਕਹੇ ਕਾਨ੍ਹਾ ਗਿਆਨੀ ਸਿੰਘ ਸ਼ਾਮਲ
ਤੁਸੀਂ ਪੁਛਕੇ ਲਵੋ ਜੁਹਾਰ ਬੇਲੀ।

Namdhari Elibrary NamdhariElibrary@gmail.com

ਕਈ ਵਾਰ ਹੋਈਆਂ ਰੋਬਕਾਰੀਆਂ ਸੀ
ਗਿਆਨੀ ਸਿੰਘ ਦਾ ਇਕ ਜਹਾਰ ਬੇਲੀ।
ਕਾਲਾ ਸਿੰਘ ਬੇਈਮਾਨਾਂ ਮੁਕਬਰਾਂ ਦੀ
ਗਿਆਨੀ ਸਿੰਘ ਦੇ ਨਾਲ ਸੀ ਖਾਰ ਬੇਲੀ॥੯੮॥

ਮੁਕਬਰਾਂ ਨੇ ਕਹਿਣਾ ਗਿਆਨੀ ਸਿੰਘ ਨੇ ਮੰਨ ਲੈਣਾ

ਜਦੋਂ ਮੁਕਬਰਾਂ ਬਹੁਤ ਪੁਕਾਰ ਕੀਤੀ
ਗਿਆਨੀ ਸਿੰਘ ਦੇ ਬਚਨ ਬਿਲਾਸ ਹੋਏ।
ਜੋ ਕੁਛ ਕਹਿਣ ਪਾਪੀ ਸੋ ਕੁਛ ਸੱਚ ਜਾਣੋਂ
ਸਿੰਘਾਂ ਨਾਲ ਸ਼ਾਮਲ ਅਸੀ ਖਾਸ ਹੋਏ।
ਸੰਤਤਾਈ ਦੇ ਨਾਲ ਮਨਜ਼ੂਰ ਕਰਦੇ
ਨਹੀਂ ਚਿੱਤ ਦੇ ਵਿਚ ਉਦਾਸ ਹੋਏ।
ਕਾਲਾਸਿੰਘ ਭਾਈ ਮਨੀ ਸਿੰਘ ਵਾਂਗੂੰ
ਸਾਰੇ ਜਾਣਦੇ ਸੋ ਕੰਮ ਰਾਸ ਹੋਏ॥ ੯੯॥

ਅਦਾਲਤ ਨੇ ਫਾਹੇ ਦਾ ਹੁਕਮ ਦੇਣਾ

ਦਿਤਾ ਹੁਕਮ ਅਦਾਲਤੀ ਆਪ ਮੂੰਹੋਂ
ਕਈ ਵਾਰ ਜਾਂ ਹੋਏ ਬਿਆਨ ਚੁਕੇ।
ਹੋਇ ਗਿਆ ਸਤਾਈਆ ਸਾਲ ਪੂਰਾ
ਅੱਠ ਮਾਂਹਿ ਅਠਾਈ ਦੇ ਆਨ ਚੁਕੇ।
ਤਿੰਨੇ ਸਿੰਘ ਪਹਿਲੇ ਹੈਨ ਮੰਨ ਬੈਠੇ
ਨਹੀਂ ਆਪਣੀ ਮੂਲ ਜਵਾਨ ਚੁਕੇ।
ਦਿੰਦਾ ਹੁਕਮ ਅਦਾਲਤੀ ਆਪ ਮੂੰਹੋਂ
ਜ਼ੁਲਮ ਫਰਦ ਚੌਹਾਂ ਉਤੇ ਆਨ ਚੁਕੇ।
ਫਾਹਾ ਦਿਓ ਲਗਾਵਣੀ ਡੇਰ ਨਾਹੀ
ਪੂਰੇ ਸਿੰਘਾਂ ਦੇ ਹੋਇ ਪਰਾਨ ਚੁਕੇ।
ਕਾਲਾ ਸਿੰਘ ਮੋਹਲਤ ਨਹੀਂ ਵਿਚ ਪਾਈ
ਸਚੇ ਸਿੰਘਾਂ ਦੇ ਹੋਇ ਬਿਆਨ ਚੁਕੇ॥੧੦੦॥

### ਸਿੰਘਾਂ ਨੇ ਪਿਆਰ ਆਪਸ ਵਿਚ ਕਰਨੇ

ਸਿੰਘ ਤੁਰੇ ਅਦਾਲਤ ਤੋਂ ਵਕਤ ਓਸੇ
ਜਦੋਂ ਫਾਹੇ ਦਾ ਹੁਕਮ ਸੁਣਾਇਆ ਸੀ।
ਸਿੰਘਾਂ ਸਣੇਕੇਸੀ ਇਸ਼ਨਾਨ ਕੀਤਾ
ਵਾਹਿਗੁਰੂ ਦਾ ਜਾਪ ਜਪਾਇਆ ਸੀ।
ਆਪਸ ਵਿੱਚ ਦੀ ਸਿੰਘ ਪਜਾਰ ਕਰਦੇ
ਚਰਨ ਚੁੰਮਕੇ ਸੀਸ ਨਵਾਇਆ ਸੀ।
ਪੌਣ ਜਫੀ ਆ ਗਲਾਂ ਨੂੰ ਘੁਟਕੇ ਤਾਂ
ਰੋਇ ਰੋਇਕੇ ਪਿਆਰ ਵਧਾਇਆ ਸੀ।
ਦੂਜਾ ਦੂਜੇ ਨੂੰ ਚਿੰਬੜੇ ਮਾਰ ਧਾਹਾਂ
ਦਿਨ ਅੰਤ ਵਾਲਾ ਨੇੜੇ ਆਇਆ ਸੀ।
ਦਿਸ਼ਾ ਵਿਚ ਵੈਰਾਗ ਦੇ ਹੋਇਕੇ ਤੇ
ਨੌਮੇ ਪਾਤਸ਼ਾਹ ਦਾ ਸ਼ਬਦ ਗਾਇਆ ਸੀ।
ਏਤਾਂ ਜਗ ਸਰਾਂਇ ਮੁਸਾਫਰਾਂ ਦੀ
ਏਥੇ ਗਿਆਨ ਕੇਤਾ ਕੇਤਾ ਆਇਆ ਸੀ।
ਰਾਮ ਗਿਆ ਰਾਵਣ ਨਾਲ ਵਿਦਾ ਹੋਇਆ
ਫੇਰਾ ਵਾਂਗ ਵਨਜਾਰਿਆਂ ਪਾਇਆ ਸੀ।
ਕਾਲਾ ਸਿੰਘ ਰਹਿਣਾ ਥਿਰ ਵਾਹਿਗੁਰੂ ਨੇ
ਬਾਜਾ ਕੂੜ ਦਾ ਕਈਆਂ ਵਜਾਇਆ ਸੀ ॥੧੦੧॥

### ਸਿੰਘਾਂ ਨੇ ਫਾਹੇ ਪਾਸ ਜਾਣਾ

ਰਾਇਕੋਟ ਲੈਂਹਿਦੀ ਤਰਫ ਗੱਡ ਫਾਹਾ
ਲੈਂਦੇ ਸਿੰਘਾਂ ਨੂੰ ਪਾਸ ਬੁਲਾਇ ਵਾਰੀ।
ਮੰਗਲ ਸਿੰਘ ਮਸਤਾਨ ਸਿੰਘ ਪਿਥੋ ਵਾਲੇ
ਗੁਰਮੁਖ ਸਿੰਘ ਤੀਜਾ ਗਿਆ ਆਇ ਵਾਰੀ।
ਕਹਿਕੇ ਰੇਸ਼ਮੀ ਰੱਸੇ ਬਟਾਇ ਲੈਂਦੇ
ਤੰਦ ਅਸੀ ਨਾ ਪੌਣੀ ਕਦਾਇ ਵਾਰੀ।

ਮਿਲਕੇ ਤੈਹਾਂ ਨੇ ਗੁਰੂ ਦਾ ਸਬਦ ਪੜਿਆ
ਫਾਹਾ ਦੇਖ ਹੋਈ ਖੁਸ਼ੀ ਆਇ ਵਾਰੀ।
ਕਾਲਾ ਸਿੰਘ ਅਕਾਲ ਨੂੰ ਯਾਦ ਕਰਦੇ
ਵਾਹਿਗੁਰੂ ਦਾ ਜਾਪ ਜਪਾਇ ਵਾਰੀ॥੧੦੨॥

ਸਿੰਘਾਂ ਅੰਤ੍ਰ ਧਿਆਨ ਹੋਕੇ ਬਾਰਾਂ ਗੁਰਾਂ ਅਗੇ ਬੇਨਤੀ ਕਰਨੀ

ਅੰਤਰ ਧਿਆਨ ਹੋਕੇ ਸਿੰਘਾਂ ਅਰਜ਼ ਕੀਤੀ
ਬਾਰਾਂ ਗੁਰਾਂ ਅਗੇ ਬਾਰ ਬਾਰ ਵਾਰੀ।
ਸਿੰਘ ਆਖਦੇ ਸਤਿਗੁਰੋ ਪੂਰਿਓ ਜੀ
ਦੇਣਾ ਆਣਕੇ ਅਜ ਦੀਦਾਰ ਵਾਰੀ।
ਨਾਨਕ ਗੁਰੂ ਅੰਗਦ ਅਮਰਦਾਸ ਗੁਰ ਜੀ
ਰਾਮਦਾਸ ਅਰਜਨ ਕਰੋ ਪਾਰ ਵਾਰੀ।
ਹਰਗੋਬਿੰਦ ਹਰਿਰਾਇ ਹਰਿ ਕ੍ਰਿਸ਼ਨ ਗੁਰ ਜੀ
ਨੌਵਾਂ ਦਸਮ ਗੁਰ ਜੋ ਕਰਨ ਹਾਰ ਵਾਰੀ।
ਗੁਰੂ ਗਿਆਰਵੇਂ ਬਾਰਵੇਂ ਦਰਸ ਦੇਣਾ
ਲੈਣੀ ਆਜਜ਼ਾਂ ਦੀ ਅਜ ਸਾਰ ਵਾਰੀ।
ਗੁਰੂ ਗਰੰਥ ਤੇ ਪੰਥ ਦੇ ਪਿਆਰਿਓ ਜੀ
ਦੇਣਾਂ ਦਰਸ ਸਾਨੂੰ ਇਕ ਵਾਰ ਵਾਰੀ।
ਭਾਰੂ ਸਿੰਘ ਸੁਵੇਗ ਸਿੰਘ ਮਨੀ ਸਿੰਘ ਜੀ
ਕਰੋ ਆਜਜ਼ਾਂ ਦਾ ਬੇੜਾ ਪਾਰ ਵਾਰੀ।
ਸਿੱਖੀ ਸਿਦਕ ਬਖਸ਼ੋ ਸਾਨੂੰ ਆਪ ਜੇਹਾ
ਜੇਹੜਾ ਤੁਸਾਂ ਨੂੰ ਦਿਤਾ ਕਰਤਾਰ ਵਾਰੀ।
ਏਹ ਨਿਭੇ ਕੇਸਾਂ ਸਵਾਸਾਂ ਨਾਲ ਸਾਡਾ
ਏਹੋ ਮੰਗ ਸਾਡੀ ਵਾਰ-ਵਾਰ ਵਾਰੀ।
ਰਾਮ ਸਿੰਘ ਸਤਿਗੁਰ ਮੇਹਰਬਾਨ ਗੁਰ ਜੀ
ਆਵੋ ਚੀਨੀ ਦੇ ਹੋਇ ਅਸਵਾਰ ਵਾਰੀ।
ਵੇਲਾ ਹਈ ਏਹੋ ਦਰਸਨ ਦੇਵਣੇ ਦਾ
ਕਰੋ ਖੁਸ਼ੀ ਦੇ ਨਾਲ ਉਪਕਾਰ ਵਾਰੀ।

Namdhari Elibrary NamdhariElibrary@gmail.com

ਹੋਵੇ ਪੀੜ ਨਾ ਮੌਤ ਦਾ ਦੁਖ ਸਾਨੂੰ
ਤੇਰੇ ਨਾਮ ਦਾ ਰਹੇ ਅਧਾਰ ਵਾਰੀ।
ਅੰਤ੍ਰਜਾਮੀਆਂ ਨਾਲ ਲੈ ਸੂਬਿਆਂ ਨੂੰ
ਦੇਣੀ ਦਰਸ ਸਾਨੂੰ ਇਕ ਵਾਰ ਵਾਰੀ।
ਏਧਰ ਮੰਗਦੇ ਮੰਗ ਸ਼ਹੀਦ ਏਹੋ
ਪਾਵੋ ਢਿਲ ਨਾਂ ਵਿਚ ਕਰਤਾਰ ਵਾਰੀ।
ਓਧਰ ਸਤਿਗੁਰੂ ਭੀ ਔਣਾਂ ਚਾਹੁੰਦੇ ਸੇ
ਕੰਮ ਰਾਮ ਕਰਦਾ ਕਰਤਾਰ ਵਾਰੀ।
ਗਵਰਨ ਮਿੰਟ ਨੇ ਸੱਦਿਆ ਸਤਿਗੁਰਾਂ ਨੂੰ
ਤੁਸੀਂ ਆਵਣਾਂ ਜੇ ਇਕ ਵਾਰ ਵਾਰੀ।
ਭੈਣੀ ਸਾਹਿਬ ਤੇ ਸਤਿਗੁਰੂ ਚੱਲ ਆਏ
ਹੋਏ ਥੀਠੀ ਦੇ ਆਪ ਅਸਵਾਰ ਵਾਰੀ।
ਲੱਖਾ ਸਿੰਘ ਜੁਵਾਹਰ ਸਿੰਘ ਨਾਲ ਸੂਬਾ
ਛੂਬ ਬਜੇ ਪਹੁੰਚੇ ਵਾਂਗ ਤਾਰ ਵਾਰੀ।
ਰਾਇਕੋਟ ਬਾਬਤ ਕੋਠੀ ਬਸੀਆਂ ਦੀ
ਦਿਤੇ ਸਤਿਗੁਰਾਂ ਆਣ ਜ਼ਹਾਰ ਵਾਰੀ।
ਹੁਕਮ ਅਸਾਂ ਦਾ ਨਾਮ ਤੇ ਦਾਨ ਕਰਨਾ
ਰਹਿਤ ਰਖਣੀ ਗੁਰਾਂ ਦੀ ਕਾਰ ਵਾਰੀ।
ਕੰਘਾ ਕੜਾ ਤੇ ਕੱਛ ਕਰਪਾਨ ਧਰਨਾ
ਕਰਨਾਂ ਵਾਹਿਗੁਰੂ ਨਾਮ ਉਚਾਰ ਵਾਰੀ।
ਜੀਵ ਰੱਛਿਆ ਦਾ ਧੁਰੋਂ ਹੁਕਮ ਸਾਨੂੰ
ਦੇਣਾ ਭੁਲਕੇ ਕੋਈ ਨਾ ਮਾਰ ਵਾਰੀ।
ਏਹ ਆਖ ਸ਼ਹੀਦਾਂ ਦੇ ਪਾਸ ਆਏ
ਦਿੰਦੇ ਢੁੱਲ ਨੂੰ ਆਪ ਦੀਦਾਰ ਵਾਰੀ।
ਓਸੇ ਬਖਤ ਅੰਦਰ ਦਸੇ ਪਾਤਸ਼ਾਹੀਆਂ
ਹਾਜ਼ਰ ਆਣ ਹੋਈਆਂ ਇਕੋ ਵਾਰ ਵਾਰੀ।

Namdhari Elibrary NamdhariElibrary@gmail.com

ਤਾਰੂ ਸਿੰਘ ਭਾਈ ਮਨੀ ਸਿੰਘ ਜੇਹੇ
ਪਾਸ ਆਂਵਦੇ ਨਾਲ ਪਿਆਰ ਵਾਰੀ।
ਦਿਸਣ ਓਨਾਂ ਨੂੰ ਹੋਰ ਨੂੰ ਨਹੀਂ ਦਿਸਦੇ
ਹੋਇਆ ਵਡਾ ਅਚਰਜ ਅਪਾਰ ਵਾਰੀ।
ਸਿੰਘ ਦੇਖਕੇ ਬਹੁਤ ਅਨੰਦ ਹੋਏ
ਸਾਨੂੰ ਦਿੱਤਾ ਦੀਦਾਰ ਕਰਤਾਰ ਵਾਰੀ।
ਸਾਡੀ ਮੰਗ ਕਰਤਾਰ ਨੇ ਕਰੀ ਪੂਰੀ
ਸਿਦਕ ਹੋ ਗਿਆ ਬੇਸ਼ੁਮਾਰ ਵਾਰੀ।
ਸਤਿਗੁਰ ਆਖਦੇ ਨੇ ਸਿੰਘਾਂ ਸੂਰਿਆਂ ਨੂੰ
ਸੀਸ ਦੇਣ ਦੀ ਹੈ ਥੋੜੀ ਕਾਰ ਵਾਰੀ।
ਡਰਨ ਮੌਤ ਤੇ ਮੂਲ ਨਾ ਖਾਲਸੇ ਨੇ
ਨਹੀਂ ਦੇਵਣੀ ਧਰਮ ਨੂੰ ਹਾਰ ਵਾਰੀ।
ਦਸੇ ਗੁਰੂ ਸ਼ਹੀਦ ਅਲਪ ਹੋਏ
ਕੀਤਾ ਸੇਵਕਾਂ ਦਾ ਬੇੜਾ ਪਾਰ ਵਾਰੀ।
ਦੇਕੇ ਦਰਸ ਤਾਂ ਸਤਿਗੁਰੂ ਤੁਰੇ ਭਾਈ
ਭੈਣੀ ਸਾਹਿਬ ਪਹੁਚੇ ਓਸੇ ਵਾਰ ਵਾਰੀ॥
ਕਾਲਾ ਸਿੰਘ ਸੁਣਾਂਵਦਾ ਹਾਲ ਸਾਰਾ
ਜੇੜਾ ਬਰਤਿਆ ਕਹਿਰ ਗਵਾਰ ਵਾਰੀ॥ ੧੦੩॥

### ਭਾਈ ਮੋਂਗਲ ਸਿੰਘ ਜੀ ਦਾ ਸ਼ਹੀਦ ਹੋਣਾ[14]

ਸਾਲ ਉੱਨੀ ਸੈ ਅਠਾਈਆ ਮਾਹ ਕੱਤਾ
ਸੁਦੀ ਪੰਚਮੀ ਦਾ ਸੁਭ ਵਾਰ ਪਿਆਰੇ।
ਜੋਤੀ ਜੋਤ ਸਮਾਇ ਸੇ ਦਸਮ ਗੁਰ ਜੀ
ਓਹੇ ਰੋਜ ਸੀ ਅਪਰ ਅਪਾਰ ਪਿਆਰੇ।
ਢਾਈ ਬਜੇ ਦਾ ਬਖਤ ਵਚਾਰ ਲੈਣਾ
ਕੱਠ ਹੋਇਆ ਸੀ ਕਈ ਹਜਾਰ ਪਿਆਰੇ।
ਪਿੰਡ ਲਾਂਭਦੇ ਆਇ ਸੇ ਲੋਕ ਦੇਖਣ
ਆਵੇ ਕੁਝ ਨਾ ਅੰਤ ਸ਼ੁਮਾਰ ਪਿਆਰੇ।

Namdhari Elibrary NamdhariElibrary@gmail.com

ਸਾਹਿਬਜਾਦਿਆਂ ਦੀ ਸਿੰਘ ਸਾਖ ਕਰਦੇ
ਜਿਵੇਂ ਹੋਈ ਸਰਹੰਦ ਸੀ ਕਾਰ ਪਿਆਰੇ।
ਤਾਰੂ ਸਿੰਘ ਭਾਈ ਮਨੀ ਸਿੰਘ ਵਾਲੀ
ਸਾਖੀ ਕਰਦੇ ਸੇ ਨਾਲ ਪਿਆਰ ਪਿਆਰੇ।
ਚਲੋ ਚੱਲੀਏ ਓਨਾਂ ਦੇ ਪਾਸ ਜਾਈਏ
ਲਾਓ ਡੇਰ ਨਾ ਕਰੋ ਦੀਦਾਰ ਪਿਆਰੇ।
ਸਿੰਘ ਸਣੇ ਕੇਸੀ ਇਸਨਾਨ ਕੀਤਾ
ਜਪੁਜੀ ਸਾਹਿਬ ਦਾ ਪਾਠ ਉਚਾਰ ਪਿਆਰੇ।
ਮੰਗਲ ਸਿੰਘ ਨੇ ਆਖਿਆ ਕਰੋ ਛੇਤੀ
ਮੁਹਰੇ ਕਰੀ ਸੀ ਫਾਹੇ ਦੀ ਤਾਰ ਪਿਆਰੇ।
ਜਪੁਜੀ ਪਾਠ ਸੋਦਰ ਪੌੜੀ ਵਿਚ ਹੈਸੀ
ਗਲ ਪਾਇਆ ਸੀ ਮੌਤ ਦਾ ਹਾਰ ਪਿਆਰੇ।
ਘੰਡੀ ਫੁਟਕੇ ਫਾਹੇ ਦੇ ਨਾਲ ਲੱਗੀ
ਜਪੁਜੀ ਸਾਹਬ ਪੜ੍ਹਦੀ ਬਾਰ ਬਾਰ ਪਿਆਰੇ।
ਕਾਲਾ ਸਿੰਘ ਕੇਤੀ ਛੁਟੀ ਨਾਲ ਕਹਿਕੇ
ਵਾਹਿਗੁਰੂ ਕਹਿਆ ਇਕੋ ਵਾਰ ਪਿਆਰੇ ॥੧੦੪॥

### ਭਾਈ ਗੁਰਮੁਖ ਸਿੰਘ ਜੀ ਦਾ ਸ਼ਹੀਦ ਹੋਣਾ

ਗੁਰਮੁਖ ਸਿੰਘ ਸ਼ਹੀਦ ਪੁਕਾਰ ਕਰਦਾ
ਦਰਸ਼ਨ ਦੇਣ ਹਲਾਲ ਨਾ ਖੋਰ ਸਾਨੂੰ।
ਹਿੰਦੂ ਤੁਰਕ ਨਾ ਅਸਾਂ ਨੂੰ ਹਥ ਲਾਵੇ
ਦੋਵੇਂ ਦਿਸਣ ਬੇਈਮਾਨ ਚੋਰ ਸਾਨੂੰ।
ਹਿੰਦੂ ਦੇਣ ਗਾਂਈਆਂ ਤੁਰਕ ਮਾਰਦੇ ਨੇ
ਦੋਵੇਂ ਦਿੱਸਣ ਹਰਾਮ ਨੇ ਖਰ ਸਾਨੂੰ।
ਏਨੀ ਆਖਕੇ ਸੂਰਮਾ ਗਿਆ ਅਗੇ
ਗਲ ਪਾਮਦਾ ਹੈ ਦਿਸੇ ਡੋਰ ਸਾਨੂੰ।
ਪਾਕੇ ਹਾਰ ਸੋਹਣਾ ਝੂਟਾ ਆਪ ਲੈਂਦਾ
ਦਿਸੇ ਲਾਂਵਦਾ ਜੁਸੇ ਦਾ ਜੋਰ ਸਾਨੂੰ।

Namdhari Elibrary NamdhariElibrary@gmail.com

ਗਿਆ ਸਿੰਘ ਬੈਕੁੰਠ ਨੂੰ ਵਕਤ ਓਸੇ
ਵਾਹਿਗੁਰੂ ਬਿਨ ਕਹੇ ਨਾ ਹੋਰ ਸਾਨੂੰ।
ਕਾਲਾ ਸਿੰਘ ਦੂਜਾ ਸਿੰਘ ਕਰੇ ਛੇਤੀ
ਮੇਰੇ ਭਾਈਆਂ ਪਹਿ ਦੇਵੋ ਤੋਰ ਸਾਨੂੰ ॥੧੦੫॥

### ਭਾਈ ਮਸਤਾਨ ਸਿੰਘ ਜੀ ਦਾ ਸ਼ਹੀਦ ਹੋਣਾ

ਤੀਜੀ ਵਾਰ ਮਸਤਾਨ ਸਿੰਘ ਆਪ ਜਾਂਦਾ
ਕਰਕੇ ਵਾਹਿਗੁਰੂ ਵੱਲ ਧਿਆਨ ਵਾਰੀ।
ਜਪੁਜੀ ਸਾਹਿਬ ਦਾ ਇਕ ਸਲੋਕ ਰਹਿੰਦਾ
ਲੱਗਾ ਪੜਨ ਫਾਹੇ ਪਾਸ ਆਨ ਵਾਰੀ।
ਪਾਇਆ ਮੌਤ ਵਾਲਾ ਹਾਰ ਖੁਸ਼ੀ ਹੋਕੇ
ਛਾਲ ਮਾਰਦਾ ਹੈ ਨਾਲ ਤਾਨ ਵਾਰੀ।
ਧੜ ਸਿੰਘ ਦਾ ਲਟਕਦਾ ਨਾਲ ਫਾਹੇ
ਪੜ੍ਹਦੀ ਰਹੀ ਸਲੋਕ ਜ਼ਬਾਨ ਵਾਰੀ।
ਘੰਡੀ ਛੁੱਟ ਸਰੀਰ ਹੈ ਸਿਥਲ ਹੋਇਆ
ਜਦੋਂ ਸੂਰਮੇਂ ਆਪਣੀ ਜਾਨ ਵਾਰੀ।
ਕੇੜੀ ਛੁਟੀ ਦੀ ਸੀਸ ਅਵਾਜ਼ ਦਿੰਦਾ
ਸਾਰਾ ਦੇਖਦਾ ਖੜਾ ਜਹਾਨ ਵਾਰੀ।
ਕਾਲਾ ਸਿੰਘ ਸ਼ਹੀਦ ਨੇ ਧੰਨ ਹੋਏ
ਧੰਨ ਧੰਨ ਕੇਹੰਦੇ ਲੋਕ ਜਾਨ ਵਾਰੀ ॥੧੦੬॥

### ਲੋਕਾਂ ਦਾ ਹੈਰਾਨ ਹੋਣਾ ਸ਼ਹੀਦਾਂ ਨੂੰ ਦੇਖ ਕੇ

ਹੁੰਦੇ ਸਿੰਘ ਸ਼ਹੀਦ ਸੇ ਜਿਨਾਂ ਡਿਠੇ
ਕਈ ਨੱਸ ਗਏ ਛਾਲਾਂ ਮਾਰ ਪਿਆਰੇ।
ਕਈ ਆਖਦੇ ਨੇ ਵੱਡ ਕੈਹਰ ਹੋਇਆ
ਗੱਲਾਂ ਕਰਨ ਹੌਲੀ ਰੁਦਨ ਧਾਰ ਪਿਆਰੇ।
ਕਈ ਆਖਦੇ ਮੌਤ ਤੇ ਨਹੀਂ ਡਰਦੇ
ਅੰਮ੍ਰਿਤ ਛਕਣ ਜੋ ਖੰਡੇ ਦੀ ਧਾਰ ਪਿਆਰੇ।

Namdhari Elibrary NamdhariElibrary@gmail.com

ਔਰਤ ਮਰਦ ਸਾਰੇ ਏਹੋ ਰੁਦਨ ਕਰਦੇ
ਗਲੀ ਸ਼ਹਿਰ ਤਾਂ ਵਿਚ ਬਜਾਰ ਪਿਆਰੇ।
ਧੂੜ ਛਾਏ ਗਈ ਸਾਰੇ ਦੇਸ ਉਤੇ
ਉਦਾਸੀਨਗੀ ਵਿੱਚ ਸੰਸਾਰ ਪਜਾਰੇ।
ਮੋਹਰ ਸਿੰਘ ਜੀ ਦਾਹਿ ਸ਼ਹੀਦ ਕੀਤੇ
ਹਰੀ ਸਿੰਘ ਵਾਲੇ ਬੁਰਜੋ ਟਾਰ ਪਿਆਰੇ।
ਕਾਲਾ ਸਿੰਘ ਸਾਕਾ ਰਾਇਕੋਟ ਵਾਲਾ
ਸੋ ਮੈ ਦੱਸਿਆ ਆਪ ਉਚਾਰਪਜਾਰੇ ॥੧੦੭॥

ਵਾਕ ਕਵੀ

ਰਾਇ ਕੋਟ ਸ਼ਹੀਦ ਨੇ ਤਿੰਨ ਹੋਏ
ਦਿੱਤਾ ਓਨਾਂਦਾ ਹਾਲ ਸੁਣਾਇ ਭਾਈ।
ਗਿਆਨੀ ਸਿੰਘ ਰਤਨ ਸਿੰਘ ਹੋਰ ਬਾਕੀ
ਸੋ ਵੀ ਲੁਦਿਹਾਣੇ ਗਏ ਆਇ ਭਾਈ।
ਓਦਾ ਸ਼ਿਸ਼ਨ ਸਪੁਰਦ ਮੁਕੱਦਮਾ ਸੀ
ਮੰਨੇ ਰੱਬ ਦੀ ਸੋਈ ਰਜਾਇ ਭਾਈ।
ਕਾਨ੍ਹੇ ਦੱਲੂ ਨੇ ਆਖਿਆ ਵਿਚ ਏਹੋ
ਨਾਲ ਜੋਰ ਦੇ ਦਿੰਦੇ ਨੇ ਤਾਇ ਭਾਈ।
ਗਿਆਨੀ ਸਿੰਘ ਨੇ ਆਖਿਆ ਸੱਚ ਇਹੋ
ਝੂਠ ਬੋਲਦੇ ਨਹੀਂ ਕਦਾਇ ਭਾਈ।
ਗਿਆਨੀ ਸਿੰਘ ਨੂੰ ਕਹਿਆ ਅਦਾਲਤੀ ਨੇ
ਕਾਹਨੂੰ ਮੰਨ. ਬੈਠਾ ਮੁਕਰ ਜਾਇ ਭਾਈ।
ਕਾਲਾ ਸਿੰਘ ਸੱਚ ਸਾਨੂੰ ਨਜਰ ਆਵੇ
ਜਿੰਦ ਆਪਨੀ ਨਾਹਿ ਗਵਾਇ ਭਾਈ ॥੧੦੮॥

ਬਾਬਾ ਗਿਆਨੀ ਸਿੰਘ ਜੀ ਆਖਦਾ ਹੈ ਸਾਡੇ ਗੁਰਾਂ ਵਡੇ ਉਪਕਾਰ ਕੀਤੇ ਨੇ

ਗਿਆਨੀ ਸਿੰਘ ਜੀ ਕਹੇ ਅਦਾਲਤੀ ਨੂੰ
ਸਾਡੇ ਗੁਰਾਂ ਨੇ ਕਰੇ ਉਪਕਾਰ ਭਾਈ।

Namdhari Elibrary NamdhariElibrary@gmail.com

ਧਰਮ ਹੇਤ ਸਰੀਰ ਜੇ ਲੱਗ ਜਾਵੇ
ਸਾਨੂੰ ਰਤੀ ਨਾ ਸੋਚ ਵਚਾਰ ਭਾਈ।
ਧਰਮ ਹੇਤ ਨੌਮੇ ਗੁਰੂ ਪੰਜਵੇਂ ਨੇ
ਦਿੱਤੇ ਆਪਣੇ ਸੀਸ ਨੇ ਵਾਰ ਭਾਈ।
ਦਸਮ ਗੁਰੂ ਜੀ ਆਪ ਮਸੂਮ ਬੱਚੇ
ਸਾਡੇ ਉਪਰ ਦੀ ਦਿਤੇ ਨੇ ਵਾਰ ਭਾਈ।
ਅੰਮ੍ਰਿਤ ਪਾਨ ਕਰਕੇ ਕਲਗੀ ਵਾਲੜੇ ਦਾ
ਡਰਨਾ ਮੌਤ ਤੇ ਬੁਰਾ ਵਿਚਾਰ ਭਾਈ।
ਪਿਤਾ ਪੁਤ੍ਰ ਸਰਬੰਸ ਨੂੰ ਵਾਰ ਦਿੱਤਾ
ਅਸੀਂ ਓਸਦੇ ਸਿੱਖ ਤਿਆਰ ਭਾਈ।
ਮਰਨਾ ਸੱਚ ਤੇ ਜੀਉਣ ਨੂੰ ਝੂਠ ਜਾਣੋ
ਇਥੇ ਰਹਿਣ ਦਾ ਨਹੀਂ ਕਰਾਰ ਭਾਈ।
ਕਾਲਾ ਸਿੰਘ ਜੇੜੀ ਚੀਜ ਨਜਰ ਆਵੇ
ਸੋਈ ਬਿਨਸਣੀ ਹੈ ਇਕ ਵਾਰ ਭਾਈ ॥੧੦੯॥

### ਅਦਾਲਤ ਨੇ ਫਾਹੇ ਦਾ ਹੁਕਮ ਦੇਣਾ ਗਿਆਨੀ ਸਿੰਘ ਨੂੰ ਤੇ ਰਤਨ ਸਿੰਘ ਨੂੰ

ਦਿੱਤਾ ਹੁਕਮ ਅਦਾਲਤੀ ਆਪ ਮੂੰਹੋਂ
ਫਾਹਾ ਤੁਸਾਨੂੰ ਪਿਆ ਤਿਆਰ ਬਾਬਾ।
ਆਪਣੇ ਆਪ ਜਾਂਦੇ ਤੁਸੀਂ ਮੰਨਦੇ ਹੋ
ਸਾਡਾ ਕੋਈ ਨਾ ਵਿੱਚ ਕਰਾਰ ਬਾਬਾ।
ਮੁਕਬਰ ਕਹੀ ਜਾਂਦੇ ਤੁਸੀ ਮੰਨਦੇਹੋ
ਸਾਡੀ ਕਿਸ ਦੇ ਨਾਲ ਨਾ ਖਾਰ ਬਾਬਾ।
ਗਿਆਨੀ ਸਿੰਘ ਆਖੇ ਨਹੀਂ ਮਿਟਨ ਵਾਲਾ
ਜੇੜਾ ਹੁਕਮ ਦਿੰਦਾ ਕਰਤਾਰ ਬਾਬਾ।
ਓੜਕ ਹੁਕਮ ਅਕਾਲ ਦਾ ਸਤਿ ਜਾਣੋ
ਭਵਾਂ ਜੀਵੀਏ ਬਰਸ ਹਜਾਰ ਬਾਬਾ।
ਏਨੀ ਸੁਣੀ ਜਾਂ ਗੱਲ ਅਦਾਲਤੀ ਨੇ
ਦਿੰਦਾ ਫਾਹੇ ਦਾ ਹੁਕਮ ਉਚਾਰ ਬਾਬਾ।

Namdhari Elibrary NamdhariElibrary@gmail.com

ਤੈਨੂੰ ਅੱਜ ਤੇ ਪੰਜਵੇਂ ਰੋਜ ਥਾਈਂ
ਦੇਣਾ ਫਾਹੇ ਦੇ ਨਾਲ ਤਾਂ ਮਾਰ ਬਾਬਾ।
ਗਿਆਨੀ ਸਿੰਘ ਜੀ ਬਹੁਤ ਅਨੰਦ ਹੋਏ
ਸੁਨੀ ਫਾਹੇ ਦੇ ਹੁਕਮ ਦੀ ਸਾਰ ਬਾਬਾ।
ਅਸੀਂ ਰਲਾਂਗੇ ਭਾਈਆਂ ਦੇ ਨਾਲ ਜਾਕੇ
ਦਰਸ਼ਨ ਕਰਾਂਗੇ ਨਾਲ ਪਿਆਰ ਬਾਬਾ।
ਸਾਹਿਬ ਜਾਦਿਆਂ ਤੇ ਮਨੀ ਸਿੰਘ ਜੀ ਦਾ
ਤਾਰੂ ਸਿੰਘ ਦਾ ਹੋਊ ਦੀਦਾਰ ਬਾਬਾ।
ਹੋਰ ਸੈਂਕੜੇ ਸਿੰਘ ਭਰਾ ਏ ਮੇਰੇ
ਚੜੇ ਚਰਖੀਏ ਜਿੰਦਗੀ ਵਾਰ ਬਾਬਾ।
ਕਾਲਾ ਸਿੰਘ ਮੈ ਬੀ ਓਥੇ ਜਾਏਕੇ ਤੇ
ਸੇਵਾ ਕਰੂੰ ਹੋਕੇ ਸੇਵਾ ਦਾਰ ਬਾਬਾ ॥੧੧੦॥

### ਸਿੰਘਾਂ ਨੇ ਨਿਤਨੇਮ ਵਿਚ ਫਰਕ ਨਾ ਪੈਣ ਦੇਣਾ
### ਭਜਨ ਕਰਨਾ ਬਾਣੀ ਪੜ੍ਹਨੀ

ਗਿਆਨੀ ਸਿੰਘ ਰਤਨ ਸਿੰਘ ਰਵਾਂ ਹੋਕੇ
ਪਹੁੰਚੇ ਖੂਨੀਆਂ ਦੀ ਕੋਠੀ ਆਨ ਵਾਰੀ।
ਰਹਿਰਾਸ ਤੇ ਸੋਹਿਲੇ ਦਾ ਪਾਠ ਕਰਦੇ
ਭਜਨ ਬਾਣੀ ਦੇ ਨਾਲ ਧਿਆਨ ਵਾਰੀ।
ਦੋਇ ਬਜੇ ਤੇ ਰਾਤ ਨੂੰ ਉਠ ਖੜਦੇ
ਸਣੇ ਕੇਸ ਕਰਦੇ ਇਸ਼ਨਾਨ ਵਾਰੀ।
ਪੰਜ ਗਰੰਥ ਦਾ ਪਾਠ ਸਬੂਤ ਕਰਦੇ
ਧਰਨ ਵਾਹਿਗੁਰੂ ਵੱਲ ਧਿਆਨ ਵਾਰੀ।
ਜੇੜੇ ਨਿਯਮ ਹੈਸਨ ਨਾਮਧਾਰੀਆਂ ਦੇ
ਨਿਤ ਨੇਮ ਕਰਦੇ ਨਾਲ ਤਾਨ ਵਾਰੀ।
ਕਾਲਾ ਸਿੰਘ ਸੰਤਾਂ ਨਾਮ ਜਪਦਿਆਂ ਨੂੰ
ਦਿਨ ਅੰਤ ਦਾ ਪੁਜਿਆ ਆਨ ਵਾਰੀ ॥੧੧੧॥

Namdhari Elibrary NamdhariElibrary@gmail.com

## ਸਿੰਘਾਂ ਨੇ ਬੇਨਤੀ ਕਰਨੀ ਬਾਰਾਂ ਗੁਰਾਂ ਅਗੇ

ਸਾਲ ਉੱਨੀ ਸੈ ਅਠਾਈਆ ਬਿਕ੍ਰਮੀ ਜੋ
ਪੂਰਨ ਚੰਦ ਤੇ ਸੀ ਕੱਤਾ ਮਾਸ ਹੋਇਆ।
ਮਿਟੀ ਧੁੰਦ ਜਗ ਚਾਨਣਾਂ ਆਣ ਹੋਇਆ
ਨਾਨਕ ਸਤਿਗੁਰੂ ਦਾ ਪ੍ਰਕਾਸ਼ ਹੋਇਆ।
ਓਹੋ ਰੋਜ ਚੰਗਾ ਵੀਰਵਾਰ ਵਾਲਾ
ਲਾਲ ਰੰਗ ਦਾ ਸੁਰਖ ਅਕਾਸ਼ ਹੋਇਆ।
ਗਿਆਨੀ ਸਿੰਘ ਰਤਨ ਸਿੰਘ ਬਾਹਿਰ ਆਏ
ਚਿੱਤ ਨਹੀਂ ਸੀ ਮੂਲ ਉਦਾਸ ਹੋਇਆ।
ਨੌਮੇ ਪਾਤਿਸ਼ਾਹ ਦੇ ਸ਼ਬਦ ਪੜ੍ਹਨ ਉੱਚੀ
ਕੰਮ ਜਾਣਦੇ ਸੇ ਸਾਰਾ ਰਾਸ ਹੋਇਆ।
ਚਾਰ ਬਜੇ ਦਾ ਵਕਤ ਪਛਾਣ ਲੈਣਾ
ਕੱਠਾ ਲੋਕ ਬਹੁਤਾ ਆਮ ਖਾਸ ਹੋਇਆ।
ਹਿੰਦੂ ਤੁਰਕ ਆਏ ਸਾਰੇ ਵੇਖਣੇ ਨੂੰ
ਕੱਠਾ ਕਈ ਹਜ਼ਾਰ ਤਮਾਸ਼ ਹੋਇਆ।
ਗਿਆਨੀ ਸਿੰਘ ਜੀ ਕਹੇ ਇਸ਼ਨਾਨ ਕਰਨਾ
ਗੋਰੇ ਸਾਹਮਣੇ ਬਚਨ ਬਿਲਾਸ ਹੋਇਆ।
ਸਿੰਘ ਗੁਰੂ ਦਾ ਪਾਣੀ ਲਿਆਏ ਦੇਵੇ
ਵਲੋਂ ਨੌਣ ਦੇ ਚਿਤ ਉਦਾਸ ਹੋਇਆ।
ਲੁਧਿਆਣੇ ਦੇ ਵਿਚੋਂ ਨਾ ਸਿੰਘ ਮਿਲਦਾ
ਖੜਾ ਇਕ ਮੇਹਰਾ ਆਣ ਪਾਸ ਹੋਇਆ।
ਗਿਆਨੀ ਸਿੰਘ ਨੇ ਆਖਿਆ ਸਿੰਘ ਨਹੀ
ਤੂੰ ਪਾਣੀ ਲੈਂਣ ਦਾ ਨਾ ਸਾਨੂੰ ਖਾਸ ਹੋਇਆ।
ਕੜਾ ਕੱਛ ਕ੍ਰਿਪਾਨ ਨਾ ਪਾਸ ਤੇਰੇ
ਸਿੰਘ ਬਣਨ ਨੂੰ ਚਿਤ ਖਲਾਸ ਹੋਇਆ।
ਖਾਰਜ ਸਿਖੀਓਂ ਰਹਿਤ ਜੋ ਧਰੇ ਨਾਹੀ
ਦਸਮ ਗੁਰੂ ਜੀ ਦਾ ਹੁਕਮ ਖਾਸ ਹੋਇਆ।

ਸ਼ਰਮ ਖਾਇ ਮਹਿਰਾ ਓਥੋਂ ਦੂਰ ਹੋਇਆ
ਜਦੋ ਸਿੰਘ ਦਾ ਬਚਨ ਬਿਲਾਸ ਹੋਇਆ।
ਸਣੇ ਕੇਸ ਆਪੇ ਇਸ਼ਨਾਨ ਕੀਤਾ
ਜਪੁਜੀ ਸਾਹਿਬ ਦੇ ਪੜ੍ਹਨ ਦਾ ਕਿਆਸ ਹੋਇਆ।
ਹੱਥ ਜੋੜਕੇ ਸੀ ਅਰਦਾਸ ਕਰਦਾ
ਖੜਾ ਆਣਕੇ ਫਾਹੇ ਦੇ ਪਾਸ ਹੋਇਆ।
ਨਾਨਕ ਗੁਰੂ ਅੰਗਦ ਅਮਰਦਾਸ ਗੁਰ ਜੀ
ਚੌਥਾ ਸਤਿਗੁਰੂ ਜੋ ਰਾਮਦਾਸ ਹੋਇਆ।
ਤੱਤੀ ਰੇਤ ਪਵਾਇਕੇ ਕਸ਼ਟ ਝੱਲੇ
ਦੇਵੀਂ ਦਰਸ ਆਜਜ਼ ਖੜਾ ਦਾਸ ਹੋਇਆ।
ਹਰਗੋਬਿੰਦ ਹਰਰਾਇ ਹਰਕ੍ਰਿਸ਼ਨ ਗੁਰ ਜੀ
ਨੌਮੇ ਗੁਰੂ ਤੇ ਤੁਰਕਾਂ ਦਾ ਨਾਸ ਹੋਇਆ।
ਦਸਮ ਗੁਰੂ ਗਿਆਰਵੇਂ ਬਾਹਰਵੇਂ ਜੀ
ਬਿਨਾ ਦਰਸ ਤੇ ਚਿਤ ਉਦਾਸ ਹੋਇਆ।
ਗੁਰੂ ਗਰੰਥ ਤੇ ਪੰਥ ਦੇ ਪਿਆਰਿਓ ਜੀ
ਸਾਹਿਬ ਜਾਦਿਆਂ ਵਲ ਕਿਆਸ ਹੋਇਆ।
ਸਿਖੀ ਸਿਦਕ ਬਖਸ਼ੋ ਮੈਨੂੰ ਆਪ ਜੇਹਾ
ਦਰਸਨ ਆਪਦੇ ਨੂੰ ਖੜਾ ਦਾਸ ਹੋਇਆ।
ਦੁਖ ਪੀੜਤ ਚਿਤ ਅਡੋਲ ਹੋਵੇ
ਚਾਹਾਂ ਤੁਸਾਂ ਦੇ ਵਿਚ ਨਵਾਸ ਹੋਇਆ।
ਚੀਨੀ ਵਾਲਿਆ ਸਤਿਗੁਰਾ ਦਰਸ ਦੇਵੀਂ
ਲਾਈ ਡੇਰ ਕੀ ਅਜ ਕਿਆਸ ਹੋਇਆ।
ਕਾਲਾ ਸਿੰਘ ਸ਼ਹੀਦ ਏਹ ਮੰਗ ਮੰਗੇ
ਅੰਤੂ ਧਿਆਨ ਦੇ ਵਿਚ ਖਲਾਸ ਹੋਇਆ ॥੧੧੨॥

**ਦਸਮ ਗੁਰੂ ਤੇ ਬਾਰਵੇਂ ਗੁਰੂ ਅਗੇ ਬੇਨਤੀ ਕਰਨੀ**

ਮੇਰੀ ਬੰਦਨਾ ਗੁਰਾਂ ਨੂੰ ਅਨੇਕ ਬਾਰੀ
ਦੇਈਂ ਦਰਸ ਮੈਨੂੰ ਕਲਗੀਆਂ ਵਾਲਿਆ ਜੀ।

Namdhari Elibrary NamdhariElibrary@gmail.com

ਫੜਕੇ ਤੇਗ ਤੈਂ ਪ੍ਰਖਿਆ ਸੇਵਕਾਂ ਨੂੰ
ਮਖਣ ਦੂਧ ਦੇ ਵਿਚੋਂ ਨਿਕਾਲਿਆਜੀ।
ਪਹਿਲੇ ਸਾਜ ਕੇ ਪੰਜ ਪਿਆਰਿਆਂ ਨੂੰ
ਮਰੇ ਹੋਇਆਂ ਨੂੰ ਫੇਰ ਜਵਾਲਿਆ ਜੀ।
ਅੰਮ੍ਰਿਤ ਪਾਨ ਕਰਾਇਕੇ ਮੁਰਦਿਆਂ ਨੂੰ
ਰੁੜਦੇ ਜਾਂਦਿਆਂ ਆਨ ਬਚਾ ਲਿਆ ਜੀ।
ਭਰਪੂਰ ਹੋਇਆ ਬੇੜਾ ਜਾਲਮਾਂ ਦਾ
ਇਕ ਪਲ ਅੰਦਰ ਤੈਨੇ ਗਾਲਿਆ ਜੀ।
ਪਿਤਾ ਪੂਤ ਸਰਬੰਸ ਨੂੰ ਵਾਰ ਦਿੱਤਾ
ਸਿੱਖ ਕੌਮ ਨੂੰ ਰੱਖ ਦਿਖਾਲਿਆ ਜੀ।
ਝੰਡੇ ਜਾਲਮਾਂ ਦੇ ਚਕਨਾ ਚੂਰ ਕੀਤੇ
ਗੁਰੂ ਆਣ ਗ੍ਰੀਬਾਂ ਨੂੰ ਪਾਲਿਆ ਜੀ।
ਜਾਮਾਂ ਬਾਹਰਵਾਂ ਧਾਰਕੇ ਆਪ ਆਯਾ
ਭੈਣੀ ਸਾਹਿਬ ਆਕੇ ਡੇਰਾ ਲਾ ਲਿਆ ਜੀ।
ਮਨਮੱਤਿ ਕੁਚਾਲ ਨੂੰ ਦੂਰ ਕੀਤਾ
ਪੰਥ ਆਪਣਾ ਆਣ ਸਮ੍ਹਾਲਿਆ ਜੀ।
ਸਿੱਖੀ ਸਿਦਕ ਮੇਰਾ ਨਿਭੇ ਨਾਲ ਤੇਰੇ
ਹੋਵੇ ਦਰਸ਼ ਤੇਰਾ ਚੀਨੀ ਵਾਲਿਆ ਜੀ।
ਕਾਲਾ ਸਿੰਘ ਜੇਹੇ ਰੁੜ੍ਹੇ ਜਾਂਦਿਆਂ ਦੀ
ਲੈਣੀ ਸਾਰ ਆਕੇ ਭੈਣੀ ਵਾਲਿਆ ਜੀ॥੧੧੩॥

### ਸਿੰਘਾਂ ਦੀ ਤਰਫ ਸਤਿਗੁਰਾਂ ਦੀ ਨਿਗਾ ਹੋਣੀ

ਓਧਰ ਸਤਿਗੁਰੂ ਜੀ ਭੈਣੀ ਸਾਹਿਬ ਬੈਠੇ
ਲੱਗ ਰਿਹਾ ਸੀ ਖੂਬ ਦੀਵਾਨ ਵਾਰੀ।
ਸਿੰਘ ਸਬਦ ਪ੍ਰੇਮ ਦੇ ਨਾਲ ਪੜ੍ਹਦੇ
ਵਿਚ ਆਪ ਬੈਠੇ ਮੇਹਰਵਾਨ ਵਾਰੀ।
ਆਂਸੂ ਨੇਤ੍ਰਾਂ ਦੇ ਵਿਚੋਂ ਬਹਿਣ ਲੱਗੇ
ਸਿੰਘ ਦੇਖਕੇ ਬਹੁਤ ਹੈਰਾਨ ਵਾਰੀ।

Namdhari Elibrary NamdhariElibrary@gmail.com

ਸਤਿਗੁਰੂ ਨਾਲ ਰੁਮਾਲ ਦੇ ਪੂੰਝਦੇ ਸੇ
ਆਪ ਹੋਇਕੇ ਤੇ ਅੰਤ੍ਰ ਧਜਾਨ ਵਾਰੀ।
ਕਾਰਨ ਕੀ ਪੁਛ ਦੇ ਸਿੰਘ ਸਤਿਗੁਰਾਂ ਨੂੰ
ਸਤਗੁਰ ਦੱਸਦੇ ਖੋਲ੍ਹ ਬਿਆਨ ਵਾਰੀ।
ਟੁਕੜੇ ਜਿਗਰ ਦੇ ਅਸਾਂ ਨੂੰ ਯਾਦ ਕਰਦੇ
ਸਾਡਾ ਓਨਾਂ ਦੇ ਵਲ ਧਿਆਨ ਵਾਰੀ।
ਮੇਰਾ ਰੂਪ ਤੇ ਰੋਮ ਸਰੀਰ ਮੇਰਾ
ਮੇਰੀ ਟੁਟਦੀ ਜਾਨ ਦੀ ਜਾਨ ਵਾਰੀ।
ਫਾਹੇ ਹੇਠ ਖੜੇ ਅੰਤ੍ਰ ਧਿਆਨ ਹੋਕੇ
ਕਰਦੇ ਆਪਣੀ ਜਾਨ ਕੁਰਵਾਨ ਵਾਰੀ।
ਸਾਡਾ ਮੰਗਦੇ ਦਰਸ ਹੈਂ ਅੰਤ ਵੇਲੇ
ਲੱਗੇ ਆਪ ਬੈਕੁੰਠ ਨੂੰ ਜਾਣ ਵਾਰੀ।
ਸਿੰਘ ਆਖਦੇ ਤੇਰੀਆਂ ਤੂੰਹੀ ਜਾਣੇ
ਅੰਤਰ ਜਾਮੀਆਂ ਰਿਹਾ ਤੂੰ ਜਾਣ ਵਾਰੀ।
ਤੇਰੀ ਨਿਗਾ ਅੰਦਰ ਜੀਵਜੰਤ ਸਾਰਾ
ਆਪੇ ਵੇਖਦਾ ਹੋ ਨਿਗਾਵਾਨ ਵਾਰੀ।
ਕਾਲਾ ਸਿੰਘ ਅਪਣੇ ਸੰਤ ਖਾਲਸੇ ਦੀ
ਲੈਣੀ ਸਾਰ ਹੋਕੇ ਮੇਹਰਬਾਨ ਵਾਰੀ॥੧੧੪॥

### ਬਾਰਾਂ ਗੁਰਾਂ ਨੇ ਦਰਸ਼ਨ ਦੇਣਾ ਸਿੰਘਾਂ ਨੂੰ

ਗਿਆਨੀ ਸਿੰਘ ਹੋਏ ਅੰਤ੍ਰ ਧਿਆਨ ਅੰਦਰ
ਬਾਰਾਂ ਗੁਰਾਂ ਪਹਿਲੇ ਦਰਸ਼ਨ ਆਨ ਦਿੱਤਾ।
ਸਾਹਿਬਜ਼ਾਦਿਆਂ ਸਣੇ ਸ਼ਹੀਦ ਸਾਰੇ
ਦਰਸ ਆਪ ਹੋਕੇ ਮੇਹਰਬਾਨ ਦਿਤਾ।
ਤਾਰੂ ਸਿੰਘ ਸਬੇਗ ਸਿੰਘ ਮਨੀ ਸਿੰਘ ਜੀ
ਰਖ ਸਾਰਿਆਂ ਨੇ ਆਕੇ ਮਾਨ ਦਿਤਾ।
ਰਾਮ ਸਿੰਘ ਸਤਗੁਰ ਮਿਹਰਬਾਨ ਹੋਕੇ
ਗਿਆਨੀ ਸਿੰਘ ਨੂੰ ਹੈ ਦਰਸ਼ਨ ਆਨ ਦਿੱਤਾ।

Namdhari Elibrary NamdhariElibrary@gmail.com

ਦਰਸ ਗੁਰਾਂ ਦਾ ਪਾਇਕੇ ਹਰਾ ਹੋਇਆ
ਅੱਖਾਂ ਖੋਲ੍ਹਕੇ ਜਦੋਂ ਧਿਆਨ ਦਿੱਤਾ।
ਮੇਰੀ ਗੁਰਾਂ ਨੇ ਕਰੀ ਮੁਰਾਦ ਪੂਰੀ
ਦਰਸ ਆਪ ਹੋਕੇ ਮਿਹਰਬਾਨ ਦਿੱਤਾ।
ਗੁਰਾਂ ਆਖਿਆ ਦੇਵਣਾ ਸੀਸ ਭਾਈ
ਤੈਨੂੰ ਗੁਰਾਂ ਨੇ ਸਿਦਕ ਅਮਾਨ ਦਿੱਤਾ।
ਦੁੱਖ ਪੀੜ ਤੇ ਚਿੱਤ ਅਡੋਲ ਹੋਵੇ
ਸਚੇ ਸਤਿਗੁਰਾਂ ਨੇ ਏਹੋ ਦਾਨ ਦਿੱਤਾ।
ਬਾਰਾਂ ਗੁਰੂ ਸ਼ਹੀਦ ਅਲੋਪ ਹੋਏ
ਦੇਕੇ ਦਰਸ ਨਾ ਚਿੱਤ ਭੁਲਾਨ ਦਿੱਤਾ।
ਦਿਸੇ ਓਨਾਂ ਨੂੰ ਹੋਰ ਨੂੰ ਦਿਸੇ ਨਾਹੀ
ਵਡੇ ਚਰਜ ਦਾ ਖੋਲ੍ਹ ਬਿਆਨ ਦਿੱਤਾ।
ਕਾਲਾ ਸਿੰਘ ਆਕੇ ਪੂਰੇ ਸਤਿਗੁਰਾਂ
ਮਨੀ ਸਿੰਘ ਵਾਂਗੂੰ ਗੁਰਾਂ ਦਾਨ ਦਿਤਾ॥ ੧੧੫॥

### ਬਾਬੇ ਗਿਆਨੀ ਸਿੰਘ ਤੇ ਭਾਈ ਰਤਨ ਸਿੰਘ ਜੀ ਦਾ ਸ਼ਹੀਦ ਹੋਣਾ[15]

ਗਿਆਨੀ ਸਿੰਘ ਤੇ ਰਤਨ ਸਿੰਘ ਆਪ ਕਹਿੰਦੇ
ਰਸੇ ਰੇਸ਼ਮੀ ਕਰੋ ਤਿਆਰ ਵਾਰੀ।
ਤੰਦੀ ਅਸੀ ਨਾ ਗਲ ਦੇ ਵਿਚ ਪੌਣੀ
ਸਾਡਾ ਸੱਚੜਾ ਏਹੋ ਕਰਾਰ ਵਾਰੀ।
ਸਿੰਘ ਗੁਰੂ ਦੇ ਵਡੇ ਦਲੇਰ ਸੂਰੇ
ਫਾਹੇ ਹੇਠ ਖੜਦੇ ਹੋਕੇ ਤਿਆਰ ਵਾਰੀ।
ਹਿੰਦੂ ਤੁਰਕ ਨੂੰ ਆਖਦੇ ਪਰੇ ਹੋਵ
ਨੇੜੇ ਔਂਦੀ ਨਾ ਥੋਡੀ ਕਾਰ ਵਾਰੀ।
ਸੁਰਤ ਸ਼ਬਦ ਦੇ ਨਾਲ ਹੈਂ ਜੋੜ ਲੈਂਦੇ
ਨਾਮ ਜਪੇ ਕਰਤਾਰ ਕਰਤਾਰ ਵਾਰੀ।
ਨੌਵੇਂ ਗੁਰੂ ਜੀ ਦਾ ਸ਼ਬਦ ਪੜ੍ਹਨ ਮੂੰਹੋਂ
ਸੁਰਾਂ ਉਚੀਆਂ ਨਾਲ ਉਚਾਰ ਵਾਰੀ।

ਅਬ ਮੈਂ ਕਵਨ ਉਪਾਇ ਦੀ ਧਾਰਨਾ ਸੀ
ਏਹੋ ਤੁੱਕ ਪੜ੍ਹਦਾ ਬਾਰ ਬਾਰ ਵਾਰੀ।
ਜੜਾ ਸ਼ਬਦ ਹੈ ਵਿਚ ਧਨਾਸਰੀ ਦੇ
ਸੋਈ ਸਿੰਘ ਪੜ੍ਹਦਾ ਨਾਲ ਪਿਆਰ ਵਾਰੀ।
ਖੁਸ਼ੀ ਹੋਇਕੇ ਫਾਹੇ ਨੂੰ ਦੇਖ ਅਖੀਂ
ਹੱਥੀਂ ਆਪ ਪਾਵੇ ਮੌਤ ਹਾਰ ਵਾਰੀ।
ਝੂਟਾ ਆਪ ਲੈਂਦੇ ਵਾਹਿਗੁਰੂ ਕਹਿੰਦੇ
ਪੈਰ ਚੱਕ ਕੇ ਛਾਲ ਨੂੰ ਮਾਰ ਵਾਰੀ।
ਘੰਡੀ ਭੰਨਕੇ ਫਾਹੇ ਨੇ ਚਰ ਕੀਤੀ
ਲੋਥ ਲਟਕ ਰਹੀ ਨਾਲ ਤਾਰ ਵਾਰੀ।
ਵਾਹਿਗੁਰੂ ਦੀ ਫਤੇ ਬੁਲਾਇਕੇ ਤੇ
ਗਿਆ ਸਿੰਘ ਬੈਕੁੰਠ ਸਧਾਰ ਵਾਰੀ।
ਏਸ ਤੌਰ ਦੂਜਾ ਰਤਨ ਸਿੰਘ ਜਾਂਦਾ
ਦਿੰਦਾ ਆਪਣੀ ਜਿੰਦਗੀ ਵਾਰ ਵਾਰੀ।
ਭਾਣਾ ਮੰਨਦੇ ਸਿਰ ਤੇ ਵਾਹਿਗੁਰੂ ਦਾ
ਬੇੜਾ ਧਰਮ ਵਾਲਾ ਕਰਦੇ ਪਾਰ ਵਾਰੀ।
ਪੰਜਾਂ ਤੱਤਾਂ ਦੀ ਦੇਹੀ ਨੂੰ ਜਾਣ ਝੂਠੀ
ਗਲ ਆਪ ਪਾਵੇ ਮੌਤ ਹਾਰ ਵਾਰੀ।
ਹਸ ਹਸ ਪਾਇਆ ਗਲ ਵਿਚ ਫਾਹਾ
ਫਤੇ ਵਾਹਿਗੁਰੂ ਰਿਹਾ ਪੁਕਾਰ ਵਾਰੀ।
ਕਾਲਾ ਸਿੰਘ ਨਾ ਬੋਲਿਆ ਫੇਰ ਮੂੰਹੋਂ
ਗਿਆ ਸਿੰਘ ਬੈਕੁੰਠ ਸਧਾਰ ਵਾਰੀ॥੧੧੬॥

### ਲੋਕਾਂ ਦਾ ਹੈਰਾਨ ਹੋਣਾ ਸ਼ਹੀਦੀ ਨੂੰ ਵੇਖਕੇ

ਬਲੀ ਦਾਨ ਸ਼ਹੀਦਾਂ ਦਾ ਹੋਏ ਚੁਕਾ
ਲੋਕ ਦੇਖ ਕੇ ਹੋਣ ਹੈਰਾਨ ਪਿਆਰੇ।
ਕਈ ਆਖਦੇ ਵਡਾ ਹੈ ਜੁਲਮ ਹੋਇਆ
ਭਜਨ ਕਰਨ ਵਾਲੇ ਦਿੱਤੀ ਜਾਨ ਪਿਆਰੇ।

Namdhari Elibrary NamdhariElibrary@gmail.com

ਕਈ ਕਹਿਣ ਨਿਰਦੋਸ ਨੂੰ ਦੋਸ਼ ਲਾਕੇ
ਮੁਕਬਰ ਹੋਏ ਗਏ ਬੇਈਮਾਨ ਪਿਆਰੇ॥
ਸੁੰਦਰ ਸਿੰਘ ਮੁਖਿਤਿਆਰ ਸਰਦਾਰ ਦਾ ਸੀ
ਨਾਈ ਵਾਲੇ ਗੁਰਦਿਤ ਸਿੰਘ ਜਾਨ ਪਿਆਰੇ।
ਦੋਵੇਂ ਓਸਨੇ ਦਾਹਿ ਸ਼ਹੀਦ ਕੀਤੇ
ਕੰਡੇ ਬੁਢੇ ਦਰਿਆਓ ਦੇ ਮਾਨ ਪਿਆਰੇ।
ਕਾਲਾ ਸਿੰਘ ਪ੍ਰਸੰਗ ਏ ਭਿਆ ਪੂਰਾ
ਅਗੇ ਕੋਟਲੇ ਦਾ ਤੁਰੂ ਬਿਆਨ ਪਿਆਰੇ॥ ੧੧੭॥

॥ ਦੋਹਰਾ॥

ਸਾਕਾ ਸ਼ਹਿਰ ਕੋਟਲੇ ਹੋਇਆ ਵਿਚ ਮਲੇਰ। ਕੁਝ ਸੁਣਿਆਂ ਕੁਛ ਦੇਖਿਆ ਕਹੂੰ ਜੱਥਾ ਸਭਿਟੇਰ॥ ਅੱਸੀ ਸਿੰਘ ਸ਼ਹੀਦਾਂ ਕਰਸਾਂ ਕੁਲ ਬਿਆਨ। ਹੁਕਮ ਅਕਾਲੋ ਪਾਏ ਕੇ ਕੀਤੇ ਤਨ ਕੁਰਬਾਨ॥੧੧੮॥

ਜਿਥੋਂ ਛੇੜ ਛਿੜਿਆ ਸ਼ਹਿਰ ਕੋਟਲੇ ਦਾ
ਤਿਵੇਂ ਤੁਸਾਂ ਨੂੰ ਆਖ ਸੁਣਾਵੰਦਾ ਮੈਂ।
ਪਹਿਲੇ ਬਿਗਾੜ ਪਾਇਆ ਸਾਰਾ ਅਹਿਲ ਕਾਰਾਂ
ਗੁਰਮੁਖ ਸਿੰਘ ਦਾ ਹਾਲ ਲਿਖਾਵੰਦਾ ਮੈਂ।
ਜਿਵੇ ਨਾਲ ਕੀਤੀ ਹੀਰਾ ਸਿੰਘ ਜੀ ਦੇ
ਥੋੜਾ ਓਸਦਾ ਹਾਲ ਵੀ ਪਾਵੰਦਾ ਮੈਂ।
ਲੋਕ ਕਹਿਣ ਕੀ ਲੈਣਾ ਸੀ ਕੋਟਲੇ ਤੇ
ਦਸ ਓਹਨਾਂ ਦਾ ਭਰਮ ਮਟਾਵੰਦਾ ਮੈਂ।
ਕਾਲਾ ਸਿੰਘ ਜੇੜਾ ਹਾਲ ਬਰਤਿਆ ਸੀ
ਸੋਈ ਖਾਲਸੇ ਤਾਂਈਂ ਸੁਣਾਵੰਦਾ ਮੈਂ॥੧੧੯॥

ਹਾਲ ਸ਼ਹਿਰ ਕੋਟਲੇ ਦਾ

ਲੁਦਿਹਾਣੇ ਦੇ ਸ਼ਹਿਰ ਤੇ ਬੀਸ ਕੋਹਾਂ
ਨਾਮ ਕੋਟਲਾ ਸ਼ਹਿਰ ਮਲੇਰ ਭਾਈ।
ਮੁਢੋਂ ਰਾਜ ਪਠਾਣਾਂ ਦਾ ਖਾਸ ਏਥੇ
ਏਸ ਬਾਤ ਵਿਚ ਹੋਰ ਨਾ ਫੇਰ ਭਾਈ।

ਜਦੋਂ ਸ਼ਹਿਰ ਸਰਹੰਦ ਸੀ ਪਾਪੀਆਂ ਨੇ
ਮਾਈ ਸਾਹਿਬਜਾਦੇ ਲਏ ਘੇਰ ਭਾਈ।
ਵਡੇ ਇੰਨਾਂ ਦੇ ਹਾਹਿ ਦਾ ਮਾਰ ਨਾਰਾ
ਜੀ ਦਾ ਨਾਮ ਮੁਹੰਮਦ ਸੀ ਸ਼ੇਰ ਭਾਈ।
ਗੱਦੀ ਓਸ ਏ ਬਲੀ ਮਹਾਤਮਾ ਦੀ
ਚਲੀ ਆਂਵਦੀ ਪੁਸ਼ਤ ਦੇ ਫੇਰ ਭਾਈ।
ਓਸ ਵਲੀ ਦੀ ਰਾਜ ਉਲਾਦ ਕਰਦੀ
ਇਵਰਾਹੀਮ ਖਾਂ ਵਡਾ ਦਲੇਰ ਭਾਈ।
ਕਰੇ ਭਜਨ ਕਰਤਾਰ ਦਾ ਦਿਨੇ ਰਾਤੀ
ਹੋਇਆ ਬੰਦਗੀ ਵਿੱਚ ਉਚੇਰ ਭਾਈ।
ਚੜ੍ਹ ਗਿਆ ਹੈ ਨਾਮ ਦਾ ਰੰਗ ਗੂੜ੍ਹਾ
ਹੋਏ ਗਿਆ ਮਸਤਾਨਾ ਸੀ ਫੇਰ ਭਾਈ।
ਰਾਜ ਆਪ ਤਿਆਗ ਕੇ ਨਾਮ ਜਪਦਾ
ਲੋਕ ਕਈ ਆਖਣ ਪਾਗਲ ਟੇਰ ਭਾਈ।
ਇਵਰਾਹੀਮ ਖਾਂ ਦਾ ਅਹਿਮੰਦ ਅਲੀ ਪੁਤ੍ਰ
ਜਨਮ ਓਸਦਾ ਹੋਇਆ ਸੀ ਫੇਰ ਭਾਈ।
ਗੁਰਦੁਵਾਰੇ ਦੀ ਧਰੀ ਮੁਨਿਆਦ ਜਿਸਨੇ
ਅਹਿਮਦਅਲੀ ਖਾਂ ਨਾਮ ਉਚੇਰ ਭਾਈ।
ਓਸ ਬਖਤ ਏ ਆਪ ਮਸੂਮ ਹੈਸੀ
ਸੁਨਾ ਕੋਟਲਾ ਸ਼ਹਿਰ ਮਲੇਰ ਭਾਈ।
ਕਾਲਾ ਸਿੰਘ ਨਵਾਬ ਬਿਨ ਸੁੰਨ ਗੱਦੀ
ਅਹਿਲਕਾਰਾਂ ਨੇ ਪਾਇਆ ਸੀ ਨ੍ਹੇਰ ਭਾਈ॥੧੨੦॥

## ਅਹਿਲਕਾਰਾਂ ਨੇ ਰਾਜ ਵਿੱਚ ਨ੍ਹੇਰ ਪਉਣਾ ਇਨਸਾਫ ਨਾ ਕਰਨਾ

ਸਾਰਾ ਕੋਟਲਾ ਸ਼ਹਿਰ ਬਰਾਨ ਕੀਤਾ
ਅਹਿਲਕਾਰਾਂ ਦੇ ਗੱਦੀ ਸੀ ਪਾਸ ਲੋਕੋ।
ਹਿੰਦੂ ਲੋਕ ਜ ਕਰੇ ਫਿਰਿਆਦ ਕੋਈ
ਝਿੜਕ ਓਸਨੂੰ ਕਰਨ ਉਦਾਸ ਲੋਕੋ।

Namdhari Elibrary NamdhariElibrary@gmail.com

ਕਾਫਰ ਆਖ ਕੇਤੇ ਧੱਕੇ ਮਾਰਦੇ ਸੇ
ਬਹੁਤ ਰੋਲਕੇ ਕਰਨ ਵੀ ਨਾਸ ਲੋਕੋ।
ਕਾਲਾ ਸਿੰਘ ਅਣ ਹੁੰਦੀਆਂ ਕਰਨ ਐਵੇਂ
ਰਈਯਤ ਹੋਈ ਸੀ ਬਹੁਤ ਨਿਰਾਸ ਲੋਕੋ ॥੧੨੧॥

ਅਹਿਲਕਾਰਾਂ ਨੇ ਗਊਆਂ ਮਰਵਾਉਣੀਆਂ ਸ਼ਹਾਦਤ ਦੇਕੇ ਮੁਸਲਮਾਨਾਂ ਪਾਸੋਂ

ਜਦੋਂ ਕੋਟਲੇ ਦੀ ਦਿਸ਼ਾ ਬੁਰੀ ਹੋਈ
ਫਿਰੇ ਰਾਮ ਚੌਣਾ ਇਕ ਭਾਰ ਵੀਰੋ।
ਸਠਾਂ ਗਊਆਂ ਦਾ ਵੱਗ ਬਿਚਾਰ ਲੈਣਾ
ਖਾਣ ਖੇਤੀਆਂ ਫਿਰਨ ਅਵਾਰ ਵੀਰੋ।
ਇਕ ਦੋਇ ਮੁਕਾਂਵਦੇ ਰੋਜ ਗਾਂਈਆਂ
ਅੰਦਰ ਬਾੜਕੇ ਲੈਂਦੇ ਸੇ ਮਾਰ ਵੀਰੋ।
ਚੋਰ ਮਾਰਾਂ ਦੇ ਕੂਚੇ ਵਿੱਚ ਰੌਤ ਬਸਦੇ
ਓਥੇ ਕਰਨ ਇਹੋ ਮੰਦੀ ਕਾਰ ਵੀਰੋ।
ਅਹਿਲਕਾਰਾਂ ਦੀ ਮਰਜ ਤੇ ਮਰਨ ਗਊਆਂ
ਕਾਜੀ ਰਹਿੰਦਾ ਸੀ ਉਹਨਾਂ ਦੇ ਵਾਰ ਵੀਰੋ।
ਇੱਕ ਰੋਜ ਫਰਵਾਹੀ ਦਾ ਸਿੰਘ ਕੂਕਾ
ਗੁਰਮੁੱਖ ਸਿੰਘ ਨਾਮੇ ਲੰਬਰ ਦਾਰ ਵੀਰੋ।
ਚਲੇ ਆਉਂਦੇ ਨੂੰ ਸਹਿਰ ਦੇ ਲਾਗ ਪਾਸੇ
ਮਿਲਿਆ ਪਾਸ ਕਰੂੰਜੜੇ ਭਾਰ ਵੀਰੋ।
ਨਾਲ ਮੂਲੀਆਂ ਦੇ ਬੈਲ ਲੱਦਿਆ ਸੀ
ਉਪਰ ਆਪ ਹੋ ਬੈਠਾ ਅਸਵਾਰ ਵੀਰੋ।
ਕਾਲਾ ਸਿੰਘ ਏ ਪੁਛੇ ਕਰੂੰਜੜੇ ਨੂੰ
ਗੁਰਮੁਖ ਸਿੰਘ ਜੀ ਨਾਲ ਪਿਆਰ ਵੀਰੋ ॥੧੨੨॥

ਗੁਰਮੁਖ ਸਿੰਘ ਜੀ ਨੇ ਕੰਰੂਜੜੇ ਨੂੰ ਕਹਿਣਾ ਤੇ ਓਸ ਘਵਰਾਏ ਪੈਣਾ

ਗੁਰਮੁਖ ਸਿੰਘ ਨੇ ਆਖਿਆ ਸੁਣੀ ਮੀਆਂ
ਉਪਰ ਬੈਲ ਦੇ ਹੈ ਬਹੁਤਾ ਭਾਰ ਭਾਈ।

Namdhari Elibrary NamdhariElibrary@gmail.com

ਤੁਰੋਂ ਹੇਠ ਤੂੰ ਬੈਲ ਨੂੰ ਸੌਖ ਹੋਵੇ
ਵਾਟ ਦੂਰ ਨਾ ਨੇੜ ਦੀ ਕਾਰ ਭਾਈ।
ਅਗੋਂ ਆਖਿਆ ਫੇਰ ਕੰਰੂਜੜੇ ਨੇ
ਤੇਰਾ ਕਾਫਰਾ ਕੰਮ ਕੀ ਕਾਰ ਭਾਈ।
ਚਲਿਆ ਜਾਹਿ ਤੂੰ ਆਪਣੇ ਰਾਹ ਜਟਾ
ਪਾਕੇ ਕੱਛ ਬਣ ਗਿਆ ਸਰਦਾਰ ਭਾਈ।
ਅਸੀ ਬੈਲ ਨੂੰ ਹੁਣੇਂ ਹਲਾਲ ਕਰਨਾ
ਤੇਰਾ ਸਾਡਾ ਕੀ ਪਿਆ ਵਿਹਾਰ ਭਾਈ।
ਗੁਰਮੁਖ ਸਿੰਘ ਨਾ ਬੋਲਿਆ ਫੇਰ ਮੂੰਹੋਂ
ਆਂਦਾ ਓਹਨੂੰ ਕਚੈਹਰੀ ਦੇ ਵਾਰ ਭਾਈ।
ਅਹਿਲਕਾਰਾਂ ਨੂੰ ਹਵਾਲ ਸਾਰੀ ਦਿੱਤੀ
ਸਿੰਘ ਨੂੰ ਗਾਲ ਹਜਾਰ ਭਾਈ।
ਉਸੇ ਬਖਤ ਮੰਗਾਏ ਕੇ ਤੁਰਤ ਕਾਜੀ
ਕੀਤਾ ਕਤਲ ਦਿੱਤਾ ਬੈਲ ਮਾਰ ਭਾਈ।
ਗੁਰਮੁਖ ਸਿੰਘ ਦੇ ਸਾਹਮਣੇ ਕੰਮ ਕੀਤਾ
ਧੱਕੇ ਮਾਰਕੇ ਦਿੱਤਾ ਦਰਕਾਰ ਭਾਈ।
ਕਾਲਾ ਸਿੰਘ ਜਾ ਕੇ ਓਸ ਪੰਥ ਅੱਗੇ
ਹਾਲ ਦਸਿਆ ਹੈ ਧਾਹਾਂ ਮਾਰ ਭਾਈ ॥੧੨੩॥

ਵਾਕ ਕਵੀ

ਗੁਰਮੁਖ ਸਿੰਘ ਜੀ ਆਣਕੇ ਖਾਲਸੇ ਨੂੰ
ਸਾਰਾ ਬਰਤਿਆ ਹਾਲ ਸੁਣਾਇਆ ਸੀ।
ਹੀਰਾ ਸਿੰਘ ਲਹਿਣਾ ਸਿੰਘ ਹੋਰ ਸਿੰਘਾਂ
ਸੁਣਕੇ ਹਾਲ ਨੂੰ ਚਿੱਤ ਘਬਰਾਇਆ ਸੀ।
ਕਹਿੰਦੇ ਆਇਆ ਕਿਉਂ ਦੇਖਕੇ ਜੀਂਵਦਾ ਤੂੰ
ਸਾਨੂੰ ਕਾਸਨੂੰ ਦਰਸ ਦਖਾਇਆ ਸੀ।
ਕਾਲਾ ਸਿੰਘ ਸੀ ਦੇਵਣਾਂ ਸੀਸ ਓਥੇ
ਸਾਰੇ ਖਾਲਸੇ ਆਖ ਸੁਣਾਇਆ ਸੀ ॥੧੨੪॥

Namdhari Elibrary NamdhariElibrary@gmail.com

ਹੀਰਾ ਸਿੰਘ ਸਰਦਾਰ ਸਕਰੌਂਦੀਆਂ ਦਾ
ਸਮਾਂ ਪਾਇਕੇ ਕੋਟਲੇ ਆਇਆ ਹੈ।
ਲੀੜੇ ਲਵੇ ਬਜਾਜ ਦੀ ਹੱਟ ਵਿਚੋਂ
ਮੁਸਲਮਾਨ ਇਕ ਦਰਸ ਦਖਾਇਆ ਹੈ।
ਹੀਰਾ ਸਿੰਘ ਆਖੇ ਪਰੇ ਰਹੀਂ ਮੀਆਂ
ਲਗੀਂ ਨਾਲ ਨਾ ਆਖ ਸੁਣਾਇਆ ਹੈ।
ਮੁਸਲਮਾਨ ਆਖੇ ਕਉਂਣ ਕਾਫਰਾ ਤੂੰ
ਕੇੜੇ ਦੇਸੋਂ ਪਖੰਡੀਆ ਆਇਆ ਹੈ।
ਰੌਲਾ ਪਿਆ ਬਜਾਜੀ ਦੀ ਹੱਟ ਉੱਤੇ
ਬਧਿ ਗਿਆ ਜੋ ਦੂਣ ਸਵਾਇਆ ਹੈ।
ਓਸੇ ਵਖਤ ਪੁਲੀਸ ਤੇ ਅਹਿਲ ਕਾਰਾਂ
ਅਫਸਰ ਹੋਰਨਾਂ ਭੀ ਰੇੜਾ ਲਾਇਆ ਹੈ।
ਓਹਨਾਂ ਸਮਝ ਰੌਲਾ ਮੂਹੋਂ ਆਖਿਆ ਸੀ
ਸਾਡੇ ਸ਼ਹਿਰ ਕਿਉਂ ਕਾਫਰਾ ਆਇਆ ਹੈ।
ਤੇਰੇ ਬਰਗਿਆਂ ਕਈਆਂ ਦੀ ਕੰਡ ਭਾੜੀ
ਧਕੇ ਮਾਰਕੇ ਨਾਸ ਕਰਾਇਆ ਹੈ।
ਕਿਥੋਂ ਆਗਿਆ ਕਾਫਰਾ ਸ਼ਹਿਰ ਸਾਡੇ
ਕਾਲਾ ਸਿੰਘ ਏ ਆਖ ਸੁਣਾਇਆ ਹੈ॥੧੨੫॥

ਜਵਾਬ ਸਰਦਾਰ ਹੀਰਾ ਸਿੰਘ ਜੀ ਦਾ

ਹੀਰਾ ਸਿੰਘ ਆਖੇ ਅਰਜ ਸੁਣੋਂ ਖਾਨੋਂ
ਬੋਲਣ ਗਰਮ ਨਾਂ ਬਹੁਤ ਪਠਾਨ ਮੀਆਂ।
ਲੀੜੇ ਲਵਾਂ ਮੈਂ ਹਟ ਬਜਾਜ ਕੋਲੋਂ
ਏਸ ਮੀਏ ਨੂੰ ਕਹੀ ਜਵਾਨ ਮੀਆਂ।
ਲਗੀਂ ਨਾਲ ਨਾਂ ਤੂੰ ਰਹੀਂ ਦੂਰ ਮੈਤੋਂ
ਏਨੀ ਏਸਨੂੰ ਕਹੀ ਬਖਾਨ ਮੀਆਂ।
ਨਾਮਧਾਰੀ ਏ ਅਸੀ ਨਾ ਨਾਲ ਲਗਦੇ
ਭਾਵੇਂ ਹੋਇ ਹਿੰਦੂ ਮੁਸਲਮਾਨ ਮੀਆਂ।

Namdhari Elibrary NamdhariElibrary@gmail.com

ਸਾਡੇ ਮਜ਼ਬ ਦਾ ਕੁਲ ਖਿਆਲ ਏਹੋ
ਕੂਕੇ ਸਿੰਘ ਜੋ ਵਿਚ ਜਹਾਂਨ ਮੀਆਂ।
ਮੇਰੇ ਉਪਰ ਨਾ ਖਾਨਜੀ ਗਰਮ ਹੋਣਾ
ਸਾਡੇ ਮਜ਼ਬ ਦੀ ਰੀਤ ਏਹ ਮਾਨ ਮੀਆਂ।
ਕਾਲਾ ਸਿੰਘ ਹਾਕਮ ਤੁਸੀਂ ਅਸੀ ਰਈਯਤ
ਕਰਕੇ ਮੇਹਰ ਗੁਸਾ ਦੇਵੋ ਜਾਨ ਮੀਆਂ॥੧੨੬॥

ਜਵਾਬ ਅਹਿਲਕਾਰਾਂ ਦੀ ਜ਼ੁਲਮੀ

ਗੁਸੇ ਹੋਇਕੇ ਤੇ ਅਹਿਲਕਾਰ ਬੋਲੇ
ਗਲਾਂ ਕਮਲੀਆਂ ਦਾ ਖਹਿੜਾ ਛੱਡ ਜਟਾ।
ਮੁਸਲਮਾਨਾਂ ਤੇ ਧੰਗਾਂ ਕੀ ਹੈ ਥੋੜਾ
ਧਕੇ ਮਾਰ ਤੈਨੂੰ ਦਈਏ ਕਢ ਜਟਾ।
ਰਾਏ ਕੋਟ ਫਾਹਾ ਪਾਇਆ ਮੁਸਲਮਾਨਾਂ
ਭੰਨੇ ਕੂਕਿਆਂ ਦੇ ਓਥੇ ਹੱਡ ਜਟਾ।
ਤੇਰੇ ਨਾਲ ਕਰੀਏ ਕਾਲਾ ਸਿੰਘ ਏਵੇ
ਚਲਿਆ ਜਾਹਿ ਏਥੋਂ ਛੇਤੀ ਲਦ ਜਟਾ॥੧੨੭॥

ਜਵਾਬ ਸਰਦਾਰ ਹੀਰਾ ਸਿੰਘ ਦਾ

ਹੀਰਾ ਸਿੰਘ ਆਖੇ ਅਰਜ ਸੁਣੋਂ ਖਾਨੋਂ
ਗਰਮ ਹੋਇ ਕਿਉਂ ਤੁਸੀਂ ਪੁਕਾਰਦੇ ਹੋ।
ਮੈਂ ਨਾਂ ਰਹਾਂ ਏਥੋਂ ਹੁਣੇਂ ਚਲੇ ਜਾਣਾਂ
ਮੈਨੂੰ ਤਰਕ ਕਿਉਂ ਖਾਨ ਜੀ ਮਾਰਦੇ ਹੋ।
ਗੁਰਮੁਖ ਸਿੰਘ ਦੇ ਸਾਮਣੇ ਗਊ ਮਾਰੀ
ਐਡੇ ਜ਼ੁਲਮ ਕਿਉਂ ਖਾਨੋ ਪਸਾਰਦੇ ਹੋ।
ਥੋਨੂੰ ਚਾਹੀਦੀ ਨਜ਼ਰ ਹੈ ਇਕ ਸਾਰੇ
ਕਿਉਂ ਨੀ ਆਪ ਇਨਸਾਫ ਵਿਚਾਰਦੇ ਹੋ।
ਕੇੜੀ ਗਲ ਤੇ ਐਡੇ ਫਸਾਦ ਕਰਦੇ
ਕਰੋ ਅਦਲ ਕਿਉਂ ਪੀਹਣ ਖਲਾਰਦੇ ਹੋ।

Namdhari Elibrary NamdhariElibrary@gmail.com

ਕਾਲਾ ਸਿੰਘ ਸਾਡਾ ਕੋਇ ਉਜਰ ਨਾਹੀ
ਤੁਸੀਂ ਕਾਰ ਮੁਖਤਿਆਰ ਸਰਕਾਰ ਦੇ ਹੋ ॥੧੨੮॥

ਅਹਿਲਕਾਰਾਂ ਨੇ ਮੰਦਾ ਬੋਲ ਕੇ ਧੱਕੇ ਮਾਰਨੇ ਸਿੰਘ ਦੇ

ਅਹਿਲਕਾਰ ਬੋਲੇ ਗੁਸੇ ਹੋਇ ਸਾਰੇ
ਏਸ ਜਟ ਦੀ ਰੜਕ ਮੁਕਾ ਛਡੋ।
ਸਾਨੂੰ ਮਤਿ ਏਆਣ ਗੁਵਾਰ ਦੇਵੇ
ਏਸ ਜਾਹਲ ਦਾ ਕੰਮ ਕਰਾ ਛਡੋ।
ਦਿਤਾ ਹੁਕਮ ਫੜਕੇ ਕਾਫਰ ਏਸ ਤਾਂਈਂ
ਧਕੇ ਮਾਰਕੇ ਜੋਰ ਗਵਾ ਛਡੋ।
ਕਾਲਾ ਸਿੰਘ ਏ ਤੁਸੀਂ ਨਾਂ ਢਿਲ ਕਰਨੀ
ਕਾਫਰ ਏਸ ਨੂੰ ਸ਼ਹਿਰੋਂ ਕਢਾ ਛਡੋ॥ ੧੨੯॥

ਵਾਕ ਕਵੀ

ਦਿਤਾ ਹੁਕਮ ਉਹ ਪਕੜਿਆ ਬਖਤ ਓਸੇ
ਧਕੇ ਮਾਰ ਕੇ ਸੁਰਤ ਭੁਲਾਂਵੰਦੇ ਨੇ।
ਮਾਰ ਕੁਟ ਗਾਲਾਂ ਦੇਣ ਸਿੰਘ ਤਾਂਈਂ
ਸਾਰੇ ਕਾਫਰਾ ਆਖ ਸੁਣਾਂਵਦੇ ਨੇ।
ਕੱਲੇ ਸਿੰਘ ਦੀ ਚਲੇ ਨਾਂ ਪੇਸ਼ ਕੋਈ
ਮੀਏਂ ਹੋਏ ਕੱਠੇ ਕੁਟੀ ਜਾਂਵਦੇ ਨੇ।
ਮੀਏਂ ਮਾਰਦੇ ਸਿੰਘ ਦੇ ਬਹੁਤ ਸਟਾਂ
ਬੁਰਾ ਬੋਲਦੇ ਫਰਕ ਨਾ ਪਾਂਵੰਦੇ ਨੇ।
ਗਾਲਾਂ ਪੰਥ ਤੇ ਗੁਰੂ ਨੂੰ ਦੇਣ ਸਾਰੇ
ਮੂੰਹੋਂ ਬੁਰਾ ਤੇ ਬੁਰਾ ਸੁਣਾਂਵੰਦੇ ਨੇ।
ਜਰਾ ਲਾਂਦੀ ਤੂੰ ਜੋਰ ਨਾ ਕਸਰ ਛਡੀਂ
ਏਹੋ ਮੁਖ ਦੇ ਵਿਚੋਂ ਅਲਾਂਵੰਦੇ ਨੇ।
ਸਿੰਘ ਪਿਆ ਓਥੇ ਧਾਹਾਂ ਮਾਰਦਾ ਸੀ
ਅਹਿਲਕਾਰ ਓਥੋਂ ਚਲੇ ਜਾਂਵਦੇ ਨੇ।

Namdhari Elibrary NamdhariElibrary@gmail.com

ਕਾਲਾ ਸਿੰਘ ਕੱਠੇ ਬਹੁਤ ਲੋਕ ਹੋਏ
ਪਏ ਸਿੰਘ ਨੂੰ ਪਕੜ ਉਠਾਂਵਦੇ ਨੇ ॥੧੩੦॥

ਵਾਕ ਕਵੀ

ਮਿਟੀ ਲਾਹੀ ਤੇ ਕਪੜੇ ਝਾੜ ਦਿਤੇ
ਸਿੰਘ ਆਪਣੀ ਹੋਸ਼ ਵਿਚ ਆਇਆ ਹੈ।
ਆਹਿ ਮਾਰ ਨਾਰਾ ਲੋਕ ਕਹਿਣ ਸਾਰੇ
ਸਕਤੇ ਨਾਲ ਕੀ ਜੋਰ ਚਲਾਇਆ ਹੈ।
ਹੀਰਾ ਸਿੰਘ ਨੂੰ ਆਖਕੇ ਤੋਰ ਦਿਤਾ
ਘਰ ਨੂੰ ਗਿਆ ਨਾਂ ਪੰਥ ਵਿਚ ਆਇਆ ਹੈ।
ਸੰਮਤ ਉੱਨੀ ਸੌ ਅਠਾਈ ਦਾ ਹਾਲ ਏਹੋ
ਮੱਘਰ ਮਾਹਿ ਦਾ ਆਖ ਸੁਣਾਇਆ ਹੈ।
ਹੀਰਾ ਸਿੰਘ ਜਾਕੇ ਸੰਤ ਖਾਲਸੇ ਨੂੰ
ਸਾਰਾ ਬਰਤਿਆ ਹਾਲ ਬਤਾਇਆ ਹੈ।
ਧਾਹਾਂ ਮਾਰ ਰੁੰਨਾਂ ਸਿੰਘ ਪੰਥ ਅਗੇ
ਮੇਰੇ ਨਾਲ ਬੇਅਦਲ ਕਰਾਇਆ ਹੈ।
ਜੇੜੀ ਕੋਟਲੇ ਦੀ ਵਾਰਦਾਤ ਗੁਜਰੀ
ਫਰਕ ਓਸਦੇ ਵਿਚ ਨਾ ਪਾਇਆ ਹੈ।
ਸੁਣਿਕੇ ਜੁਲਮ ਹੋਇਆ ਹੋਸ ਖਾਲਸੇ ਨੂੰ
ਮਾਨੋ ਅਗ ਬਰੂਦ ਮਲਾਇਆ ਹੈ।
ਗੁਰਮੁਖ ਸਿੰਘ ਦੀ ਕਥਾ ਸੀ ਸੁਣੀ ਅਗੇ
ਗੁਸਾ ਸਾਰਿਆਂ ਦੇ ਤਾਂਈਂ ਆਇਆ ਹੈ।
ਗਾਲਾਂ ਗੁਰੂ ਜੋ ਪੰਥ ਨੂੰ ਦਿਤੀਆਂ ਸੀ
ਤੀਜਾ ਗਊ ਵਾਲਾ ਦੁਖ ਆਇਆ ਹੈ।
ਜੋਸ਼ ਆ ਗਿਆ ਹੈ ਮਸਤਾਨਿਆਂ ਨੂੰ
ਉਨਾਂ ਬੈਠਕੇ ਮਤਾ ਪਕਾਇਆ ਹੈ।
ਲਈਏ ਸਾਰ ਜਾਕੇ ਸ਼ਹਿਰ ਕੋਟਲੇ ਦੀ
ਜਿਥੇ ਅਦਲ ਨਾ ਨ੍ਹੇਰ ਪਵਾਇਆ ਹੈ।

ਸਾਰੇ ਪੰਥ ਦੀ ਕੋਈ ਸਲਾਹਿ ਨਾਂ ਸੀ
ਮਸਤਾਂ ਥੋੜਿਆਂ ਖੇਡ ਰਚਾਇਆ ਹੈ।
ਭੈਣੀ ਸਾਹਿਬ ਸੰਗਰਾਂਦ ਦਾ ਵਡਾ ਮੇਲਾ
ਸਿੰਘ ਕਈ ਹਜਾਰ ਜੋ ਆਇਆ ਹੈ।
ਹੀਰਾ ਸਿੰਘ ਲਹਿਣਾ ਸਿੰਘ ਪੰਥ ਤਾਂਈ
ਮੂੰਹੋਂ ਆਖਕੇ ਬਚਨ ਸੁਣਾਇਆ ਹੈ।
ਵਿੱਚ ਕੋਟਲੇ ਦੇ ਗਊ ਘਾਤ ਹੋਵੇ
ਸਾਡਾ ਪਾਪੀਆਂ ਚਿਤ ਸਤਾਇਆ ਹੈ।
ਚੋਰ ਮਾਰਾਂ ਦੇ ਕੂਚੇ ਵਿਚ ਰੰਤ ਬਸਦੇ
ਓਹਨਾਂ ਕੰਮ ਏਕਾਰ ਚਲਾਇਆ ਹੈ।
ਗੁਰਮੁਖ ਸਿੰਘ ਦੇ ਸਾਮਣੇ ਗਊ ਮਾਰੀ
ਉਹਨਾਂ ਮੌਤ ਨੂੰ ਦਿਲੋਂ ਭੁਲਾਇਆ ਹੈ।
ਕਰਨ ਅਦਬ ਨਾਂ ਬੇਇਨਸਾਫ ਕਰਦੇ
ਚੌਦਾਂ ਸਿੰਘਾਂ ਨੇ ਆਖ ਸੁਣਾਇਆ ਹੈ।
ਅਹਿਲਕਾਰਾਂ ਨੇ ਗੰਦ ਖੰਡਾਏ ਸਾਰੇ
ਆਖ ਬੁਚੜਾਂ ਨੂੰ ਚਮਕਾਇਆ ਹੈ।
ਚਲੋ ਕੋਟਲੇ ਸ਼ਹਿਰ ਦੀ ਸਾਰ ਲਈਏ
ਹੋਕੇ ਗਰਮ ਏ ਬਚਨ ਸੁਣਾਇਆ ਹੈ।
ਸ਼ਸਤ੍ਰ ਜਾਏ ਮਲੌਦ ਤੇ ਝੱਟ ਲਈਏ
ਹੀਰਾ ਸਿੰਘ ਏ ਭਾਖ ਸੁਣਾਇਆ ਹੈ।
ਚੌਦਾਂ ਸੂਰਮੇਂ ਨੇ ਸਿੰਘ ਅੱਡ ਹੋਏ
ਜਥਾ ਉਹਨਾਂ ਨੇ ਇਕ ਬਣਾਇਆ ਹੈ।
ਸੁਖਾ ਘੋਟਕੇ ਦੇਗ ਤਿਆਰ ਕੀਤੀ
ਹੋਕਾ ਪੰਥ ਦੇ ਵਿਚ ਦਵਾਇਆ ਹੈ।
ਚੜ੍ਹੋ ਧਰਮ-ਸ਼ਹੀਦ ਜਹਾਜ ਉਤੇ
ਠੇਕੇਦਾਰ ਪੂਰਾ ਗੁਰੂ ਆਇਆ ਹੈ।
ਨਹੀਂ ਫੇਰ ਜਹਾਜ ਏ ਛੁਟਣਾਂ ਜੇ
ਚੜ੍ਹੋ ਆਣਕੇ ਆਖ ਸੁਣਾਇਆ ਹੈ।

Namdhari Elibrary NamdhariElibrary@gmail.com

ਕੌਲਾ ਸੁਖੇ ਦਾ ਛਕਣ ਸੋ ਮਸਤ ਹੋਵਣ
ਸਿਰੋ ਪਾਉ ਇਕ ਪਾੜ ਫੜਾਇਆ ਹੈ।
ਚੌਦਾਂ ਸਿੰਘਾਂ ਸਤ੍ਰ ਸਿੰਘ ਮਸਤ ਕੀਤੇ
ਕੱਠੇ ਹੋਕੇ ਤੇ ਰੌਲਾ ਪਾਇਆ ਹੈ।
ਝੰਡਾ ਮਾਈ ਮਸਤਾਨੀ ਨੇ ਹੱਥ ਲੀਤਾ
ਡੇਰਾ ਬੁੰਗੇ ਅਕਾਲ ਲਗਾਇਆ ਹੈ।
ਓਥੇ ਕੱਠ ਹੋਇਆ ਮਸਤਾਨਿਆਂ ਦਾ
ਜਿਨਾਂ ਕੋਟਲੇ ਸੀਸ ਝੜਾਇਆ ਹੈ।
ਸੁਣੋਂ ਜਿਲੇ ਜੋ ਨਾਮ ਤੇ ਗਾਮ ਸਾਰੇ
ਜਿਥੇ ਜਨਮ ਸ਼ਹੀਦਾਂ ਨੇ ਪਾਇਆ ਹੈ।
ਕਾਲਾ ਸਿੰਘ ਵਾਰੇ ਸੀਸ ਧਰਮ ਉਤੇ
ਜਨਮੁ ਆਪਣਾ ਸੁਫਲ ਕਰਾਯਾ ਹੈ॥੧੩੧॥

### ਸਾਰੇ ਸ਼ਹੀਦਾਂ ਦੇ ਪਿੰਡਾਂ ਤੇ ਜ਼ਿਲਿਆਂ ਦੇ ਨਾਮ

ਜਿਥੋਂ ਛੇੜ ਛਿੜਿਆ ਪਹਿਲੇ ਖਾਲਸੇ ਦਾ
ਜ਼ਿਲਾ ਨਾਭੇ ਦਾ ਆਖ ਉਚਾਰ ਭਾਈ।
ਲਹਿਣਾ ਸਿੰਘ ਜੀ ਹੀਰਾ ਸਿੰਘ ਮਿਤ ਸਿੰਘ ਜੀ
ਅਨੂਪ ਸਿੰਘ ਸਕਰੌਦੀ ਦੇ ਚਾਰ ਭਾਈ।
ਕਟਾਰ ਸਿੰਘ ਧਨੌਲੇ ਦਾ ਸਿੰਘ ਇਕੋ
ਪ੍ਰਸਾ ਸਿੰਘ ਗੁਰੂ ਸਰੋਂ ਪੁਕਾਰ ਭਾਈ।
ਧਿਆਨ ਸਿੰਘ ਤੇ ਰਤਨ ਸਿੰਘ ਭਦਲਬੂਹੇ
ਹਰਨਾਮ ਸਿੰਘ ਹੈ ਗਿਲਾਂ ਦਾ ਤਿਆਰ ਭਾਈ।
ਭੂਪ ਸਿੰਘ ਤੇ ਅਤਰ ਸਿੰਘ ਦਿਆਲ ਗੜ ਦ
ਝੰਡੇ ਪਾਸ ਆਏ ਛਾਲਾਂ ਮਾਰ ਭਾਈ।
ਗੁਜਰ ਸਿੰਘ ਹੈ ਹਰੀ ਪੁਰ ਪਿੰਡ ਰਹਿੰਦਾ
ਨਾਮ ਜਪੇ ਕਰਤਾਰ-ਕਰਤਾਰ ਭਾਈ।
ਕਾਲਾ ਸਿੰਘ ਅਬਲ ਨਾਭਾ ਜ਼ਿਲਾ ਆਇਆ
ਬਾਰਾਂ ਸੂਰਮੇਂ ਸਿੰਘ ਨਿਤਾਰ ਭਾਈ॥੧੩੨॥

Namdhari Elibrary NamdhariElibrary@gmail.com

ਸੁਣੋਂ ਜਿਲੇ ਪਟਿਆਲੇ ਦਾ ਹਾਲ ਸਾਰਾ
ਜਿਥੋਂ ਤੁਰੀ ਸ਼ਹੀਦਾਂ ਦੀ ਕਾਰ ਵਾਰੀ।
ਇੰਦ ਕੌਰ ਹਿੰਡਆਇ ਦੀ ਇਕ ਮਾਈ
ਦਿਤੂ ਪੁਰੇ ਦੀ ਖੇਮ ਕੁਰ ਟਾਰ ਵਾਰੀ।
ਰਹੇ ਦੋਹਾਂ ਦੇ ਹੱਥ ਸ਼ਹੀਦ ਝੰਡਾ
ਹੋਕਾ ਦੇਣ ਹੋਕੇ ਅਮਲਦਾਰ ਵਾਰੀ।
ਚੜੋ ਧਰਮ ਸ਼ਹੀਦ ਜਹਾਜ ਉਤੇ
ਨਹੀਂ ਛੁਟਣਾ ਜੇ ਦੂਜੀ ਵਾਰ ਵਾਰੀ।
ਨੰਦਸਿੰਘ ਪਤੀ ਮਾਈ ਇੰਦ ਕੁਰ ਦਾ
ਲੱਗਾ ਜਾਏ ਮਲੌਦ ਦੇ ਵਾਰ ਵਾਰੀ।
ਸਿਆਮ ਸਿੰਘ ਜੁਵਾਹਰ ਸਿੰਘ ਸਿੰਘ ਸਦਾ
ਜੋਗੇ ਪਿੰਡ ਦੇ ਤਿੰਨ ਪੁਕਾਰ ਵਾਰੀ।
ਕਾਲਾ ਸਿੰਘ ਦਿਆਲ ਪੁਰ ਕੋਟੜੇ ਦਾ
ਸੁਜਾਨ ਸਿੰਘ ਫਲੇੜੇ ਦਾ ਟਾਰ ਵਾਰੀ।
ਮੂਮੀ ਰਹੇ ਬ੍ਰਿਆਮ ਸਿੰਘ ਬੀਰ ਸਿੰਘ ਜੀ
ਨਰੈਣ ਸਿੰਘ ਦਾ ਰੰਡੀਏ ਪਿਆਰ ਵਾਰੀ।
ਵਿਚ ਸ਼ਹਿਰ ਬਰਨਾਲੇ ਦੇ ਰਹਿਣ ਵਾਲੇ
ਨਥਾ ਸਿੰਘ ਬ੍ਰਿਆਮ ਸਿੰਘ ਤਿਆਰ ਵਾਰੀ।
ਰਤਨ ਸਿੰਘ ਹਰਨਾਮ ਸਿੰਘ ਸੂਰਮੇਂ ਨੇ
ਦਿਤਾ ਪਿੰਡ ਧਮੋਟ ਨੂੰ ਤਾਰ ਵਾਰੀ।
ਸੱਦਾ ਸਿੰਘ ਨਰੈਣ ਸਿੰਘ ਅਤਰ ਸਿੰਘ ਜੀ
ਬਿਸ਼ਨ ਸਿੰਘ ਹੀਰਾ ਸਿੰਘ ਯਾਰ ਵਾਰੀ।
ਗੁਰਦਿਤ ਸਿੰਘ ਹਰਨਾਮ ਸਿੰਘ ਵਿਚ ਆਏ
ਸਤੇ ਸਿੰਘ ਰੜ ਦੇ ਜੱਥਿਦਾਰ ਵਾਰੀ।
ਭਗਤ ਸਿੰਘ ਜੈਮਲ ਸਿੰਘ ਕਾਂਜਲੇ ਦੇ
ਝੰਡੇ ਪਾਸ ਆਏ ਛਾਲਾਂ ਮਾਰ ਵਾਰੀ।
ਸ਼ੇਰ ਸਿੰਘ ਦੀਏ ਪਿੰਡ ਰਹਿਣ ਵਾਲਾ
ਜਪੇ ਨਾਮ ਕਰਤਾਰ ਕਰਤਾਰ ਵਾਰੀ।

Namdhari Elibrary NamdhariElibrary@gmail.com

ਕਾਲਾ ਸਿੰਘ ਤੇਈ ਸਿੰਘ ਗਿਣਨ ਅੰਦਰ
ਜਿਲੇ ਵਿਚ ਪਟਿਆਲੇ ਉਚਾਰ ਵਾਰੀ ॥੧੩੩॥
ਸ਼ਹਿਰ ਕੋਟਲੇ ਦਾ ਸੁਣੋਂ ਹਾਲ ਸਾਰਾ
ਜਿਥੋਂ ਖਾਲਸੇ ਦੁਖ ਉਠਾਇਆ ਹੈ।
ਗੁਰਮੁਖ ਸਿੰਘ ਤੇ ਭੂਪ ਸਿੰਘ ਖੜਗ ਸਿੰਘ ਜੀ
ਬੇਲਾ ਸਿੰਘ ਫਰਵਾਹੀ ਦਾ ਧਾਇਆ ਹੈ।
ਚੂੰਗੀ ਰਹੇ ਨਰੈਣ ਸਿੰਘ ਸੂਰਮਾ ਜੋ
ਧਿਆਨ ਸਿੰਘ ਚੱਕੋ ਗੇੜਾ ਲਾਇਆ ਹੈ।
ਕਾਲਾ ਸਿੰਘ ਛੀਏ ਜਿਲੇ ਕੋਟਲੇ ਦੇ
ਸੋਈ ਮੁਕਿਆ ਗੁਰੂ ਮੁਕਾਇਆ ਹੈ ॥੧੨੮॥
ਆਏ ਜੀਂਦ ਦੇ ਜਿਲੇਦੇ ਸਿੰਘ ਮਾਈ
ਦਿੜ੍ਹ ਪੁਰੇ ਦੀ ਖੇਮ ਕੌਰ ਜਾਨ ਭਾਈ।
ਅਤਰ ਸਿੰਘ ਅਲਵੇਲ ਸਿੰਘ ਫਤੇ ਸਿੰਘ ਜੀ
ਤਿੰਨੇ ਵਾਲੀਆਂ ਦੇ ਲਈ ਮਾਨ ਭਾਈ।
ਖੜਗ ਸਿੰਘ ਪਰੇਮ ਸਿੰਘ ਗੱਗੜ ਪੁਰ ਦੇ
ਹਰਨਾਮ ਸਿੰਘ ਦਾ ਮੰਡੀ ਮਕਾਨ ਭਾਈ।
ਕਾਲਾ ਸਿੰਘ ਛੀਏ ਜਿਲੇ ਜੀਂਦ ਦੇਨੇ
ਲਗਾ ਜਿਲਾ ਫੀਰੋਜਪੁਰ ਆਨ ਭਾਈ ॥ ੧੩੪ ॥
ਸਾਰੇ ਸਿੰਘ ਫੀਰੋਜਪੁਰ ਜਿਲੇ ਦੇ ਜੋ ਹੈਨ
ਸੂਰਮੇ ਸਿੰਘ ਜਵਾਨ ਵੀਰੋ।
ਮੋਗਾ ਸਿੰਘ ਤੇ ਅਤਰ ਸਿੰਘ ਜੋਧ ਸਿੰਘ ਜੀ
ਤਿੰਨੇ ਪਿੰਡ ਮਰਾਜ ਦੇ ਜਾਨ ਵੀਰੋ।
ਨਿਧਾਨ ਸਿੰਘ ਹਰਨਾਮ ਸਿੰਘ ਰਹੇ ਸਾਦਕ
ਜਗਤ ਸਿੰਘ ਦਾ ਗੰਜੀ ਮਕਾਨ ਵੀਰੋ।
ਛੀਏ ਸਿੰਘ ਫੀਰੋਜਪੁਰ ਜਿਲੇ ਦੇ ਨੇ
ਕਾਲਾ ਸਿੰਘ ਸੁਣਨਾ ਨਾਲ ਧਿਆਨਵੀਰੋ ॥ ੧੩੫ ॥
ਲੁਦਿਹਾਣੇ ਦਾ ਜਿਲਾ ਵੀ ਆਉਣ ਲੱਗਾ
ਜਿਥੇ ਸਤਿਗੁਰਾਂ ਨੇ ਡੇਰਾ ਲਾਇਆ ਹੈ।

Namdhari Elibrary NamdhariElibrary@gmail.com

ਭੈਣੀ ਸਾਹਿਬ ਚੌਦਾਂ ਮੀਲ ਜਾਣ ਲੈਣੀ
ਜਿੱਥੋਂ ਖਾਲਸਾ ਪੰਥ ਚਲਾਇਆ ਹੈ !
ਉਤਮ ਸਿੰਘ ਤੇ ਚੜ੍ਹਤ ਸਿੰਘ ਆਪ ਆਏ
ਜਿਨਾਂ ਜਨਮ ਰੁੜਕੇ ਪਿੰਡ ਪਾਇਆ ਹੈ।
ਲਹਿਰੇ ਪਿੰਡ ਸੁਹੇਲ ਸਿੰਘ ਰਹਿਣ ਵਾਲਾ
ਦੇਵਾ ਸਿੰਘ ਲੋਹਗੜ ਵਾਲਾ ਆਇਆ ਹੈ।
ਮਹਾਂ ਸਿੰਘ ਹਜਾਰਾ ਸਿੰਘ ਬੀਰ ਸਿੰਘ ਜੀ
ਰਾਓ ਪਿੰਡ ਦਾ ਨਾਮ ਤਰਾਇਆ ਹੈ।
ਪਰੇਮ ਸਿੰਘ ਹੈ ਪੀਰ ਦੇ ਕੋਟ ਵਾਲਾ
ਕਾਨ ਸਿੰਘ ਸੰਗੋਵਾਲੋਂ ਧਾਇਆ ਹੈ।
ਜੀਉਣ ਸਿੰਘ ਹੈ ਵੱਲੋ ਦੇ ਪਿੰਡ ਰਹਿੰਦਾ
ਵਿਚ ਖਾਲਸੇ ਆਣ ਸਮਾਇਆ ਹੈ।
ਮੀਂਹਾਂ ਸਿੰਘ ਲਤਾਲੇ ਦੇ ਸਿੰਘ ਦੋਏ
ਗੁਰਮੁਖ ਸਿੰਘ ਨੂੰ ਸੱਦ ਬੁਲਾਇਆ ਹੈ।
ਨੱਥਾ ਸਿੰਘ ਸੁਜਾਨ ਸਿੰਘ ਸਿੰਘ ਬੇਲਾ
ਸੇਡਾ ਸਿੰਘ ਬਜੀਰ ਸਿੰਘ ਆਇਆ ਹੈ।
ਸੋਭਾ ਸਿੰਘ ਹੈ ਛੀਆਂ ਦਾ ਪਿੰਡ ਰੱਬੋਂ
ਜਿਥੇ ਜਾਏ ਪ੍ਰਸ਼ਾਦਿ ਪਕਾਇਆ ਹੈ।
ਕਾਲਾ ਸਿੰਘ ਅਠਾਰਾਂ ਸ਼ਹੀਦ ਹੋਏ
ਲੁਦਿਹਾਣੇ ਦਾ ਜਿਲਾ ਭੀ ਆਇਆ ਹੈ ॥੧੩੬॥

ਵਾਕ ਕਵੀ

ਸੰਮਤ ਉੱਨੀ ਸੌ ਵਿਚ ਸਤਾਈਏ ਦੇ
ਕਤਕ ਸੁਦੀ ਦਿਨ ਸੋਮ ਦਾ ਆਇਆ ਸੀ।
ਮਾਈ ਜੱਸਾਂ ਪਰਲੋਕ ਦਾ ਗਮਨ ਕਰਕੇ
ਡੇਰਾ ਵਿਚ ਬੈਕੁੰਠ ਲਗਾਇਆ ਸੀ।[16]
ਪਾਠੀ ਪਾਠ ਕਰਵਾਉਣ ਨੂੰ ਸੱਦ ਭੇਜੇ
ਪਾਠ ਇਕ ਸੌ ਇਕ ਕਰਵਾਇਆ ਸੀ।

Namdhari Elibrary NamdhariElibrary@gmail.com

ਸੰਮਤ ਉਨੀ ਸੌ ਵਿਚ ਅਠਾਈਏ ਦੇ
ਗੁਰਾਂ ਖਾਲਸੇ ਤਾਂਈ ਬੁਲਾਇਆ ਸੀ।[17]
ਰਾਮਦਾਸ ਪੁਰ ਜੀ ਜੋੜ ਖਾਲਸੇ ਦਾ
ਮਾਂਹ ਮਾਘ ਸੰਗਰਾਂਦ ਮਥਾਇਆ ਸੀ।
ਓਸ ਜਗਾ ਦਾ ਨਾਮ ਅਕਾਲ ਬੁੰਗਾ
ਲਹਿੰਦੀ ਤਰਫ ਦੇ ਵਲ ਸੁਹਾਇਆ ਸੀ।
ਕਾਲਾ ਸਿੰਘ ਮਸਤਾਨੇ ਸੀ ਜਮਾਂ ਹੋਏ
ਜਿਨਾਂ ਕੋਟਲੇ ਸੀਸ ਝੜਾਇਆ ਸੀ॥੧੩੭॥

ਗੁਰੂ ਜੀ ਨੇ ਹੁਕਮ ਦੇ ਕੇ ਭੋਗ ਪਾ ਦੇਣੇ ਤੇ ਸੰਗਤ ਨੇ ਵਿਦਾ ਹੋ ਜਾਣਾ

ਸੱਦ ਲਾਂਗਰੀ ਗੁਰੂ ਜੀ ਹੁਕਮ ਦਿੰਦੇ
ਲੱਗੇ ਦੇਗ ਪ੍ਰਸ਼ਾਦ ਸਜਾਨ ਵਾਰੀ।
ਪਾਠ ਸੈਂਕੜੇ ਦਾ ਹੈਸੀ ਭੋਗ ਪਉਣਾ
ਹੁਕਮ ਮੰਨਕੇ ਲੱਗੇ ਪਕਾਨ ਵਾਰੀ।
ਸਤਿਗੁਰ ਆਖਦੇ ਰਾਮਸਰ ਜਾਏ ਲਾਵੋ
ਸਿੰਘੋ ਚਾਨਣੀ ਤੇ ਛਾਏ ਵਾਨ ਵਾਰੀ।
ਹੁਕਮ ਮੰਨ ਸਤਰੰਜ ਬਛਾਏ ਸਾਰੇ
ਪਾਣੀ ਨਾਲ ਛੜਕਾਏ ਕਰਵਾਨ ਵਾਰੀ।
ਝੱਟ ਪਾਠੀਆਂ ਗੁਰੂ ਗਰੰਥ ਆਂਦ
ਇਕੋ ਵਾਰ ਪ੍ਰਸਾਦਿ ਕਰਾਨ ਵਾਰੀ।
ਸਾਧ ਸੰਤ ਸੰਗਤ ਉਪਰ ਆਨ ਬੈਠੇ
ਰਾਗੀ ਸੱਦਕੇ ਲਓਣ ਦੀਵਾਨ ਵਾਰੀ।
ਗੁਰੂ ਤਾਬਿਆ ਸੀ ਪ੍ਰਸਾਦਿ ਆਂਦਾ
ਪਾਠੀ ਲੱਗ ਗਏ ਭੋਗ ਪਾਨਵਾਰੀ।
ਸਾਰੇ ਉਠ ਦੀਵਾਨ ਅਰਦਾਸ ਕੀਤੀ
ਵਾਹਿਗੁਰੂ ਦੀ ਫਤੇ ਗਜਾਨ ਵਾਰੀ।
ਹੁਕਮ ਕਰੇ ਪੂਰੇ ਬਾਰਾਂ ਗੁਰਾਂ ਵਾਲੇ
ਦੇਗ ਵਿੱਚ ਦੀਵਾਨ ਬਰਤਾਨ ਵਾਰੀ।

Namdhari Elibrary NamdhariElibrary@gmail.com

ਫੇਰ ਪੰਗਤਾਂ ਸਿੰਘ ਲਗਾਏ ਦਿੰਦੇ
ਗੱਫੇ ਲਾਂਗਰੀ ਸਿੰਘ ਛਕਾਨ ਵਾਰੀ।
ਆਕੇ ਮੰਗ ਦੇ ਨੇ ਖੁਸ਼ੀ ਗੁਰਾਂ ਕੋਲੋਂ
ਸਤਿਗੁਰ ਖੁਸ਼ੀ ਦੇ ਨਾਲ ਫਰਮਾਨ ਵਾਰੀ।
ਥੋਨੂੰ ਖੁਸ਼ੀ ਅਕਾਲ ਦੇ ਵਲੋਂ ਭਾਈ
ਹੁਕਮ ਮੰਨਕੇ ਘਰਾਂ ਨੂੰ ਜਾਨ ਵਾਰੀ।
ਆਪੋ ਆਪਣੇ ਰਸਤਿਆਂ ਸਿੰਘ ਪੈ ਗਏ
ਸਤਿ ਸ੍ਰੀਅਕਾਲ ਗਜਾਨ ਵਾਰੀ।
ਕਾਲਾ ਸਿੰਘ ਸੰਗਰਾਂਦ ਦੇ ਭੋਗ ਪਾਏ
ਮੇਲਾ ਆਖਰੀ ਗੁਰੂ ਕਰਾਨ ਵਾਰੀ॥੧੩੮॥
ਚੌਦਾਂ ਸਿੰਘ ਨੇ ਸੂਰਮੇਂ ਪਾਸ ਗੁਰ ਦੇ
ਬੰਨ੍ਹ ਆਏ ਨੇ ਹੰਸ ਜਿਉਂ ਡਾਰ ਵਾਰੀ।
ਬਾਰਾਂ ਨਾਭੇ ਦੇ ਜਿਲੇ ਦੇ ਸਿੰਘ ਆਏ
ਤੇਈ ਜਿਲੇ ਪਟਿਆਲੇ ਉਚਾਰ ਵਾਰੀ।
ਛੀ ਜੀਂਦ ਛੀਏ ਜਿਲੇ ਕੋਟਲੇਦੇ
ਲੁਦਿਹਾਣੇ ਅਠਾਰਾਂ ਦੀ ਲਾਰ ਵਾਰੀ।
ਛੀਏ ਸਿੰਘ ਫੀਰੋਜਪੁਰ ਜਿਲੇ ਦੇ ਸੇ
ਸਤੱਰ ਇਕ ਉਪਰ ਗਿਣਤੀ ਦਾਰ ਵਾਰੀ।
ਹੱਥ ਜੋੜ ਚੌਦਾਂ ਸਿੰਘ ਖੜੇ ਹੋਏ
ਜਿਵੇਂ ਚੰਦ ਨੂੰ ਪਿਆ ਪਰਵਾਰ ਵਾਰੀ।
ਚਿੱਟੀ ਸਾਫ ਪੁਸ਼ਾਕ ਤੇ ਉੱਨ੍ਹ ਮਾਲਾ
ਸਿਧੀ ਸਜੇ ਸਣੀ ਦਸਤਾਰ ਵਾਰੀ।
ਗੜਵੇ ਡੋਰੀਆਂ ਨਾਲ ਗਲਾਸ ਸਜਦੇ
ਕਮਰ ਕਸੇ ਪਊਏ ਸਾਰੀ ਕਾਰ ਵਾਰੀ।
ਹੱਥੀਂ ਫੜੇ ਸਲੋਤਰ ਖਾਲਸੇ ਨੇ
ਕਾਲਾ ਸਿੰਘ ਆ ਕਰਨ ਪੁਕਾਰ ਵਾਰੀ॥੧੩੯॥

Namdhari Elibrary NamdhariElibrary@gmail.com

## ਸਿੰਘਾਂ ਨੇ ਅਰਜ ਕਰਨੀ ਸਤਿਗੁਰਾਂ ਪਾਸ ਪਿਹਲੀ ਵਾਰ

ਹੀਰਾ ਸਿੰਘ ਲਹਿਣਾ ਸਿੰਘ ਹੋਏ ਮੂਹਿਰੇ
ਸੀਸ ਚਰਨਾਂ ਦੇ ਉੱਤੇ ਟਕਾਇਓ ਜੀ।
ਪਿੱਛੇ ਆਪ ਹੋਕੇ ਮੂੰਹੋਂ ਅਰਜ ਕੀਤੀ
ਹੱਥ ਜੋੜ ਕੇ ਬਚਨ ਸੁਣਾਇਓ ਜੀ।
ਹੋਵੇ ਹੁਕਮ ਤੇਰਾ ਤੁਰਕ ਦਫਨ ਕਰੀਏ
ਇਨ੍ਹਾਂ ਹਿੰਦ ਦਾ ਧਰਮ ਗਵਾਇਓ ਜੀ।
ਗਊ ਘਾਤ ਹੋਵੇ ਸ਼ਹਿਰ ਕੋਟਲੇ ਜੀ
ਸਾਡਾ ਜ਼ਾਲਮਾਂ ਚਿਤ ਸਤਾਇਓ ਜੀ।
ਕਾਲਾ ਸਿੰਘ ਸਾਨੂੰ ਤੁਸੀ ਹੁਕਮ ਦੇਵੋ
ਸੰਤ ਖਾਲਸੇ ਆਖ ਸੁਣਾਇਓ ਜੀ ॥੧੪੦॥

### ਸਤਿਗੁਰਾਂ ਨੇ ਸਿੰਘਾਂ ਨੂੰ ਮਨਾ ਕਰਨਾ

ਸਤਿਗੁਰ ਆਖਦੇ ਸੁਣੋਂ ਪਿਆਰਿਓ ਜੀ
ਮੇਰਾ ਤੁਸੀ ਹੋ ਰੂਪ ਸਰੀਰ ਵਾਰੀ।
ਜੇੜੇ ਕਰਨ ਸੋਈ ਭਰਨ ਖਾਲਸਾ ਜੀ
ਤੁਸੀ ਕਰੋ ਥੋੜੀ ਜੇਹੀ ਧੀਰ ਵਾਰੀ।
ਗਊ ਘਾਤ ਕਰਨੋਂ ਤੁਰਕ ਹਟਣ ਆਪੇ
ਤੁਸੀ ਨਾਮ ਜਪਕੇ ਬਣੋਂ ਪੀਰ ਵਾਰੀ।
ਜਦੋਂ ਰੱਬ ਤੁਰਕਾਂ ਤਾਂਈ ਨਜ਼ਰ ਆਵੇ
ਮਿਲਣ ਤੁਸਾਂ ਨੂੰ ਆਣ ਅਖੀਰ ਵਾਰੀ।
ਮੁਰਗੀ ਬੱਕਰਾ ਗਾਏਂ ਨਾ ਸੂਰ ਮਾਰੋ
ਸਾਡੇ ਹੁਕਮ ਦੀ ਇਹੋ ਤਦਬੀਰ ਵਾਰੀ।
ਗੁਰੂ ਵਿਚ ਗਰੰਥ ਦੇ ਹੁਕਮ ਦਿਤਾ
ਛੁਰੀ ਭੰਨ ਸਦਨਾ ਬਣਿਆਂ ਪੀਰ ਵਾਰੀ।
ਹੁਕਮ ਅਸਾਂ ਦਾ ਨਾਮ ਤੇ ਦਾਨ ਕਰਨਾ
ਰਹਿਤ ਰੱਖਣੀ ਹੋਇ ਪੰਖੀਰ ਵਾਰੀ।

Namdhari Elibrary NamdhariElibrary@gmail.com

ਸੁਚ ਸੋਧ ਦਾ ਜਲ ਪ੍ਰਸ਼ਾਦਿ ਛਕਣਾ
ਪੀਣਾ ਨਹੀਂ ਕੁਸੰਗੀ ਦਾ ਨੀਰ ਵਾਰੀ।
ਚੋਰੀ ਯਾਰੀ ਤੇ ਝੂਠ ਨਾ ਬੋਲਣਾ ਜੇ
ਚੱਕੇ ਕਿਸੇ ਦਾ ਨਾਹਿ ਕਸੀਰ ਵਾਰੀ।
ਹੁਕਮ ਦਸਾਂ ਅਕਾਲ ਦੇ ਵਲੋਂ ਆਂਦਾ
ਸਾਨੂੰ ਉਹਨਾਂ ਦੇ ਜਾਣ ਬਜੀਰ ਵਾਰੀ।
ਜੀਵ ਰੱਛਿਆ ਦਾ ਧੁਰੋਂ ਹੁਕਮ ਸਾਨੂੰ
ਨਹੀਂ ਭੁਲਕੇ ਮਾਰਨਾ ਚੀਰ ਵਾਰੀ।
ਕਾਲਾ ਸਿੰਘ ਏਹੋ ਮੇਰਾ ਹੁਕਮ ਭਾਈ
ਤੁਸੀ ਮੰਨ ਲੈਣਾਂ ਮੇਰੇ ਬੀਰ ਵਾਰੀ ॥੧੪੧॥

### ਸਿੰਘਾਂ ਨੇ ਅਰਜ ਕਰਨੀ ਸਤਿਗੁਰਾਂ ਪਾਸ ਦੂਜੀ ਵਾਰ

ਵਾਰ ਵਾਰ ਹੈ ਬੇਨਤੀ ਆਜਜਾਂ ਦੀ
ਖੁਸ਼ੀ ਹੋਇਕੇ ਹੁਕਮ ਸੁਣਾਇਆ ਸਾਨੂੰ।
ਗੋਲਾ ਦਾਰੂ ਦਾ ਸਿੱਟਕੇ ਕੰਨ ਥਾਂਣੀ
ਦਿਤੀ ਅਗ ਅਗੰਮ ਤੇ ਲਾਇ ਸਾਨੂੰ।
ਜਨਮ ਕਰਮ ਦੇ ਵਿਛੜੇ ਮੇਲ ਦਿਤੇ
ਚਾਰ ਅਖਰ ਦਾ ਸਬਦ ਸੁਣਾਇ ਸਾਨੂੰ।
ਕਾਲਾ ਸਿੰਘ ਏ ਬੇਨਤੀ ਆਜਜਾਂ ਦੀ
ਦੇਵੋ ਹੁਕਮ ਨਾ ਡੇਰ ਲਗਾਇ ਸਾਨੂੰ ॥੧੪੨॥

### ਸਤਿਗੁਰਾਂ ਨੇ ਸਿੰਘਾਂ ਨੂੰ ਮਨੇ ਕਰਨਾ

ਸਤਿਗੁਰ ਆਖਦੇ ਤੁਸੀ ਹੋ ਰੂਪ ਮੇਰਾ
ਥੋਨੂੰ ਕੀਤਾ ਮੈਂ ਆਪ ਸਮਾਨ ਵਾਰੀ।
ਕਰੋ ਭਜਨ ਕਰਤਾਰ ਦਾ ਦਿਨੇ ਰਾਤੀਂ
ਸਾਰੇ ਮਿਲਣ ਜਾਲਮ ਥੋਨੂੰ ਆਨ ਵਾਰੀ।
ਜਦੋਂ ਰੱਬ ਨੂੰ ਲੈਣ ਪਛਾਣ ਸਾਰੇ
ਮਾਰਨ ਕਦੇ ਨਾ ਜੀਵ ਦੀ ਜਾਨ ਵਾਰੀ।

Namdhari Elibrary NamdhariElibrary@gmail.com

ਦੇਖੋ ਭਗਤ ਕਬੀਰ ਫਰੀਦ ਜੀ ਨੂੰ
ਬਾਣੀ ਪੜ੍ਹੋ ਦੇਕੇ ਜਰਾ ਧਿਆਨ ਵਾਰੀ।
ਮੀਆਂ ਮੀਰ ਮਰਦਾਨਾ ਭੀ ਸਿੰਘ ਗੁਰ ਕੇ
ਮਨੀ ਗਨੀ ਖਾਂ ਸੇ ਮੁਸਲਮਾਨ ਵਾਰੀ।
ਸੇਵਕ ਸਤਿਗੁਰਾਂ ਦੇ ਮੁਸਲਮਾਨ ਬਹੁਤੇ
ਬਹਾਦਰ ਸ਼ਾਹਿ ਨੇ ਜੇਹੇ ਪਠਾਨ ਵਾਰੀ।
ਸਤਿ ਧਰਮ ਦਿੜਾਇਕੇ ਤਾਰ ਦੇਵੇ
ਹਿੰਦੂ ਮਿਲੇ ਕੋਈ ਮੁਸਲਮਾਨ ਵਾਰੀ।
ਕਈਆਂ ਮੁਸਲਮਾਨਾਂ ਭਜਨ ਪੁਛ ਸਾਤੇ
ਮਿਲੇ ਖਾਲਸੇ ਵਿਚ ਨੇ ਆਨ ਵਾਰੀ।
ਕਾਲਾ ਸਿੰਘ ਏ ਬਚਨ ਨਾ ਭੁਲ ਕਰਨਾ
ਕਰੋ ਭਜਨ ਕਰਤਾਰ ਨੂੰ ਜਾਨ ਵਾਰੀ॥ ੧੪੩॥

ਸਿੰਘਾਂ ਨੇ ਅਰਜ ਕਰਨੀ ਸਤਿਗੁਰਾਂ ਪਾਸ ਵਾਰ ਤੀਜੀ

ਹਥ ਜੋੜਕੇ ਸਿੰਘਾਂ ਨੇ ਅਰਜ ਕੀਤੀ
ਕਰੀਂ ਅਸਾਂ ਦੇ ਵਲ ਖਿਆਲ ਗੁਰ ਜੀ।
ਦੀਨਾਨਾਥ ਕਰੋ ਦਯਾ ਮੇਹਰ ਸਾਤੇ
ਉਪਰ ਅਸਾਂ ਦੇ ਹੋਈਂ ਦਿਆਲ ਗੁਰ ਜੀ।
ਅਸੀਂ ਖਬਰ ਲੈਣੀ ਇੱਨਾਂ ਬੁਚੜਾਂ ਦੀ
ਕਰੋ ਹੁਕਮ ਦਈਏ ਪੱਟ ਡਾਲ ਗੁਰ ਜੀ।
ਝੰਡਾ ਧਰਮ ਵਾਲਾ ਝੁੱਲੇ ਦੇਸ਼ ਅੰਦਰ
ਹੋਵੇ ਬੁੱਚੜਾਂ ਦੀ ਜੜ ਗਾਲ ਗੁਰ ਜੀ।
ਤੇਰਾ ਪੰਥ ਤੂੰ ਬਿਰਦ ਦੀ ਲਾਜ ਰੱਖੀਂ
ਰਾਖਾ ਆਪ ਤੂੰ ਗੁਰੂ ਅਕਾਲ ਗੁਰ ਜੀ।
ਦੇਕੇ ਪਿੱਠ ਨਾ ਨੱਠੀਏ ਬੁੱਚੜਾਂ ਤੇ
ਮਰੀਏ ਸਾਮਣੇ ਹੋਇ ਨਿਹਾਲ ਗੁਰ ਜੀ।
ਸਿੱਖ ਧ੍ਰਮ ਦੇ ਵਿਚ ਸ਼ਹੀਦ ਹੋਈਏ
ਸਿਦਕ ਬਖਸ਼ਿਓ ਹੋਇ ਨਿਹਾਲ ਗੁਰ ਜੀ।

ਅਸੀਂ ਮਾਰਕੇ ਹੈ ਮਰਨਾ ਬੁੱਚੜਾਂ ਨੂੰ
ਹੁਕਮ ਦੇਓ ਨਾ ਕੀਜੀਏ ਟਾਲ ਗੁਰ ਜੀ।
ਕਾਲਾ ਸਿੰਘ ਨਾ ਅਸਾਂ ਨੇ ਮੂਲ ਮੁੜਨਾਂ
ਭਾਂਵੇ ਕਹੋ ਨਾਂ ਕਹੋ ਦਿਆਲ ਗੁਰ ਜੀ ॥੧੪੪॥

ਵਾਕ ਕਵੀ

ਤੀਜੀ ਅਰਜ ਜਾਂ ਕਰੀ ਮਸਤਾਨਿਆਂ ਨੇ
ਗੁਰਾਂ ਝੱਟ ਏ ਕੰਮ ਕਰਾਇਆ ਹੈ।
ਲੱਖਾ ਸਿੰਘ ਸੂਬਾ ਤੁਰਤ ਸੱਦਕੇ ਤੇ
ਗੁਰਾਂ ਆਪਣੇ ਪਾਸ ਬਠਾਇਆ ਹੈ।
ਲੁੱਧਿਹਾਣੇ ਤੂੰ ਦਈ ਤਲਾਹਿ ਜਾਕੇ
ਸ੍ਰੀ ਆਪ ਮੁਖਵਾਕ ਅਲਾਇਆ ਹੈ।
ਚੌਦਾਂ ਸਿੰਘ ਕਹਿਣਾਂ ਸਾਡਾ ਨਹੀਂ ਮੰਨਦੇ
ਜਾਵਣ ਕੋਟਲੇ ਨੂੰ ਫਰਮਾਇਆ ਹੈ।
ਅਸੀ ਜੋਰ ਹਟੌਣ ਨੂੰ ਲਾਇ ਚੁਕੇ
ਸਾਤੋਂ ਹਟੇ ਨਾ ਆਖ ਸੁਣਾਇਆ ਹੈ।
ਬੰਦੋਬਸਤ ਨਿਆਂ ਕਾਰ ਸਰਕਾਰ ਕਰਨੀ
ਲੱਖਾ ਸਿੰਘ ਨੂੰ ਆਪ ਸਮਝਾਇਆ ਹੈ।
ਤੁਸੀਂ ਓਹਨਾਂ ਦੀ ਲੈਣੀ ਹੈ ਸਾਰ ਛੇਤੀ
ਲੱਖਾ ਸਿੰਘ ਨੂੰ ਗੁਰਾਂ ਦੁੜਾਇਆ ਹੈ।
ਬਾਬਾ ਪਹੁਚਿਆ ਸੀ ਤੁਰਤ ਲੁਦਿਹਾਣੇ
ਪਿੱਛੋਂ ਖਾਲਸੇ ਨੇ ਚਾਲਾ ਪਾਇਆ ਹੈ।
ਲੱਖਾ ਸਿੰਘ ਜੀ ਹਾਲ ਹਵਾਲ ਸਾਰਾ
ਵਿੱਚ ਜਾਇ ਸਰਕਾਰ ਸੁਣਾਇਆ ਹੈ।
ਲਖਾ ਸਿੰਘ ਜੀ ਰਹਿ ਗਿਆ ਲੁਦਿਹਾਣੇ
ਭੈਣੀ ਸਾਹਿਬ ਮੁੜਕੇ ਨਹੀ ਆਇਆ ਹੈ।
ਸਤਿਗੁਰ ਉਠ ਖੜੇ ਓਸੇ ਬਖਤ ਅੰਦਰ
ਝਿੜਕ ਸਿੰਘਾਂ ਨੂੰ ਪਰੇ ਹਟਾਇਆ ਹੈ।

Namdhari Elibrary NamdhariElibrary@gmail.com

ਜਦੋਂ ਹੁਕਮ ਮਸਤਾਨਿਆਂ ਮੰਨਿਆਂ ਨਾਂ
ਦਿਲੋਂ ਗੁਰਾਂ ਨੇ ਬੁਰਾ ਮਨਾਇਆ ਹੈ।
ਕਿਸੇ ਨਾਲ ਨਾ ਗੁਰੂ ਜੀ ਬਚਨ ਕੀਤਾ
ਫਾਟਕ ਵਾਰ ਦਾ ਬੰਦ ਕਰਾਇਆ ਹੈ।
ਅੰਦਰ ਜਾਏ ਬੜੇ ਵਿਚ ਕੋਠੜੀ ਦੇ
ਚੁਪ ਚਾਪ ਧਿਆਨ ਲਗਾਇਆ ਹੈ।
ਕੱਠੇ ਹੋਏ ਮਸਤਾਨਿਆਂ ਸਾਰਿਆਂ ਨੇ
ਇਕੋ ਵਾਰ ਹੈ ਸੀ ਰੌਲਾ ਪਾਇਆ ਹੈ।
ਭਵਕਾਂ ਛੱਡੀਆਂ ਜਦੋ ਮਸਤਾਨਿਆਂ ਨੇ
ਮਾਨੋ ਤਵਕ ਜਮੀਨ ਹਲਾਇਆ ਹੈ।
ਕਾਲਾ ਸਿੰਘ ਹੈ ਸਾਰਿਆਂ ਕੱਠ ਕਰਕੇ
ਸਤਿ ਸ੍ਰੀ ਅਕਾਲ ਗਜਾਇਆ ਹੈ ॥੧੪੫॥

### ਸਿੰਘਾਂ ਨੇ ਅਰਦਾਸਾ ਕਰਨਾ ਬਾਰਾਂ ਗੁਰੂਆਂ ਅਗੇ ਹੱਥ ਜੋੜਕੇ

ਹੱਥ ਜੋੜਕੇ ਸਿੰਘ ਅਰਦਾਸ ਕਰਦੇ
ਸੱਚੇ ਪਾਤਸ਼ਾਹਿ ਪੰਥ ਦਾ ਅੰਗ ਰੱਖੀਂ।
ਤੇਰੇ ਆਸਰੇ ਹੈ ਕਮਰ ਕਸਾ ਕੀਤਾ
ਸਾਡੀ ਲੱਜਿਆ ਵਿਚ ਤੂੰ ਜੰਗ ਰਖੀਂ।
ਨਾਨਕ ਗੁਰੂ ਅੰਗਦ ਅਮਰ ਦਾਸ ਗੁਰ ਜੀ
ਰਾਮਦਾਸ ਨਿਗਾ ਸਾਡੇ ਸੰਗ ਰਖੀਂ।
ਅਰਜਨ ਗੁਰੂ ਹਰਗੋਬਿਦ ਹਰਰਾਏ ਗੁਰਜੀ
ਗਊ ਘਾਤੀਆਂ ਨੂੰ ਸਦਾ ਤੰਗ ਰੱਖੀਂ।
ਹਰ ਕ੍ਰਿਸ਼ਨ ਨੌਮੇਂ ਗੁਰੂ ਆਪ ਜੇਹਾ
ਸਾਨੂੰ ਸਿਦਕ ਬਖਸ਼ੀਂ ਸਾਡੀ ਮੰਗ ਰੱਖੀਂ।
ਦਸਵੇਂ ਪਾਤਸ਼ਾਹਿ ਕਲਗੀਆਂ ਵਾਲਿਆ ਜੀ
ਪੰਥ ਆਪਣੇ ਦਾ ਅੰਗ-ਸੰਗ ਰਖੀਂ।
ਬਾਲਕ ਸਿੰਘ ਬਾਬਾ ਗੁਰੂ ਰਾਮ ਸਿੰਘ ਜੀ
ਆਪ ਅਸਾਂ ਦੀ ਪਤ ਪਰਤੰਗ ਰੱਖੀਂ।

Namdhari Elibrary NamdhariElibrary@gmail.com

ਗੁਰੂ ਗ੍ਰੰਥ ਤੇ ਪੰਥ ਦੇ ਪਿਆਰਿਓ ਜੀ
ਸਾਨੂੰ ਚਾੜਕੇ ਤੇ ਗੂੜਾ ਰੰਗ ਰੱਖੀਂ।
ਫਤੇ ਸਿੰਘ ਜੋਰਾਵਰ ਸਿੰਘ ਬਾਬਾ
ਅਜੀਤ ਸਿੰਘ ਜੁਝਾਰ ਸਿੰਘ ਸੰਗ ਰੱਖੀਂ।
ਜੇੜਾ ਸਿਦਕ ਦਿਤਾ ਥੋਨੂੰ ਪਿਤਾ ਗੁਰ ਨੇ
ਸਾਨੂੰ ਸਿਦਕ ਉਹਨਾਂ ਪਾਸੋਂ ਮੰਗ ਰਖੀਂ।
ਕੇਸਾਂ ਨਾਲ ਸਾਸਾਂ ਬਾਬਾ ਨਿਭੇ ਸਾਡੇ
ਜਿਵੇਂ ਵਿਚ ਸਰੰਦ ਪਰਤੰਗ ਰੱਖੀਂ।
ਤੇਰਾ ਖਾਲਸਾ ਕੋਟਲੇ ਵਿਚ ਗਜੇ
ਗਊ ਘਾਤੀਆਂ ਨੂੰ ਗੁਰੂ ਨੰਗ ਰਖੀਂ।
ਜਤੀ ਸਤੀ ਗੁਰੂ ਤੇਰਾ ਪੰਥ ਹੋਵੇ
ਸਦਾ ਕੁਦਦਾ ਮਾਂਗੁ ਤੁਰੰਗ ਰਖੀਂ।
ਰਿਧ ਸਿਧ ਬਖਸ਼ੀਂ ਸਦਾ ਖਾਲਸੇ ਨੂੰ
ਘਰ ਪਾਪੀਆਂ ਭੁਜਦੀ ਭੰਗ ਰਖੀਂ।
ਅਸੀਂ ਧਰਮ ਦੇ ਜੰਗ ਤੇ ਚੜ੍ਹਨ ਲਗੇ
ਸਚੇ ਪਾਤਸ਼ਾਹਿ ਸਾਡਾ ਤੂੰ ਸੰਗ ਰਖੀਂ।
ਗੱਜੇ ਖਾਲਸਾ ਵੀ ਤੇਰਾ ਸ਼ੇਰ ਮਾਂਗੂ
ਪਾਪੀ ਜਾਲਮਾਂ ਦੀ ਭੰਨੀ ਟੰਗ ਰਖੀਂ।
ਵਿਚ ਕੋਟਲੇ ਧਰਮ ਦਾ ਜੁਧ ਹੋਵੇ
ਦੇਖ ਕੁਲ ਜਹਾਨ ਨੂੰ ਦੰਗ ਰਖੀਂ।
ਹੋਕੇ ਸਾਮਣੇ ਲੜਨ ਨਾ ਖਾਲਸੇ ਦੇ
ਭੜਨ ਕਾਕੜੇ ਚਾੜ ਤੁਰੰਗ ਰਖੀਂ।
ਲੈਣਾ ਰਾਜ ਤੇ ਭਾਗ ਨਾ ਮਾਲ ਕੋਈ
ਧਰਮ ਜੁਧ ਦਾ ਤੂੰ ਸੋਣਾ ਰੰਗ ਰੱਖੀਂ।
ਕਾਲਾ ਸਿੰਘ ਦੋਵੇਂ ਹੱਥ ਜੋੜ ਆਖਣ
ਸਚੇ ਪਾਤਸ਼ਾਹਿ ਤੂੰ ਅੰਗ ਸੰਗ ਰਖੀਂ॥ ੧੪੬।

Namdhari Elibrary NamdhariElibrary@gmail.com

## ਸਿਘਾਂ ਨੇ ਪ੍ਰਸਾਦਿ ਛਕਕੇ ਕੋਟਲੇ ਨੂੰ ਜਾਣਾ ਡੇਰਾ ਰੱਬੋਂ ਪਿੰਡ ਕਰਨਾ

ਗਫੇ ਛਕੇ ਅਰਦਾਸ ਕਰ ਤਿਆਰ ਹੋਏ
ਲਿਆ ਆਸਰਾ ਰੱਖ ਕਰਤਾਰ ਉੱਤੇ।
ਕਮਰਾਂ ਕਸੀਆਂ ਨਾਮ ਲੈ ਵਾਹਿਗੁਰੂ ਦਾ
ਜੋਰ ਪਾਲਿਆ ਫਤੇ ਉਚਾਰ ਉੱਤੇ।
ਹਮਰੇਦੁਸ਼ਟ ਸਭੇ ਤੁਮ ਆਪ ਘਾਵੋ
ਲਗੇ ਸ਼ਬਦ ਪੜ੍ਹਨੇ ਵਾਰ ਵਾਰ ਉਤੇ।
ਤੁਰਨ ਲੱਗਿਆਂ ਇਕ ਲਕੀਰ ਖਿਚੀ
ਖੜ ਗਏ ਸੋ ਏਸ ਕਰਾਰ ਉਤੇ।
ਜਿਨਾਂ ਜਿੰਦ ਦੇਣੀ ਹੋਵਣ ਇਕ ਪਾਸੇ
ਦੂਜਾ ਲੰਘੇ ਨਾਂ ਜੇ ਸਾਡੀ ਕਾਰ ਉਤੇ।
ਜਿੰਨਾਂ ਬੋਲੀਆਂ ਬੋਲ ਦੀ ਲਈ ਸਿਖੀ
ਸਾਥ ਛੱਡ ਗਏ ਏਸ ਵਿਚਾਰ ਉਤੇ।
ਸਿਧੇ ਕੋਟਲੇ ਨੂੰ ਕਹਤ੍ਰ ਸਿੰਘ ਹੋਏ
ਰੱਬੋਂ ਪਿੰਡ ਪਹੁੰਚੇ ਸੋਮਵਾਰ ਉਤੇ।
ਓਸ ਪਿੰਡ ਦੇ ਨਾਲ ਸ਼ਹੀਦ ਸਾਥੀ
ਇਕੋ ਰਾਤ ਕੱਟੀ ਆਖਰ ਕਾਰ ਉਤੇ।
ਅਗਲੇ ਰੋਜ ਸਿੰਘਾਂ ਪ੍ਰਸਾਦਿ ਕੀਤਾ
ਗਫੇ ਆਖਰੀ ਛਕੇ ਵਿਚਾਰ ਉਤੇ।
ਕਾਲਾ ਸਿੰਘ ਨੁਖੁਟਿਆ ਅੰਨ ਪਾਣੀ
ਅਗੋ ਆਸ ਰਖੀ ਕਰਨਹਾਰ ਉਤੇ॥੧੪੭॥

### ਸਿਘਾਂ ਨੇ ਸਸਤ੍ਰ ਲੈਂਣੇ ਨੂੰ ਮਲੌਦ ਜਾਣਾ

ਲੀੜਾ ਕਪੜਾ ਵਾਫਰੀ ਚੀਜ ਸਾਰੀ
ਸਿਟੀ ਖਾਲਸੇ ਨੇ ਇਕੋ ਵਾਰ ਭਾਈ।
ਏਥੋਂ ਸੋਧ ਅਰਦਾਸ ਤਿਆਰ ਹੋਏ
ਕੀਤੀ ਚਿਤ ਦੇ ਵਿਚ ਵਿਚਾਰ ਭਾਈ।

ਸ਼ਸਤ੍ਰ ਲਈਏ ਮਲੌਂਦ ਸਰਦਾਰ ਪਾਸੋਂ
ਸੇਲਾ ਨੇਜਾ ਜੇ ਕੋਈ ਤਲਵਾਰ ਭਾਈ।
ਮੰਗਲ ਵਾਰ ਮਲੌਂਦ ਦੇ ਵਿਚ ਆਏ
ਦਸ ਬਜੇ ਦਾ ਬਖਤ ਉਚਾਰ ਭਾਈ।
ਖਬਰ ਨਹੀ ਲਗੀਂ ਕਿਸੇ ਆਦਮੀ ਨੂੰ
ਸਿੰਘ ਹੋਇ ਹਾਜਰ ਇਕੇ ਵਾਰ ਭਾਈ।
ਡੇਰਾ ਲਾਏ ਨਜ਼ੀਕ ਸਲਾਹਿ ਕੀਤੀ
ਸ਼ਸਤ੍ਰ ਲੈਣ ਦੀ ਕਰੀ ਵਿਚਾਰ ਭਾਈ।
ਸਿੰਘ ਪੰਦਰਾਂ ਸਾਥ ਸੀ ਇਕ ਮਾਈ
ਆਏ ਚੱਲ ਸਰਦਾਰ ਦੇ ਵਾਰ ਭਾਈ।
ਹੱਥ ਜੋੜ ਬੁਲਾਈ ਸੀ ਫਤੇ ਸਿੰਘਾਂ
ਹੋਇਆ ਦੇਖ ਸਰਦਾਰ ਲਚਾਰ ਭਾਈ।
ਸਿੰਘਾਂ ਆਖਿਆ ਡਰੋਂ ਨਾਂ ਡਰੋਂ ਭਾਈ
ਸਾਡੀ ਅਰਜ ਸੁਣ ਲੈ ਨਾਲ ਪਿਆਰ ਭਾਈ।
ਓਸ ਆਖਿਆ ਦੱਸੋ ਖਾਂ ਖਾਲਸਾ ਜੀ
ਸਿੰਘਾਂ ਆਖਿਆ ਦਈਂ ਹਥਿਆਰ ਭਾਈ।
ਅਸੀਂ ਧਰਮ ਦੇ ਜੰਗ ਦਾ ਕੰਮ ਕਰਨਾ
ਬੁਚੜ ਕੋਟਲੇ ਦੇ ਦੇਣੇਂ ਮਾਰ ਭਾਈ।
ਗਊ ਘਾਤ ਕਰਦੇ ਜੇੜ੍ਹੇ ਹੈਨ ਪਾਪੀ
ਅਸੀਂ ਉਹਨਾਂ ਦੀ ਲੈਂਣੀ ਹੈ ਸਾਰ ਭਾਈ।
ਅਗੋਂ ਮੋੜ ਸਰਦਾਰ ਜਵਾਬ ਦਿਤਾ
ਦੇਵਾਂ ਕਦੇ ਨਾਂ ਮੈਂ ਹਥਿਆਰ ਭਾਈ।
ਸਿੰਘ ਕਹਿਣ ਨਾਂ ਖਾਲੀ ਤੂੰ ਮੋੜ ਸਾਨੂੰ
ਸਿੰਘ ਗੁਰੂ ਦਾ ਵਡਾ ਸਰਦਾਰ ਭਾਈ।
ਦੂਜਾ ਮੋੜ ਸਰਦਾਰ ਜੁਵਾਬ ਦਿੰਦਾ
ਕਰੇ ਸਿੰਘਾਂ ਦੇ ਨਾਲ ਕਰਾਰ ਭਾਈ।
ਇਕ ਰੋਕ ਆਕੇ ਮੁਸਲਮਾਨ ਕੀਤੀ
ਦਿੰਦਾ ਸਿੰਘਾਂ ਨੂੰ ਝਿੜਕ ਹਜਾਰ ਭਾਈ।

Namdhari Elibrary NamdhariElibrary@gmail.com

ਸਿੰਘਾਂ ਆਖਿਆ ਜਾਣਾ ਨਾ ਤੁਰਕ ਪਾਵੇ
ਸਾਡਾ ਲਗਦਾ ਨਹੀਂ ਹੈ ਯਾਰ ਭਾਈ।
ਪਹਿਲੇ ਉਸ ਦੀ ਭੇਟ ਤਲਵਾਰ ਕੀਤੀ
ਲਿਆ ਖਾਲਸੇ ਸ਼ਰਤ ਅਪਾਰ ਭਾਈ।
ਪਿਆ ਦਹਿਲ ਸਰਦਾਰ ਵੀ ਨਠ ਗਿਆ
ਬੰਦ ਕੋਠੜੀ ਦਾ ਕੀਤਾ ਵਾਰ ਭਾਈ।
ਸਿੰਘਾਂ ਆਪਣੇ ਆਪ ਹਥਿਆਰ ਚੁਕੇ
ਤੇਗਾਂ ਹਥ ਆਈਆਂ ਦਸ ਚਾਰ ਭਾਈ।
ਘੋੜਾ ਇਕ ਲੀਤਾ ਹੀਰਾ ਸਿੰਘ ਜੀ ਨੇ
ਪਿਛੋਂ ਕਿਹਾ ਸੀ ਆਪ ਪੁਕਾਰ ਭਾਈ।
ਚਲੇ ਆਓ ਨਾਂ ਛੇੜਿਓ ਕਿਸੇ ਤਾਂਈ
ਸਾਰੇ ਮੀਤ ਨੇ ਆਪਣੇ ਜ਼ਾਰ ਭਾਈ।
ਨੰਦ ਸਿੰਘ ਪਤੀ ਮਾਈ ਇੰਦ ਕੌਰ ਦਾ
ਹਿੰਦੂ ਲੋਕਾਂ ਨੇ ਕੀਤਾ ਸੀ ਪਾਰ ਭਾਈ।
ਸੋਈ ਸਿੰਘਾਂ ਨੇ ਮਾਰਿਆ ਤੁਰਕ ਇਕੋ
ਇਕੋ ਸਿੰਘ ਦਿੰਦੇ ਹਿੰਦੂ ਮਾਰ ਭਾਈ।
ਨਹੀਂ ਚਕਿਆ ਖੋਹਿ ਖਸੋਟ ਕੀਤੀ
ਨਾ ਕੋਈ ਚੀਜ ਕੀਤੀ ਅੰਗੀਕਾਰ ਭਾਈ।
ਨੰਦ ਸਿੰਘ ਦਾ ਪਤਾ ਨਾ ਖਾਲਸੇ ਨੂੰ
ਸਾਰੇ ਰਾਹਿ ਪੈ ਗਏ ਇਕੇ ਵਾਰ ਭਾਈ।
ਕਾਲਾ ਸਿੰਘ ਆਕੇ ਜੂਹ ਕੋਟਲੇ ਦੀ
ਹੰਸ ਉਤਰੇ ਬੰਨਕੇ ਡਾਰ ਭਾਈ॥੧੪੯॥

### ਸਿੰਘਾਂ ਨੇ ਕੋਟਲੇ ਵਿਚ ਵੜਕੇ ਕਸਾਈਆਂ ਤੇ ਅਹਿਲਕਾਰਾਂ ਨੂੰ ਭਾਲਣਾ

ਸਤ ਕੋਸ ਮਲੌਦ ਤੇ ਕੋਟਲਾ ਸੀ
ਸ਼ਹਿਰੋਂ ਮੀਲ ਬਾਹਰ ਡੇਰਾ ਲਾਂਵਦੇ ਨੇ।
ਸ਼ਹਿਰ ਖਬਰ ਹੋਈ ਆਇਆ ਖਾਲਸਾ ਜੀ
ਬੰਦ ਸਾਰੇ ਦਰਬਾਜੇ ਕਰਾਂਵਦੇ ਨੇ।

Namdhari Elibrary NamdhariElibrary@gmail.com

ਸਿੰਘ ਕਿਸੇ ਨੂੰ ਕੁਝ ਨਾ ਕਹਿਣ ਮੂੰਹੋਂ
ਵਾਹਿਗੁਰੂ ਦਾ ਨਾਮ ਧਿਆਂਵਦੇ ਨੇ।
ਹੀਰਾ ਸਿੰਘ ਨੇ ਆਖਿਆ ਖਾਲਸੇ ਨੂੰ
ਉੱਚੀ ਸਾਰਿਆਂ ਵਿਚ ਸੁਣਾਂਵਦੇ ਨੇ।
ਪੈਸੇ ਟਕੇ ਨਾ ਚੀਜ ਨੂੰ ਹਥ ਲੌਣਾਂ
ਗਊ ਸੂਰ ਸਮਾਨ ਅਲਾਂਵਦੇ ਨੇ।
ਮੁਸਲਮਾਨ ਨਾਂ ਹਿੰਦੂ ਨੂੰ ਛੇੜਨਾ ਜੇ
ਨਾਲ ਪਿਆਰ ਦੇ ਪਰੇ ਹਟਾਂਵਦੇ ਨੇ।
ਬੁਚੜ ਮਿਲੇ ਤਲਵਾਰ ਤਾਂ ਭੇਟ ਕਰਨੀ
ਏਹੋ ਆਪਣਾ ਹੁਕਮ ਸੁਣਾਂਵਦੇ ਨੇ।
ਛੀ ਬਜੇ ਸੋ ਰਾਤ ਨੂੰ ਆਣ ਬੈਠੇ
ਬਾਰਾਂ ਬਜ ਕੇ ਚਾਰ ਬਜਾਂਵਦੇ ਨੇ।
ਢਾਬ ਵਾਲੇ ਦਰਵਾਜੇ ਸੀ ਕੰਧ ਢਠੀ
ਓਥੋਂ ਲੰਘ ਸ਼ਹਿਰ ਅੰਦਰ ਆਂਵਦੇ ਨੇ।
ਸੁਤੇ ਪਏ ਹੱਲਾ ਕੀਤਾ ਖਾਲਸੇ ਨੇ
ਇਕੇ ਵਾਰ ਆ ਸ਼ੋਰ ਮਚਾਂਵਦੇ ਨੇ।
ਗਲੀ ਬੁਚੜਾਂ ਦੀ ਰਹੀ ਲਾਗ ਪਾਸੇ
ਸਿੰਘ ਭੁਲਕੇ ਤੇ ਗੇੜੇ ਖਾਂਵਦੇਨੇ।
ਗਾਲਾਂ ਪੰਥ ਤੇ ਗੁਰੂ ਨੂੰ ਦਿਤੀਆਂ ਸੀ
ਸਿੰਘ ਕੁਟੇ ਦਾ ਜੋਸ਼ ਭੜਾਂਵਦੇ ਨੇ।
ਚੋਰ ਮਾਰਾਂ ਦਾ ਕੂਚਾ ਨਾ ਲਭਿਆ ਸੀ
ਜਿਥੇ ਗਊਆਂ ਨੂੰ ਮਾਰ ਖਪਾਂਵਦੇ ਨੇ।
ਫਿਰ ਭਾਲਦੇ ਕਾਜੀ ਨਾ ਮਿਲੇ ਬੁਚੜ
ਅਹਿਲਕਾਰ ਭੀ ਨਜ਼ਰ ਨਾਂ ਆਂਵਦੇ ਨੇ।
ਕਈ ਦੇਖਕੇ ਸਿੰਘਾਂ ਨੂੰ ਪਾਣ ਰੌਲਾ
ਕਈ ਚੋਰ ਹੀ ਚੋਰ ਅਲਾਂਵਦੇ ਨੇ।
ਕਈ ਤੁਰਕ ਹਿੰਦੂ ਗਲ ਪੈਣ ਆਕੇ
ਸਿੰਘ ਉਹਨਾਂ ਦੇ ਤਾਂਈਂ ਸਮਝਾਂਵਦੇ ਨੇ।

Namdhari Elibrary NamdhariElibrary@gmail.com

ਥੋੜੇ ਨਾਲ ਨਾਂ ਅਸਾਂ ਦੀ ਰਾਰ ਭਾਈ
ਸਾਡੇ ਨਾਲ ਕਿਉਂ ਬਾਧਾ ਬਧਾਂਵਦੇ ਨੇ।
ਉਹਨਾਂ ਸੁਣਿਆ ਨਾਂ ਸਮਝਿਆ ਕੁਝ ਅਗੋਂ
ਚਾਣਚਕ ਆ ਛੇੜ ਛੜਾਂਵਦੇ ਨੇ।
ਪਹਿਲੇ ਮਾਰੀਆਂ ਨੇ ਚੋਟਾਂ ਖਾਲਸੇ ਦੇ
ਫੇਰ ਸਿੰਘ ਭੀ ਝਬਟ ਚਲਾਂਵਦੇ ਨੇ।
ਕਈ ਸਿੰਘ ਕੀਤੇ ਘੈਲ ਹਿੰਦੂਆਂ ਨੇ
ਫਟੜ ਕਈ ਓਥੇ ਹੋ ਜਾਂਵਦੇ ਨੇ।
ਡਾਂਗ ਸੋਟਾ ਕੁਹਾੜੀ ਜੋ ਹਥ ਲਗੀ
ਹਿੰਦੂ ਤੁਰਕ ਆ ਸਿੰਘਾਂ ਦੇ ਲਾਂਵਦੇ ਨੇ।
ਸਿੰਘਾਂ ਕਿਸੇ ਨੂੰ ਹਥ ਨਾ ਚਕਿਆ ਸੀ
ਸਟਾਂ ਤੁਰੇ ਫਿਰਦੇ ਖਾਈ ਜਾਂਵਦੇ ਨੇ।
ਕਾਲਾ ਸਿੰਘ ਰੌਲਾ ਹੋਰੇ ਹੋਰ ਪਉਂਦੇ
ਸਿੰਘ ਉਹਨਾਂ ਨੂੰ ਪਰਾਂ ਹਟਾਂਵਦੇ ਨੇ ॥੧੪੯॥

### ਸਿੰਘਾਂ ਨੇ ਹਿਦੂਆਂ ਤੇ ਮੁਸਲਮਾਨਾਂ ਨੂੰ ਆਖਣਾ
### ਥੋਡਾ ਤੇ ਸਾਡਾ ਰੌਲਾ ਨਹੀਂ ਹੈ

ਸਿੰਘ ਕਿਸੇ ਨੂੰ ਲੌਣ ਨਾਂ ਹਥ ਪਹਿਲੇ
ਝੂਲੇ ਫਿਰਦੇ ਸੇ ਵਿਚ ਮਹਲ ਦੇ ਜੀ।
ਰੌਲਾ ਪੌਣ ਹਿੰਦੂ ਮੁਸਲਮਾਨ ਸਾਰੇ
ਸਿੰਘ ਆਖਦੇ ਕਿਉਂ ਨਹੀਂ ਟਲਦੇ ਜੀ।
ਸਾਡੀ ਤੁਸਾਂ ਦੇ ਨਾਲ ਨਾਂ ਖਾਰ ਕੋਈ
ਸਾਡੇ ਮਗਰ ਲਗੇ ਕੇੜੀ ਗਲਦੇ ਜੀ।
ਉਹਨਾਂ ਆਖਿਆ ਵੜੇ ਕਿਉ ਸ਼ਹਿਰ ਸਾਡੇ
ਅਸੀ ਕਢ ਦੇਣੇ ਵਿਚ ਪਲਦੇ ਜੀ।
ਏਨੀ ਸੁਣੀ ਹੱਲਾ ਕੀਤਾ ਖਾਲਸੇ ਨੇ
ਹਿੰਦੂ ਤੁਰਕ ਹੋ ਪਤਰੇ ਚੱਲਦੇ ਜੀ।

Namdhari Elibrary NamdhariElibrary@gmail.com

ਸੇਲਾ ਨੇਜਾ ਤਲਵਾਰ ਨਾ ਮਾਰਨੀ ਜੇ
ਹੀਰਾ ਸਿੰਘ ਏ ਹੁਕਮ ਨੇ ਘੱਲਦੇ ਜੀ।
ਐਵੇਂ ਪਰੇ ਹਟਾ ਦਿਓ ਮੂਰਖਾਂ ਨੂੰ
ਦੇਵੋ ਦਮਕ ਨਾ ਧਮਕ ਨੂੰ ਝੱਲਦੇ ਜੀ।
ਚੱਲੇ ਆਓ ਨਾਂ ਮਿਲੇ ਨੇ ਦੁਸ਼ਟ ਪਾਪੀ
ਹੋਰ ਹੈਨ ਮਿਤ੍ਰ ਅੱਜਕਲ ਦੇ ਜੀ।
ਕਈ ਸੋਟੜੇ ਮਾਰ ਬੀਮਾਰ ਕੀਤੇ
ਪਕੜੇ ਕਈਆਂ ਨੂੰ ਸਿੰਘ ਧਘੱਲ ਦੇ ਜੀ।
ਕਈ ਦਹਿਲ ਮਾਰੇ ਭਜ ਨਠ ਗਏ
ਨਹੀਂ ਖਾਲਸੇ ਦਾ ਤੇਜ ਝੱਲਦੇ ਜੀ।
ਕਿਸੇ ਪਾਸ ਸੋਹੀ ਸਫਾ ਜੰਗ ਚੱਕਰ
ਨਹੀਂ ਮਾਰਦੇ ਖੜੇ ਨੇ ਟੱਲਦੇ ਜੀ।
ਕੋਈ ਡੋਲ ਉਭਾਰਦਾ ਚਕ ਐਵੇਂ
ਜਿਵੇਂ ਮਖੀਆਂ ਨੂੰ ਦੂਰ ਝੱਲਦੇ ਜੀ।
ਬਾਮਣ ਖਤ੍ਰੀ ਬਾਣੀਆਂ ਮਾਰ ਇਟਾਂ
ਪਟ ਸਿਟੇ ਬਨੇਰ ਮਹੱਲ ਦੇ ਜੀ।
ਬੰਦੇ ਦੋਇ ਮਾਰੇ ਰੁੱਧੇ ਖਾਲਸੇ ਨੇ
ਫੇਰ ਵਾਹਰਿ ਸ਼ਹਿਰੋ ਸਿੰਘ ਚਲਦੇ ਜੀ।
ਘੰਟੇ ਦੋਇ ਰੌਲਾ ਰਿਹਾ ਸ਼ਹਿਰ ਅੰਦਰ
ਮਗਰ ਫੌਜ ਪਠਾਣ ਨੇ ਘੱਲਦੇ ਜੀ ॥੧੫੦॥

ਵਾਕ ਕਵੀ

ਫੇਰ ਕਰੀ ਸਲਾਹਿ ਤਿਆਰ ਹੋਏ
ਸਾਂਮਾਂ ਫੌਜ ਦਾ ਖੂਬ ਸੁਮਾਰਿਆ ਹੈ।
ਮਗਰ ਗਏ ਜਾਂ ਖਾਲਸਾ ਵਾਹਿਰ ਆਯਾ
ਵਾਂਗ ਨਕਲੀਆਂ ਦੇ ਵੇਸ਼ ਧਾਰਿਆ ਹੈ।
ਇਕ ਤੁਰਕ ਸੁਮੁੰਦ ਖਾਂ ਨਾਮ ਹੈ ਸੀ
ਓਸ ਖਾਲਸੇ ਤਾਈਂ ਵੰਗਾਰਿਆ ਹੈ।

Namdhari Elibrary NamdhariElibrary@gmail.com

ਜਾਣਾ ਪਾਵੇ ਨਾਂ ਸਿੰਘ ਜੋ ਹੈ ਕੋਈ
ਓਸ ਮੁਖ ਦੇ ਵਿਚੋਂ ਉਚਾਰਿਆ ਹੈ।
ਹੀਰਾ ਸਿੰਘ ਆਕੇ ਪਿਆ ਸ਼ੇਰ ਮਾਂਗੂੰ
ਇਕ ਪਲਕ ਅੰਦਰ ਤੁਰਕ ਮਾਰਿਆ ਹੈ।
ਧੜ ਦੋਇ ਤਲਵਾਰ ਦੇ ਨਾਲ ਕੀਤੇ
ਝੱਟ ਓਸਦਾ ਕੰਮ ਸੁਮਾਰਿਆ ਹੈ।
ਇੱਕੇ ਵਾਰ ਮੁੜੇ ਸਾਰੇ ਤੁਰਕ ਓਥੋਂ
ਪੈਰ ਪਿਛਾਂ ਨੂੰ ਸਰਬ ਪਸਾਰਿਆ ਹੈ।
ਚੂੰਗਾਂ ਵਾਲਾ ਨਰੈਣ ਸਿੰਘ ਰਿਹਾ ਓਥੇ
ਅਖੋਂ ਹੀਣ ਬੈਕੁੰਠ ਸਧਾਰਿਆ ਹੈ।
ਤਿੰਨ ਤੁਰਕ ਮਾਰੇ ਇਕ ਸਿੰਘ ਮਰਿਆ
ਨਹੀਂ ਬਾਵਰੀ ਕੰਮ ਖਲਾਰਿਆ ਹੈ।
ਸਿੰਘ ਚਲੇ ਆਏ ਰੜ ਪਿੰਡ ਛੇਤੀ
ਅੱਠ ਬਜੇ ਦਾ ਬਖਤ ਬਿਚਾਰਿਆ ਹੈ।
ਪਿਆ ਦਹਿਲ ਭਾਰੀ ਓਥੇ ਹਿੰਦੂਆਂ ਨੂੰ
ਉਹਨਾਂ ਪਾਪੀਆਂ ਪਾਪ ਪਸਾਰਿਆ ਹੈ।
ਛੀਏ ਕੋਸ ਰੜ ਤੇ ਸ਼ਹਿਰ ਕੋਟਲਾ ਸੀ
ਬੁਧਵਾਰ ਦਾ ਰੋਜ ਉਚਾਰਿਆ ਹੈ।
ਕਾਲਾ ਸਿੰਘ ਨਾਂ ਲਿਖਣ ਨੂੰ ਚਿਤ ਕਰਦਾ
ਲਿਖਣਾ ਪਿਆ ਜੋ ਗੁਰੂ ਦਿਖਾਰਿਆ ਹੈ ॥ ੧੫੧ ॥

ਵਾਕ ਕਵੀ

ਸਾਢੇ ਤਿੰਨ ਬੀਹਾਂ ਹੈਸੀ ਸਿੰਘ ਸਾਰਾ
ਲੁਟਣ ਖੋਹਣ ਦੀ ਨੀਤ ਨਾਂ ਧਾਰਦੇ ਸੇ।
ਚੀਜ ਚਕਣੀ ਨੂੰ ਮਹਾਂ ਪਾਪ ਸਮਝਣ
ਗਊ ਸੂਰ ਦਾ ਲਫਜ਼ ਪੁਕਾਰਦੇ ਸੇ।
ਚੋਰੀ ਯਾਰੀ ਸੀ ਗੁਰਾਂ ਨੇ ਮਨਾ ਕੀਤੀ
ਭੈਣ ਸਾਕ ਸਮਝੇ ਦੂਜੀ ਨਾਰਦੇ ਸੇ।

Namdhari Elibrary NamdhariElibrary@gmail.com

ਕੀਤੇ ਘਰਾਂ ਜ਼ਮੀਨਾਂ ਦੇ ਖਰੇ ਸੌਦੇ
ਪਾਏ ਭੋਗ ਲੇਖੇ ਕਰਨਹਾਰਦੇ ਸੇ।
ਜੇਵਰ ਟੂੰਬ ਭਾਂਡੇ ਲੀੜੇ ਕਪੜੇ ਜੋ
ਸੰਦ ਹੋਰ ਜਿਨੇ ਘਰ ਵਾਰਦੇ ਸੇ।
ਸਾਰੇ ਗੁਰੂ ਦੇ ਅਰਥ ਲਗਾਏ ਦਿਤੇ
ਲੇਖ ਵਿਚ ਕੀਤੇ ਪਰਵਦਗਾਰਦੇ ਸੇ।
ਚੀਜ ਦੂਸਰੇ ਦੀ ਕਾਨੂੰ ਛੇੜਦੇ ਸੇ
ਸਿਖ ਬਣੇਂ ਜੇੜੇ ਨਿਰੰਕਾਰਦੇ ਸੇ।
ਪਹਿਲੇ ਵਿਚ ਮਲੌਦ ਦੇ ਵੜੇ ਜਾਕੇ
ਟੁਕੜੇ ਲਏ ਚੌਂਦਾਂ ਤਲਵਾਰਦੇ ਸੇ।
ਚੀਜ ਹੋਰ ਨਾ ਕਿਸੇ ਨੂੰ ਹੱਥ ਲਾਇਆ
ਕਿਲੇ ਵੜੇ ਭਾਵੇਂ ਸਰਦਾਰਦੇ ਸੇ।
ਇਕੋ ਚਿੰਬੜਿਆ ਸੀ ਮੁਸਲਮਾਨ ਆਕੇ
ਤਾਂਹੀ ਓਸਨੂੰ ਮਾਰ ਬਡਾਰਦੇ ਸੇ।
ਹੋਰ ਤੁਰਕ ਹਿੰਦੂ ਕੋਈ ਮਾਰਿਆ ਨਾਂ
ਦਫਤ੍ਰ ਦੇਖ ਲੈਣੇ ਸਰਕਾਰਦੇ ਸੇ।
ਏਥੋਂ ਗਏ ਪਿਛੋਂ ਸ਼ਹਿਰ ਕੋਟਲੇ ਨੂੰ
ਉਥੇ ਲੁਟਣਾ ਚਿਤ ਨਾਂ ਧਾਰਦੇ ਸੇ।
ਮਾਰੇ ਤਿੰਨ ਬੰਦੇ ਜੇੜੇ ਚਿੰਬੜੇ ਜੋ
ਹੋਵੇ ਦੂਰ ਤੇ ਦੂਰ ਪੁਕਾਰਦੇ ਸੇ।
ਚਕੀ ਚੀਜ ਨਾਂ ਕਿਸੇ ਦੀ ਭੁੱਲ ਕੇ ਤੇ
ਥੁਕ ਮਾਇਆ ਦੇ ਉਤੋਂ ਦੀ ਡਾਰਦੇ ਸੇ।
ਹਿੰਦੂ ਤੁਰਕ ਨੂੰ ਆਖ ਦੇ ਪਰੇ ਹੋਵੋ
ਨੇੜੇ ਆਵੇ ਨਾ ਸਿੰਘਾਂ ਦੀ ਡਾਰਦੇ ਸੇ।
ਇਟਾਂ ਮਾਰੀਆਂ ਬਾਮਣਾਂ ਬਾਣੀਆਂ ਨੇ
ਜੇੜੇ ਗਊ ਨੂੰ ਇਸ਼ਟ ਪੁਕਾਰਦੇ ਸੇ।
ਕਾਹਨੂੰ ਐਸੀਆਂ ਜਾਤਾਂ ਤੇ ਮਾਰ ਖਾਂਦੇ
ਜੇਕਰ ਆਪ ਉਹਨਾਂ ਤਾਂਈ ਮਾਰਦੇ ਸੇ।

Namdhari Elibrary NamdhariElibrary@gmail.com

ਜੀਵ ਰਛਕਾਂ ਦੀ ਰਛਪਾਲ ਕਰਦੇ
ਮੁਖੋਂ ਵਾਹਿਗੁਰੂ ਨਾਮ ਉਚਾਰਦੇ ਸੇ।
ਕਾਲਾ ਸਿੰਘ ਸੁਣਨਾ ਤੁਸੀਂ ਖਾਲਸਾ ਜੀ
ਹਿਦੂ ਕਿਸਤ੍ਹਾਂ ਨਾਲ ਗੁਜਾਰਦੇ ਸੇ ॥੧੫੨॥

ਜੈਮਲ ਜਟ ਰੜ ਪਿੰਡ ਦੇ ਨੇ ਸ਼ੇਰ ਪੁਰ ਪਿੰਡ ਦੇ ਠਾਣੇ ਦਾਰ ਨੂੰ ਲੈ ਕੇ ਔਣਾ

ਸਿੰਘਾਂ ਕਰੇ ਇਸ਼ਨਾਨ ਤੇ ਪੜ੍ਹੀ ਬਾਣੀ
ਲੱਗੇ ਪਾਪ ਦਾ ਕਰਨ ਪਸਾਰ ਹਿੰਦੂ।
ਰੜ ਪਿੰਡ ਦਾ ਸੀ ਜੈਮਲ ਜੱਟ ਨਾਮੇ
ਬਣਿਆ ਫਿਰੇ ਓ ਆਪ ਸਰਦਾਰ ਹਿੰਦੂ।
ਜਿਵੇਂ ਨਾਲ ਕੀਤੀ ਸਾਹਿਬਜ਼ਾਦਿਆਂ ਦੇ
ਗੰਗੂ ਮਾਂਗ ਕਰਦਾ ਸੋਈ ਕਾਰ ਹਿੰਦੂ।
ਜਾਂਨੀ ਮਾਂਨੀ ਨੂੰ ਜਿਸਤਰਾਂ ਸਾਰ ਦਿਤੀ
ਏਹੋ ਕਰੂਗਾ ਸਾਰਾ ਵਿਹਾਰ ਹਿੰਦੂ।
ਦਮੜਾ ਦੋਇ ਸੌ ਲਵੇ ਅਨਾਮ ਜਾਕੇ
ਕਰੇ ਆਪਣੇ ਆਪ ਦੀ ਹਾਰ ਹਿੰਦੂ।
ਏਥੇ ਸਿੰਘਾਂ ਦੀ ਸੇਵਾ ਨੂੰ ਲੋਕ ਲਾਏ ਸੱਟੀ
ਕਰਨ ਟਕੋਰ ਸ਼ੁਮਾਰ ਹਿੰਦੂ।
ਸਿੰਘ ਚਲੇ ਨਾਂ ਜਾਣ ਲੌ ਰੱਖ ਏਥੇ
ਏਹੋ ਠਾਣ ਦਾ ਚਿਤ ਵਿਚਾਰ ਹਿੰਦੂ।
ਘੋੜੀ ਉਪਰ ਚੜ੍ਹਕੇ ਸ਼ੇਰਪੁਰੇ ਪਹੁੰਚਾ
ਓਥੋਂ ਨਾਲ ਆਂਦਾ ਠਾਣੇਦਾਰ ਹਿੰਦੂ।
ਗਾਲ ਪਾਲ ਜੇਹੜਾ ਉਹਨਾਂ ਗੁੰਦਣਾਂ ਸੀ
ਸੋਈ ਗੁੰਦ ਬੈਠਾ ਇਕੇਵਾਰ ਹਿੰਦੂ।
ਉੱਤਮ ਨਾਮ ਹੈਸੀ ਮੰਡੀ ਵੱਡੀ ਦਾ ਜੋ
ਜੱਟ ਜਾਤ ਦਾ ਲਈਂ ਵਿਚਾਰ ਹਿੰਦੂ।
ਮਿਠਾ ਬੋਲਕੇ ਚਿਤ ਚੁਰਾਉਣ ਲਗਾ
ਕਰੇ ਖਾਲਸੇ ਨਾਲ ਪਿਆਰ ਹਿੰਦੂ।

Namdhari Elibrary NamdhariElibrary@gmail.com

ਉੱਤਮ ਨਾਲ ਜੈਮਲ ਦੋਏ ਰਲੇ ਕਠੇ
ਸੁਚਾ ਨੰਦ ਵਾਂਗੂੰ ਕਰਦੇ ਕਾਰ ਹਿੰਦੂ।
ਕਾਲਾ ਸਿੰਘ ਉਪਰ ਹੇਠ ਕਰਨ ਗਲਾਂ
ਬੀਜਣ ਪਾਪ ਦਾ ਬੀਜ ਖਲਾਰ ਹਿੰਦੂ ॥ ੧੫੩ ॥

ਜੈਮਲ ਤੇ ਉੱਤਮ ਨੇ ਕਸਮਾਂ ਖਾ ਕੇ ਸਿੰਘਾਂ ਨੂੰ ਸ਼ੇਰਪੁਰ ਲੈ ਜਾਣਾ

ਸਿੰਘ ਪੜਨ ਬਾਂਣੀ ਬੈਠੇ ਨਾਮ ਜਪਦੇ
ਉੱਤਮ ਕਰੀ ਜੈਮਲ ਨਮਸਕਾਰ ਭਾਈ।
ਬੈਠ ਗਏ ਪਿਆਰ ਦੇ ਨਾਲ ਆਖਣ
ਦੇਕੇ ਦਰਸ ਅਸੀ ਦਿਤੇ ਤਾਰ ਭਾਈ।
ਬੇ ਚਿੰਤ ਹੋਕੇ ਤੁਸੀਂ ਪੜੋ ਬਾਣੀ
ਸਾਨੂੰ ਦਿਤੇ ਨੇ ਜਿਨੇ ਹਥਿਆਰ ਭਾਈ।
ਮਦਤ ਅਸੀ ਕਰੀਏ ਸਾਰੀ ਖਾਲਸੇ ਦੀ
ਸ਼ੇਰਪੁਰੇ ਚਲੋ ਇਕੇਵਾਰ ਭਾਈ।
ਤੁਸੀ ਕਰੀ ਚੰਗੀ ਬੁਚੜ ਗਏ ਮਾਰਨ
ਸਾਤੋਂ ਹੋਰ ਵੀ ਲਵੋ ਹਥਿਆਰ ਭਾਈ।
ਸਿੰਘ ਕਹਿਣ ਅਤਵਾਰ ਨਾਂ ਹਿੰਦੂਆਂ ਦਾ
ਝੂਠ ਬੋਲਦੇ ਗਪੇ ਗਵਾਰ ਭਾਈ।
ਉਹਨਾਂ ਆਖਿਆ ਗੁਰੂ ਗਰੰਥ ਜਾਮਨ
ਅਸਾਂ ਤੁਸਾਂ ਨੂੰ ਜੋ ਕਰੇ ਪਾਰ ਭਾਈ।
ਦਸੇ ਗੁਰੂ ਹਾਜ਼ਰ-ਨਾਜ਼ਰ ਵਿਚ ਜਾਣੋਂ
ਥੋਡੇ ਸਾਡੇ ਦਰਮਿਆਨ ਕਰਤਾਰ ਭਾਈ।
ਸੇਰਪੁਰੇ ਚਲੋ ਸੇਵਾ ਅਸੀ ਕਰੀਏ
ਮੱਦਤ ਦੇਵਾਂਗੇ ਸੀਸ ਨੂੰ ਧਾਰ ਭਾਈ।
ਫੱਟੜ ਗਡਿਆਂ ਉੱਤੇ ਬਠਾਏ ਲੀਤੇ
ਹੋਰ ਤੁਰੇ ਪੈਰੀਂ ਇਕੇ ਵਾਰ ਭਾਈ।
ਬੁਧਵਾਰ ਰੜ ਤੇ ਸ਼ੇਰ ਪੁਰੇ ਆਏ
ਪੈਂਡਾ ਸਮਝ ਲੈਣਾਂ ਕੋਸ ਚਾਰ ਭਾਈ।

Namdhari Elibrary NamdhariElibrary@gmail.com

ਡੇਰਾ ਖਾਲਸੇ ਦਾ ਕਰਵਾਇ ਦਿਤਾ
ਬੰਦ ਕਰੇ ਦਰਵਾਜੇ ਵਿਚਾਰ ਭਾਈ।
ਕਾਲਾ ਸਿੰਘ ਏ ਪੁਲਸ ਸਲਾਹ ਕਰਦੀ
ਕਠੇ ਆਣ ਹੋਈ ਇਕੇ ਵਾਰ ਭਾਈ॥੧੫੪॥

ਠਾਣੇਦਾਰ ਨੇ ਸਿੰਘਾਂ ਨੂੰ ਸ਼ਬਦ ਪੜਨ ਲੌਣਾਂ ਹੌਸਲਾ ਦੇਕੇ

ਉੱਤਮ ਆਣ ਜੈਮਲ ਪਾਸ ਖਾਲਸੇ ਦੇ
ਹਥ ਜੋੜਕੇ ਬਚਨ ਸੁਨਾਣ ਲਗੇ।
ਕੋਈ ਕਹੋ ਸੇਵਾ ਸਾਨੂੰ ਖਾਲਸਾ ਜੀ
ਅਸੀ ਦਾਸ ਸੇਵਾ ਵਿਚ ਆਨ ਲਗੇ।
ਖੁਫੀਆ ਆਖ ਦਿਤਾ ਸਾਰੀ ਪੁਲਸ ਤਾਂਈ
ਭਾਲਣ ਬੇੜੀਆਂ ਕਰਨ ਸੁਮਾਨ ਲਗੇ।
ਸਿੰਘਾਂ ਆਖਿਆ ਅਸੀ ਅਨੰਦ ਭਾਈ
ਸਾਨੂੰ ਲੋੜ ਨਾਂ ਆਪ ਫਰਮਾਨ ਲਗੇ।
ਇਨਾਂ ਆਖਿਆ ਸ਼ਬਦ ਸੁਣਾਓ ਸਾਨੂੰ
ਸਿੰਘ ਪੜਨ ਓ ਸੁਨਣ ਸੁਨਾਨ ਲਗੇ।
ਸਤ ਬਜੇ ਦਾ ਰਾਤ ਦਾ ਵਕਤ ਹੋਇਆ
ਪੁਲਸ ਆਪਦੀ ਨੇ ਫਾਹੀ ਪਾਨ ਲਗੇ।
ਆਖਣ ਕਰੋ ਲੰਗਰ ਤੁਸੀ ਖਾਲਸਾ ਜੀ
ਮਿਠਾ ਬੋਲਕੇ ਚਿਤ ਚੁਰਾਉਂਨ ਲਗੇ।
ਪੰਜ ਸਿੰਘ ਬੁਲਾਏ ਲੌਣ ਬੇੜੀ
ਪੰਜ ਅੰਦਰੋਂ ਹੋਰ ਬੁਲਾਨ ਲਗੇ।
ਏਸੇਤੌਰ ਲਾਈ ਬੇੜੀ ਸਾਰਿਆਂ ਦੇ
ਕਰਕੇ ਕੰਮ ਏ ਸ਼ੁਕਰ ਮਨਾਨ ਲਗੇ।
ਪਏ ਰਾਤ ਨੂੰ ਜਿੰਦਰੇ ਮਾਰ ਸਾਰੇ
ਨਾਲ ਖੁਸ਼ੀ ਦੇ ਰੈਨ ਬਿਹਾਨ ਲਗੇ।
ਸ਼ਬਦ ਨਾਲ ਹੋਇਆ ਮਸਤ ਖਾਲਸਾ ਜੀ
ਫਤੇ ਗਜ ਕੇ ਮੂੰਹੋਂ ਗਜਾਨ ਲਗੇ।

Namdhari Elibrary NamdhariElibrary@gmail.com

ਕਾਲਾ ਸਿੰਘ ਬਤੀਤ ਜਾਂ ਰਾਤ ਹੋਈ
ਦਿਨ ਚੜੇ ਸਾਰੇ ਨੇੜੇ ਆਨ ਲਗੇ ॥੧੫੫॥

ਸਿੰਘਾਂ ਨੂੰ ਗੱਡਿਆਂ ਉੱਤੇ ਚਾੜਕੇ ਮਲਰ ਕੋਟਲੇ ਨੂੰ ਲੈ ਜਾਣਾ।

ਗੱਡੇ ਕਰੇ ਤਿਆਰ ਸੋ ਪਿੰਡ ਵਿਚੋਂ
ਉਤੇ ਸਿੰਘਾਂ ਨੂੰ ਆਖ ਬਠਾਵੰਦੇ ਜੀ।
ਦਸ ਕੋਸ ਸੀ ਕੋਟਲਾ ਸ਼ੇਰਪੁਰ ਤੇ
ਵੀਰ ਵਾਰ ਦਾ ਰੋਜ ਅਲਾਵੰਦੇ ਜੀ।
ਸੋਮ ਵਾਰ ਰੱਬੋਂ ਖਾਧਾ ਅੰਨ ਪਾਣੀ
ਪੰਜ ਰੋਜ ਕੁਝ ਨਾ ਮੁਖ ਪਾਵੰਦੇ ਜੀ।
ਰਾਹਿ ਤੁਰੇ ਗੱਡੇ ਔਣ ਕੋਟਲੇ ਨੂੰ
ਸਿੰਘ ਸ਼ਬਦ ਉੱਚੀ ਸੁਰੀਂ ਗਾਵੰਦੇ ਜੀ।
ਜਿਵੇਂ ਸਾਹਿਬਜਾਦੇ ਸਰਹੰਦ ਆਏ
ਸਾਰਾ ਓਹੋ ਸਮਾਨ ਬਣਾਵੰਦੇ ਜੀ।
ਲੋਕ ਦੇਖ ਕੇ ਭੇ ਅੱਗੇ ਹੋਇ ਪਿੱਛੇ
ਕਈ ਦੇਖ ਤਮਾਸ਼ੇ ਨੂੰ ਆਵੰਦੇ ਜੀ।
ਪਾਸ ਕੋਟਲੇ ਪਿੰਡ ਜੁਮਾਲਪੁਰ ਹੈ
ਗਡੇ ਕੱਲਰ ਦੇ ਵਿੱਚ ਖੜਾਵੰਦੇ ਜੀ।
ਖੜੇ ਜਾ ਬੈਕੁੰਠ ਦੇ ਵਾਰ ਅੱਗੇ
ਨਜਰ ਸਾਰਿਆਂ ਦੇ ਤਾਂਈ ਆਵੰਦੇ ਜੀ।
ਘੜੀ ਰਹਿਣ ਦੀ ਨਹੀਂ ਅਮੇਦ ਕੋਈ
ਕਾਲ ਹੋਰੀਆਂ ਬੰਡੀਆਂ ਪਾਵੰਦੇ ਜੀ।
ਦਿੱਤੀ ਖਬਰ ਰਿਆਸਤਾਂ ਸਾਰੀਆਂ ਨੂੰ
ਘੰਟੇ ਇੱਕ ਅੰਦਰ ਸਾਰੇ ਆਵੰਦੇ ਜੀ।
ਨਾਲ ਪਲਟਣਾਂ ਤੇ ਸਾਰੇ ਤਪਖਾਨੇ
ਛੇਤੀ ਆਏ ਨਾ ਡੇਰ ਲਗਾਵੰਦੇ ਜੀ।
ਨਾਭੇ ਜੀਂਦ ਪਟਿਆਲੇ ਫਰੀਦ ਕੋਟੋਂ
ਤੋਪ ਕੋਟਲੇ ਵਾਲੀ ਮੰਗਾਂਵੰਦੇ ਜੀ।

Namdhari Elibrary NamdhariElibrary@gmail.com

ਪੰਜ ਏਹ ਤੋਪਾਂ ਦੋ ਹੋਰ ਲਈਆਂ
ਸੱਤਾਂ ਤੋਪਾਂ ਦਾ ਜੋੜ ਜੁੜਾਂਵਦੇ ਜੀ।
ਲੁਦਿਹਾਣੇ ਤੇ ਆਪ ਸਰਕਾਰ ਆਈ
ਅਹਿਲਕਾਰ ਰਿਆਸਤੋਂ ਧਾਂਵਦੇ ਜੀ।
ਸਿੰਘ ਪਹੁੰਚ ਗਏ ਬਾਰਾਂ ਬਜੇ ਉਥੇ
ਇਕ ਬਜੇ ਸਾਰੇ ਜੁੜ ਜਾਂਵਦੇ ਜੀ।
ਕਾਲਾ ਸਿੰਘ ਸਰਕਾਰ ਹੈ ਹੁਕਮ ਦਿੰਦੀ
ਛੇਤੀ ਤੋਪਾਂ ਦਾ ਫੈਲ ਕਰਾਵੰਦੇ ਜੀ॥ ੧੫੬॥

ਭਾਈ ਹੀਰਾ ਸਿੰਘ ਜੀ ਨੇ ਫੌਜਾਂ ਨੂੰ ਉਪਦੇਸ਼ ਕਰਨਾਂ

ਹੀਰਾ ਸਿੰਘ ਆਖੇ ਸਬਦ ਪੜੋ ਭਾਈ
ਸੁਰਾਂ ਉਚੀਆਂ ਨਾਲ ਉਚਾਰ ਸਿੰਘੋ।
ਫੌਜ ਨਾਭੇ ਪਟਿਆਲੇ ਦੀ ਵੱਲ ਦੇਖਣ
ਆਖਣ ਉਹਨਾਂ ਨੂੰ ਜੇਹਾ ਕਾਂ ਮਾਰ ਸਿੰਘੋ।
ਤੁਸੀ ਰੰਗ ਬਟਾਏ ਕਿਉਂ ਖਾਲਸਾ ਜੀ
ਸਾਰੇ ਦਿਸਦੇ ਹੋ ਸਰਦਾਰ ਸਿੰਘੋ।
ਤੋਪਾਂ ਚੱਕ ਆਏ ਸਾਡੇ ਮਾਰਨੇ ਨੂੰ
ਕਰੋ ਸਮਝ ਖਾਂ ਚਿੱਤ ਵਿਚਾਰ ਸਿੰਘੋ।
ਤੁਸੀਂ ਆਪ ਜੇ ਸਿੰਘ ਸਦਾਵੰਦੇ ਹੋ
ਅਸੀਂ ਕੀ ਹਾਂ ਕਹੋ ਪੁਕਾਰ ਸਿੰਘੋ।
ਸਾਡੇ ਉਪਰ ਨਾਂ ਤੁਸਾਂ ਦੀ ਤੋਪ ਚੱਲੂ
ਸਾਰੇ ਦੇਖਿਓ ਨਿਗਾ ਪਸਾਰ ਸਿੰਘੋ।
ਸਾਨੂੰ ਆਕੇ ਸਤਿਗੁਰੂ ਹੁਕਮ ਦੇਵੇ
ਤਾਂਹੀ ਤੋਪ ਵੀ ਕਰੂਗੀ ਮਾਰ ਸਿੰਘੋ।
ਕਾਲਾ ਸਿੰਘ ਸਰਕਾਰ ਹੈ ਹੁਕਮ ਦਿੰਦੀ
ਛੇਤੀ ਤੋਪ ਨੂੰ ਕਰੋ ਤਿਆਰ ਸਿੰਘੋ॥ ੧੫੭॥

ਸ਼ਬਦ ਸੁਣਕੇ ਹਾਕਮ ਨੇ ਘਬਰਾ ਜਾਣਾ ਰੌਲਾ ਸਮਝਕੇ

ਹਾਕਮ ਸੁਣਦਿਆਂ ਸ਼ਬਦ ਘਬਰਾ ਉਠੇ
ਦਿਤਾ ਹੁਕਮ ਜੇ ਤੋਪ ਦਗਾ ਦੇਵੋ।

ਛੇਤੀ ਸਿੰਘਾਂ ਨੂੰ ਪਕੜ ਕੇ ਕਰੋ ਮੂਹਰੇ
ਝੱਟ ਤੋਪ ਨੂੰ ਜੋ ਬੱਤੀ ਲਾ ਦੇਵੇ।
ਜਿਨਾਂ ਆਣ ਪਾਇਆ ਸਾਡੇ ਪਾਸ ਰੌਲਾ
ਛੇਤੀ ਇਨਾਂ ਦੀ ਅਲਖ ਚੁਕਾ ਦੇਵੇ।
ਸਿੰਘਾਂ ਆਖਿਆ ਸਾਨੂੰ ਨਾ ਹੱਥ ਲਾਇਓ
ਹਿੰਦੂ ਤੁਰਕ ਨੂੰ ਪਰੇ ਹਟਾ ਦੇਵੇ।
ਹਿੰਦੂ ਤੁਰਕ ਸਰਕਾਰ ਨੇ ਪਰੇ ਕੀਤੇ
ਅਬਲ ਤੋਪ ਪਟਿਆਲਾ ਦਗਾ ਦੇਵੇ।
ਨਾਭੇ ਫੌਜ ਪਟਿਆਲਾ ਨੂੰ ਹੁਕਮ ਹੋਇਆ
ਨੰਗੀ ਤੇਗ ਪਹਿਰਾ ਉਤੇ ਲਾ ਦੇਵੇ।
ਹੀਰਾ ਸਿੰਘ ਲਹਿਣਾ ਸਿੰਘ ਆਏ ਦੋਵੇਂ
ਸਾਨੂੰ ਛੇਤੀ ਬੈਕੁਠ ਪੁਚਾ ਦੇਵੇ।
ਖੜੇ ਆਣ ਪਟਿਆਲੇ ਦੀ ਤੋਪ ਮੂਹਰੇ
ਆਖਣ ਲਗੇਨੇ ਤੋਪ ਚਲਾ ਦੇਵੇ।
ਉਹਨਾ ਲਾ ਬੱਤੀ ਕਲਾ ਫੇਰ ਦਿਤੀ
ਤੋਪ ਚਲੀ ਨਾ ਕਹਿਣ ਚਲਾ ਦੇਵੇ।
ਫੇਰ ਹੋਏ ਸੋ ਨਾਭੇ ਦੀ ਤੋਪ ਮੂਹਰੇ
ਦਿਤਾ ਹੁਕਮ ਜੋ ਫੈਲ ਕਰਾ ਦੇਵੇ।
ਚਟ ਗਿਆ ਪਲੀਤਾ ਨਾਂ ਤੋਪ ਚਲੀ
ਕੁਦਰਤ ਰਬ ਦੀ ਬਣੀ ਸੁਣਾ ਦਵੇ।
ਤੀਜੀ ਵਾਰ ਜੇੜੀ ਤੋਪ ਕੋਟਲੇ ਦੀ
ਏਹੋ ਓਸ ਦਾ ਹਾਲ ਬਤਾ ਦੇਵੇ।
ਕਾਲਾ ਸਿੰਘ ਹੀਰਾ ਸਿੰਘ ਫੇਰ ਆਖੇ
ਸਿੰਘ ਗੱਜਕੇ ਫਤੇ ਗਜਾ ਦੇਵੇ॥੧੫੯॥

**ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਜੀ ਨੇ ਕਰਤਾਰ ਦੀ ਸਿਫਤ ਕਰਨੀ**

ਹੀਰਾ ਸਿੰਘ ਲਹਿਣਾ ਸਿੰਘ ਕਹਿਣ ਦੋਏ
ਏਸ ਤੋਪ ਨੇ ਸਾਨੂ ਉਡਾਮਣਾ ਕੀ।

ਜੇ ਨਾ ਗੁਰੂ ਦੇਵਣ ਆਕੇ ਹੁਕਮ ਸਾਡੇ
ਏਸ ਤੋਪ ਨੇ ਮਾਰ ਮੁਕਾਮਣਾ ਕੀ।
ਹੋਣਾ ਚਾਹੁੰਦੇ ਅਸੀਂ ਸ਼ਹੀਦ ਸਾਰੇ
ਸ਼ੇਰ ਜਾਗਦੇ ਤਾਂਈ ਜਗਾਂਮਣਾ ਕੀ।
ਅੰਮ੍ਰਿਤ ਪਾਨ ਕਰਕੇ ਕਲਗੀ ਵਾਲੜੇ ਦਾ
ਫੇਰ ਪਿਛਾਂ ਨੂੰ ਪੈਰ ਹਟਾਮਣਾਂ ਕੀ।
ਪਿਤਾ ਪੂਤ ਸਰਬੰਸ ਜਿਨ ਵਾਰ ਦਿੱਤਾ
ਦਾਗ ਓਸ ਦੇ ਪੰਥ ਨੂੰ ਲਾਮਣਾ ਕੀ।
ਭਜਨ ਪੁਛਿਕੇ ਤੇ ਗੁਰੂ ਬਾਰਵੇਂ ਦਾ
ਫੇਰ ਤੋਪ ਤੇ ਮੁਖ ਭਮਾਮਣਾ ਕੀ।
ਜਿੰਨਾਂ ਇੱਕ ਆਕਾਲ ਦਾ ਜਾਪ ਕੀਤਾ
ਓਹਨਾਂ ਤਾਂਈ ਜੋ ਕਿਸੇ ਸਖਾਮਣਾ ਕੀ।
ਕਾਲਾ ਸਿੰਘ ਜੋ ਵਾਹਿਗੁਰੂ ਨਾਮ ਜਪਦੇ
ਭੈ ਮੌਤ ਦਾ ਉਹਨਾਂ ਨੂੰ ਆਮਣਾ ਕੀ॥੧੫੯॥

### ਪ੍ਰਸੰਗ ਭਾਈ ਹਰਨਾਮ ਸਿੰਘ ਜੀ ਦਾ

ਹਰਨਾਮ ਸਿੰਘ ਧਮੋਟ ਦੇ ਰਹਿਣਵਾਲਾ
ਮਿਲਿਆ ਓਦਣੇ ਖਾਲਸੇ ਨਾਲ ਪਿਆਰੇ।
ਰੱਬੋਂ ਪਿੰਡ ਆਕੇ ਭਜਨ ਪੁਛਿਆ ਸੀ
ਕੜਾ ਕੱਛ ਕਿਰਪਾਨ ਨਾ ਖਿਆਲ ਪਿਆਰੇ।
ਅਮ੍ਰਿਤ ਓਸਨੇ ਨਹੀਂ ਸੀ ਪਾਨ ਕੀਤਾ
ਹੋਇਆ ਸਿਦਕ ਦੇ ਵਿਚ ਨਿਹਾਲ ਪਿਆਰੇ।
ਖੜਾ ਜਾਇਕੇ ਸੂਰਮਾਂ ਤੋਪ ਮੂਹਰੇ
ਉਮਰ ਸਮਝ ਲੈਂਣੀ ਸੋਲਾਂ ਸਾਲ ਪਿਆਰੇ।
ਕਾਲਾ ਸਿੰਘ ਹੀਰਾ ਸਿੰਘ ਨਾਲ ਬਰਤੀ
ਤਿਵੇਂ ਬਰਤੀ ਸੀ ਓਸਦੇ ਨਾਲ ਪਿਆਰੇ॥੧੬੦॥

Namdhari Elibrary NamdhariElibrary@gmail.com

## ਪ੍ਰਸੰਗ ਦੋਇ ਬਚਿਆਂ ਮਸੂਮਾਂ ਬਾਰਾਂ ਬਾਰਾਂ ਸਾਲ ਦਿਆਂ ਦਾ

ਸਿੰਘ ਹੋਇ ਮਸਤਾਨੜੇ ਸਬਦ ਪੜ੍ਹਦੇ
ਹਾਕਮ ਕਹੇ ਜੋ ਆਪ ਬੰਕਾਰ ਕਰਕੇ।
ਸੁਣਕੇ ਸ਼ਬਦ ਤਵੀਤ ਘਵਰਾਏ ਉੱਠੀ
ਮਾਰੋ ਸਿੰਘਾਂ ਨੂੰ ਤੋਪ ਤਿਆਰ ਕਰਕੇ।
ਬਿਸ਼ਨ ਸਿੰਘ ਹਰਨਾਮ ਸਿੰਘ ਨਜਰ ਆਏ
ਬਾਰਾਂ ਸਾਲ ਦੀ ਉਮਰ ਵਿਚਕਾਰ ਕਰਕੇ।
ਰੜ ਪਿੰਡ ਪਟਿਆਲੇ ਦਾ ਜਾਣ ਲਾਕਾ
ਬੱਚੇ ਡਿੱਠੇ ਮਸੂਮ ਨਿਹਾਰ ਕਰਕੇ।
ਦੇਖ ਉਹਨਾਂ ਦੀ ਵਲ ਹੈਰਾਨ ਹੋਏ
ਲੋਕ ਆਖਦੇ ਸਭ ਪੁਕਾਰ ਕਰਕੇ।
ਲਗੇ ਕਹਿਣ ਸਰਕਾਰ ਨੂੰ ਛੱਡ ਦੇਵੋ
ਦੋਹਾਂ ਬਚਿਆਂ ਤੇ ਰਹਿਮ ਧਾਰ ਕਰਕੇ।
ਕਾਲਾ ਸਿੰਘ ਸਰਕਾਰ ਨੇ ਛੱਡ ਦਿੱਤੇ
ਦੋਵੇਂ ਰੋਣ ਲਗੇ ਧਾਹਾਂ ਮਾਰ ਕਰਕੇ ॥੧੬੧॥

## ਬਾਰਾਂ ਬਾਰਾਂ ਸਾਲ ਦਿਆਂ ਬੱਚਿਆਂ ਨੇ ਸਰਕਾਰ ਅਗੇ ਰੋਣਾ

ਬਿਬਨ ਸਿੰਘ ਹਰਨਾਮ ਸਿੰਘ ਕਹਿਣ ਦੋਵੇਂ
ਸਾਨੂੰ ਕਾਸਤੇ ਤੁਸੀਂ ਨਾਂ ਮਾਰਦੇ ਹੋ।
ਸਾਡੇ ਨਾਲ ਕਿਉਂ ਕਾਸਤੇ ਢਿੱਲ ਕੀਤੀ
ਕਿਉਂ ਨੀ ਤੋਪ ਦੇ ਮੂਹਰੇ ਖਲਾਰਦੇ ਹੋ।
ਅਸੀਂ ਦੋਵੇਂ ਭਰਾਵਾਂ ਦੇ ਸਾਥ ਜਾਈਏ
ਸਾਡੇ ਨਾਲ ਕੀ ਪਾਪ ਪਸਾਰਦੇ ਹੋ।
ਸਾਥ ਇਨਾਂ ਦਾ ਤੋੜਿਆ ਨਹੀਂ ਚਾਹੁੰਦੇ
ਤੁਸੀਂ ਬੇਹਲੀਆਂ ਗਲਾਂ ਕੀ ਮਾਰਦੇ ਹੋ।
ਸਾਨੂੰ ਹੁਣੇ ਮਾਰੋ ਪਿਛੋਂ ਹੋਰਨਾਂ ਨੂੰ
ਕਾਹਨੂੰ ਪਾਪ ਦੇ ਪੈਰ ਖਲਾਰਦੇ ਹੋ।

Namdhari Elibrary NamdhariElibrary@gmail.com

ਅਸੀਂ ਸਤਿਗੁਰਾਂ ਤੋਂ ਸੀਸ ਵਾਰ ਦੇਣੇਂ
ਸਾਨੂੰ ਤੁਸੀਂ ਕੀ ਹੋਰ ਸਖਾਰਦੇ ਹੋ।
ਏਤਾਂ ਜਗ ਸਰਾਏਂ ਮੁਸਾਫਰਾਂ ਦੀ
ਤੁਸੀਂ ਸੱਚ ਕੀ ਦੇਖ ਨਿਹਾਰਦੇ ਹੋ।
ਦੇਹਾਂ ਝੂਠੀਆਂ ਆਤਮਾ ਸਦਾ ਸਚੀ
ਕਿਉਂ ਨਹੀਂ ਚਿਤ ਦੇ ਵਿਚ ਵਿਚਾਰਦੇ ਹੋ।
ਕਾਲਾ ਸਿੰਘ ਨਾਂ ਮੌਤ ਦਾ ਖੌਫ ਸਾਨੂੰ
ਕਿਉਂ ਨਹੀਂ ਤੋਪ ਨੂੰ ਤੁਸੀਂ ਸੁਮਾਰਦੇ ਹੋ ॥ ੧੬੨ ॥

### ਭਾਈ ਪ੍ਰੇਮ ਸਿੰਘ ਜੀ ਨੂੰ ਇਕ ਸਰਦਾਰ ਨੇ ਛੁਡਾ ਦੇਣਾ

ਪ੍ਰੇਮ ਸਿੰਘ ਹੈ ਪੀਰਦੇ ਕੋਟ ਵਾਲਾ
ਉਹਨੂੰ ਇਕ ਸਰਦਾਰ ਅਲਾਇਆ ਹੈ।
ਸੀਰੀ ਹਈ ਮਜ਼ਵੀ ਸਾਕਾਂ ਸਾਡਿਆਂ ਦਾ
ਏ ਨੂੰ ਕਾਸਤੇ ਵਾਗਲਾ ਪਾਇਆ ਹੈ।
ਧੋਖੇ ਵਿਚ ਏਹ ਪਕੜਿਆ ਗਿਆ ਐਵੇਂ
ਮਾਰੋ ਏਸਨੂੰ ਨਾਹਿ ਸੁਣਾਇਆ ਹੈ।
ਕਾਲਾ ਸਿੰਘ ਸਰਕਾਰ ਨੇ ਛਡ ਦਿਤਾ
ਗੁਸਾ ਸਿੰਘ ਤਾਂਈ ਭਾਰਾ ਆਇਆ ਹੈ ॥੧੬੩ ॥

### ਭਾਈ ਪ੍ਰੇਮ ਸਿੰਘ ਜੀ ਨੇ ਜੁਵਾਬ ਦੇਣਾ

ਪ੍ਰੇਮ ਸਿੰਘ ਜੀ ਆਖਦਾ ਗਰਮ ਹੋਕੇ
ਮੇਰੀ ਸਾਂਝ ਨਾਂ ਕਿਸੇ ਦੀ ਸੀਰ ਹੈਜੀ।
ਗਿਆ ਵਗਲਿਆ ਐਵੇ ਮੈਂ ਨਹੀਂ ਏਥੇ
ਸ਼ਾਮਲ ਸਿੰਘਾਂ ਦੇ ਵਿਚ ਵਹੀਰ ਹੈਜੀ।
ਮੈਨੂੰ ਛਡਿਆ ਤੁਸੀਂ ਹੈਂ ਜਾਲਮੋਂ ਕਿਉਂ
ਮੇਰੀ ਲਾਹੀ ਕਿਉਂ ਬੇੜੀ ਜੰਜੀਰ ਹੈਜੀ।
ਮੈਂ ਹਾਂ ਪੁਤ੍ਰ ਪਿਤਾ ਗੁਰੂ ਬਾਰਵੇਂ ਦਾ
ਮੇਰਾ ਪਿੰਡ ਨਾ ਕੋਟ ਦਾ ਪੀਰ ਹੈਜੀ।

ਭੈਣੀ ਸਾਹਿਬ ਰਹਿਣਾ ਮੇਰਾ ਜਾਣ ਲੈਣਾਂ
ਇਨਾਂ ਨਾਲ ਦਰਗਾਹਿ ਦੀ ਸੀਰ ਹੈਜੀ।
ਇਨਾਂ ਨਾਲ ਮਰਨਾ ਮੇਰਾ ਧਰਮ ਜਾਣੋਂ ਝੂਠੀ
ਕਰੋ ਨਾ ਕੋਈ ਤਤਬੀਰ ਹੈਜੀ।
ਤੋਪ ਕਰੋ ਤਿਆਰ ਮੈਂ ਮਰਾਂ ਪਹਿਲੇ
ਪਾਵਾਂ ਫਰਕ ਨਾਂ ਵਿਚ ਕਸੀਰ ਹੈਜੀ।
ਕਾਲਾ ਸਿੰਘ ਵਿਛੋੜਾ ਨਾਂ ਦਿਓ ਮੈਨੂੰ
ਦੇਵਾਂ ਇਨਾਂ ਦੇ ਸਾਥ ਸਰੀਰ ਹੈਜੀ ॥੧੬੪॥

ਸਿੰਘਾਂ ਨੇ ਅਰਦਾਸ ਕਰਨੀ ਬਾਰਾਂ ਗੁਰਾਂ ਅਗੇ ਹੱਥ ਜੋੜਕੇ

ਲੱਗੇ ਕਰਨ ਅਰਦਾਸ ਅਕਾਲ ਅਗੇ
ਸਤਿ ਸ੍ਰੀ ਅਕਾਲ ਗਜਾ ਦਿਤੀ।
ਦੇਵੋ ਦਰਸ ਤਾਂ ਕਰੋ ਨਿਹਾਲ ਸਾਨੂੰ
ਮੇਲੋ ਆਪਣੇ ਵਿਚ ਅਲਾ ਦਿਤੀ।
ਬਾਰਾਂ ਗੁਰੂ ਤੇ ਸਰਬ ਸ਼ਹੀਦ ਆਏ
ਮੰਗ ਸਿੰਘਾਂ ਦੀ ਪੂਰੀ ਕਰਾ ਦਿਤੀ।
ਕੱਲਰ ਵਿਚ ਹੈ ਆਣ ਦੀਵਾਨ ਲਗਾ
ਗੱਜ ਸ਼ਬਦ ਦੀ ਆਣਕੇ ਪਾ ਦਿਤੀ।
ਸਾਰੇ ਸਿੰਘਾਂ ਨੂੰ ਆਣ ਉਪਦੇਸ਼ ਦਿਤਾ
ਥੋੜੀ ਮੰਗ ਅਕਾਲ ਪੁਜਾ ਦਿਤੀ।
ਦੁਖ ਪੀੜ ਤੇ ਤੁਸੀਂ ਹੋ ਬਰੀ ਹੋਏ
ਬਖਸ਼ ਸਿਦਕ ਅਡੋਲਤਾ ਆ ਦਿਤੀ।
ਸਾਡੇ ਵਿਚ ਛੇਤੀ ਮਿਲੋ ਆਣ ਭਾਈ
ਲਵੋ ਤੋਪ ਦਾ ਰਸ ਸੁਣਾ ਦਿਤੀ।
ਸਿੰਘ ਗਜਕੇ ਫਤੇ ਬੁਲਾ ਦਿੰਦੇ
ਸਾਰੀ ਤਬਕ ਜਮੀਨ ਹਲਾ ਦਿਤੀ।
ਦਿਸਣ ਉਨਹਾਂ ਨੂੰ ਹੋਰ ਨੂੰ ਦਿਸਣ ਨਾਹੀ
ਲੀਲਾ ਚਰਜ ਦੀ ਗੁਰੂ ਬਣਾ ਦਿਤੀ।

Namdhari Elibrary NamdhariElibrary@gmail.com

ਮਾਈ ਇੰਦ ਕੁਰ ਦਸਿਆ ਦਾਸ ਤਾਂਈ
ਕਾਲਾ ਸਿੰਘ ਮੈਂ ਕਥਾ ਸੁਣਾ ਦਿਤੀ ॥੧੬੫॥

ਸਤਿਗੁਰ ਰਾਮ ਸਿੰਘ ਜੀ ਨੇ ਗੁਪਤ ਰੂਪ ਆਕੇ ਹੁਕਮ ਦੇਣਾ ਸਿੰਘਾਂ ਨੂੰ

ਸੁਣੀ ਸਿੰਘਾਂ ਦੀ ਬੇਨਤੀ ਗਏ ਸਤਿਗੁਰ
ਆਕੇ ਕਹਿਣ ਬਲਹਾਰ ਬੇਟਾ।
ਸੀਸ ਦਿਓ ਆਕੇ ਨਾਲ ਹੌਸਲੇ ਦੇ
ਤੁਸੀਂ ਹੋਇਕੇ ਤਿਆਰ ਬਰ ਤਿਆਰ ਬੇਟਾ।
ਸੀਸ ਵਾਰੋ ਖਾਂ ਆਪਣੇ ਧਰਮ ਉੱਤੇ
ਛੇਤੀ ਆਓ ਨਾਂ ਕਰੋ ਅਟਕਾਰ ਬੇਟਾ।
ਜੱਗ ਜਾਣ ਸਰਾਂਇ ਮੁਸਾਫਰਾਂ ਦੀ
ਏਥੇ ਅਉਣਾ ਨਾ ਜੇ ਦੂਜੀ ਵਾਰ ਬੇਟਾ।
ਦੇਹਾਂ ਝੂਠੀਆਂ ਆਤਮਾਂ ਸਦਾ ਸਚਾ
ਜੀਵਨ ਮਰਨ ਤੇ ਹੈ ਬਰੀ ਪਾਰ ਬੇਟਾ।
ਥੋੜੇ ਸਾਰਿਆਂ ਦੇ ਅਸਾਂ ਸੀਸ ਲੈਣੇ
ਅੱਸੀ ਸਿੰਘ ਲੈਣੇ ਇਕੋਵਾਰ ਬੇਟਾ।
ਕਰੋ ਹੌਂਸਲਾ ਦੇਵੋ ਖਾਂ ਸੀਸ ਸਾਨੂੰ
ਕਰੋ ਵਿਚ ਬੈਕੁੰਠ ਬਹਾਰ ਬੇਟਾ।
ਸਤਿਗੁਰ ਖੜੇ ਸੇ ਤੋਪ ਦੇ ਆਪ ਮੂਹਰੇ
ਦਿਸਣ ਓਹਨਾਂ ਨੂੰ ਕਹਿਣ ਪੁਕਾਰ ਬੇਟਾ।
ਥੋੜੇ ਕਹੇ ਤੇ ਬਿਨਾਂ ਨਾਂ ਤੋਪ ਚੱਲੂ
ਥੋਨੂੰ ਕਹਾਂ ਮੈਂ ਸਚ ਉਚਾਰ ਬੇਟਾ।
ਲਗਾ ਰਿਹਾ ਦੀਵਾਨ ਸੀ ਵਿਚ ਕੱਲਰ
ਬਾਰਾਂ ਗੁਰਾਂ ਦਾ ਅਪਰ ਅਪਾਰ ਬੇਟਾ।
ਛੇਤੀ ਆਓ ਦੀਵਾਨ ਦੇ ਵਿਚ ਬੈਠੋ
ਲੈ ਕੇ ਤੋਪ ਦੀ ਮੌਜ ਬਹਾਰ ਬੇਟਾ।
ਕਾਲਾ ਸਿੰਘ ਦਿਸਦੇ ਸਤਿਗੁਰ ਖਾਲਸੇ ਨੂੰ
ਕਹਿਣ ਸਿੰਘਾਂ ਨੂੰ ਕਰੋ ਏਕਾਰ ਬੇਟਾ॥੧੬੬॥

### ਭਾਈ ਹੀਰਾ ਸਿੰਘ ਮਸਤਾਨੇ ਨੇ ਤੋਪ ਨੂੰ ਆਖਣਾ ਕਿਉਂ ਨਹੀ ਚਲਦੀ ਚਲ

ਹੀਰਾ ਸਿੰਘ ਦਿੰਦਾ ਹੁਕਮ ਤੋਪ ਤਾਂਈ
ਚਲ ਪਾਪਣੇ ਡੇਰ ਤੂੰ ਲਾਉਂਦੀ ਕਿਉਂ।
ਸਾਨੂੰ ਹੁਕਮ ਦਿੰਦੇ ਸਚੇ ਗੁਰੂ ਆਕੇ
ਸਾਡੇ ਜਾਣ ਵਿਚ ਢਿਲ ਤੂੰ ਪਾਉਂਦੀ ਕਿਉਂ।
ਬਤੀ ਦਿਓ ਪਿਆਰਿਓ ਮਿਤ੍ਰ ਓਏ
ਗੋਲਾ ਚਲੇ ਤੂ ਵਿਚ ਰਖਾਉਂਦੀ ਕਿਉਂ।
ਸਾਡੇ ਸਤਿਗੁਰੂ ਖੜੇ ਹੈਂ ਹੁਕਮ ਦਿੰਦੇ
ਛੇਤੀ ਨਹੀਂ ਬੈਕੁਠ ਪੁਹਚਾਉਂਦੀ ਕਿਉਂ।
ਤਰੀ ਡੇਰ ਹੈ ਸਾਡੀ ਨਾਂ ਡੇਰ ਕੋਈ
ਤੂੰ ਹੈਂ ਆਪਣੀ ਬਣਤ ਬਣਾਉਂਦੀ ਕਿਉਂ।
ਕਾਲਾ ਸਿੰਘ ਫੁਰਤੀ ਕਰ ਪਾਪਣੇ ਨੀ
ਸਿੰਘ ਜਾਣ ਤੂੰ ਐਵੇਂ ਅਟਕਾਉਂਦੀ ਕਿਉਂ ॥੧੬੭॥

### ਗੁਰੂ ਜੀ ਦੇਹਿ ਕਰਕੇ ਭੈਣੀ ਸਾਹਿਬ ਸੀ ਪਰ ਸਿੰਘਾਂ ਨੂੰ ਕੋਟਲੇ ਦਰਸਨ ਦਿਤੇ

ਸਤਿਗੁਰ ਦੇਹ ਕਰਕੇ ਭੈਣੀ ਸਾਹਿਬ ਹੈ ਸੀ
ਨਜ਼ਰ ਕੋਟਲੇ ਸਿੰਘਾਂ ਨੂੰ ਆਂਵੰਦੇ ਜੀ।
ਨੌਮੇ ਗੁਰੂ ਜੀ ਦੀ ਪੜੋ ਜਨਮ ਸਾਖੀ
ਵਾਂਗ ਉਹਨਾਂ ਦੇ ਖੇਡ ਬਤਾਂਵਦੇ ਜੀ।
ਮੱਖਣ ਸ਼ਾਹਿ ਦਾ ਕੱਢ ਜਹਾਜ ਦਿਤਾ
ਦੇਹਿ ਵਿਚ ਬਕਾਲੇ ਰਖਾਵੰਦੇ ਜੀ।
ਕਾਲਾ ਸਿੰਘ ਨਾ ਹੋਰ ਨੂੰ ਨਜਰ ਔਂਦੇ
ਗੁਰੂ ਸਿੰਘਾਂ ਨੂੰ ਦਰਸ ਦਖਾਵੰਦੇ ਜੀ ॥੧੬੮॥

### ਹੁਕਮ ਮੰਨਕੇ ਤੋਪ ਨੇ ਚੱਲਕੇ ਸਿੰਘਾਂ ਨੂੰ ਸ਼ਹੀਦ ਕਰਨਾ

ਤੋਪ ਚੱਲੀ ਅੱਬਲ ਸ਼ਹਿਰ ਕੋਟਲੇ ਦੀ
ਦੂਜੀ ਵਾਰ ਪਟਿਆਲਾ ਚਲਾਵੰਦੇ ਜੀ।

ਹੀਰਾ ਸਿੰਘ ਲਹਿਣਾ ਸਿੰਘ ਸ਼ਹੀਦ ਹੋਏ
ਡੇਰੇ ਵਿੱਚ ਬੈਕੁੰਠ ਲਗਾਵੰਦੇ ਜੀ।
ਅਬਲ ਦੋਏ ਸੇ ਹੋਏ ਸ਼ਹੀਦ ਪਹਿਲੇ
ਫੇਰ ਸਿੰਘਾਂ ਦੇ ਤਾਂਈ ਬੁਲਾਂਵਦੇ ਜੀ।
ਤੋਪਾਂ ਸੱਤ ਹੈ ਸੀ ਸਤੇ ਸਿੰਘ ਉਡਦੇ
ਮੂਹਰੇ ਹੌਸਲੇ ਦੇ ਨਾਲ ਆਵੰਦੇ ਜੀ।
ਹਿੰਦੂ ਤੁਰਕ ਨੂੰ ਆਖਦੇ ਪਰੇ ਹੋਏ
ਹੱਥ ਕਿਸੇ ਦਾ ਨਹੀਂ ਲਗਾਵੰਦੇ ਜੀ।
ਆਪੇ ਆਪ ਸਾਰੇ ਅਉਣ ਤੋਪ ਮੂਹਰੇ
ਹਿੰਦੂ ਤੁਰਕ ਨੂੰ ਪਰੇ ਹਟਾਵੰਦੇ ਜੀ।
ਇੱਕ ਦੂਸਰੇ ਦੇ ਹੋਵੇ ਆਣ ਅੱਗੇ
ਦੂਜਾ ਦੂਜੇ ਨੂੰ ਲਾਮ ਕਰਾਵੰਦੇਜੀ।
ਦੜਾ ਦਾੜ ਗੋਲਾ ਚੱਲੇ ਕਹਿਰ ਭਰਿਆ
ਇਕੋ ਵਾਰ ਜਾਂ ਫੈਲ ਕਰਾਂਵੰਦੇ ਜੀ।
ਧੁੰਧੂ ਕਾਰ ਗੁਬਾਰ ਅੰਧਾਰ ਹੋਇਆ
ਡਰਦੇ ਲੋਕ ਸਾਰੇ ਭੱਜੇ ਜਾਵੰਦੇ ਜੀ।
ਖ਼ੁਸ਼ੀ ਹੋਏ ਕੇ ਸਿੰਘਾਂ ਨੂੰ ਚਾਓ ਚੜਿਆ
ਸ਼ਬਦ ਉਚੀਆਂ ਸੁਰਾਂ ਦੇ ਗਾਵੰਦੇ ਜੀ।
ਆਪਸ ਵਿਚ ਆਖਣ ਪਹਿਲੇ ਮੈਂ ਜਾਵਾਂ
ਆਪੇ ਅਓਣ ਨਾ ਮੁਖ ਭਵਾਵੰਦੇ ਜੀ।
ਲਾਲੀ ਦਮਕ ਦੀ ਸਿੰਘਾਂ ਦੇ ਮੁਖ ਉਤੇ
ਚੇਹਰੇ ਲਾਲ ਸਭ ਨੂੰ ਨਜਰ ਆਵੰਦੇ ਜੀ।
ਹਾਇ ਸੀ ਦਾ ਲਫਜ ਨਾ ਕਿਸੇ ਕੀਤਾ
ਵਾਹਿਗੁਰੂ ਦਾ ਨਾਮ ਧਿਆਵੰਦੇ ਜੀ।
ਬਾਹਾਂ ਦੋਇ ਲੱਤਾਂ ਦੋਵੇਂ ਜੁਦਾ ਹੋਵਣ
ਜਾਲਮ ਤੋਪ ਨੂੰ ਜਦੋਂ ਚਲਾਵੰਦੇ ਜੀ।
ਤੋਪ ਕਾਲਜਾ ਕੱਢਕੇ ਦੂਰ ਕਰਦੀ
ਸਿੰਘ ਉਡੇ ਅਸਮਾਨ ਨੂੰ ਜਾਵੰਦੇ ਜੀ।

Namdhari Elibrary NamdhariElibrary@gmail.com

ਓਸੇ ਤੌਰ ਪੜਦੇ ਸਿੰਘ ਸ਼ਬਦ ਸਾਰੇ
ਵਿੱਚ ਫਰਕ ਨਾਂ ਭਜਨ ਦੇ ਪਾਵੰਦੇ ਜੀ।
ਜਦੋਂ ਤੋਪ ਚੱਲੇ ਸਿੰਘ ਗੱਜ ਪਉਂਦੇ
ਸਤਿ ਸ੍ਰੀ ਅਕਾਲ ਬੁਲਾਵੰਦੇ ਜੀ।
ਇਹੋ ਆਵੇ ਅਵਾਜ ਪਲਾੜ ਵਿਚੋਂ
ਜਦੋਂ ਓਡੇ ਅਸਮਾਨ ਨੂੰ ਜਾਂਵੰਦੇਜੀ।
ਸਿੰਘ ਕਹਿਣ ਛੇਤੀ ਛੇਤੀ ਕਰੋ ਭਾਈ
ਆਪ ਆਖਕੇ ਤੋਪ ਚਲਾਵੰਦੇ ਜੀ।
ਤੋਪ ਵਾਲਿਆਂ ਕੁਝ ਨਾ ਫਰਕ ਪਾਇਆ
ਸਾਰਾ ਆਪਣਾ ਜੋਰ ਲਗਾਵੰਦੇ ਜੀ।
ਵੀਰਵਾਰ ਸਤਿਵੰਜਾ ਸ਼ਹੀਦ ਹੋਏ
ਸ਼ੁਕਰ ਵਾਰ ਨੂੰ ਚੌਦਾਂ ਕਰਵਾਂਵਦੇ ਜੀ।
ਸਾਰੇ ਸਿੰਘਾਂ ਨੇ ਸੀਸ ਕੁਰਬਾਨ ਕੀਤੇ
ਨਾਮਧਾਰੀ ਜੋ ਸਿੰਘ ਕਹਾਵੰਦੇ ਜੀ।
ਸੀਸ ਵਾਰਦੇ ਆਪਣੇ ਧਰਮ ਉਤੇ
ਲਾਜ ਪੰਥ ਨੂੰ ਨਹੀਂ ਲਗਾਵੰਦੇ ਜੀ।
ਮੁਖ ਮੋੜਿਆ ਮਥੇ ਨਾ ਬਟ ਪਾਇਆ
ਡੇਰੇ ਵਿਚ ਬੈਕੁੰਠ ਦੇ ਲਾਵੰਦੇ ਜੀ।
ਲੋਕ ਵੇਖਕੇ ਸਿੰਘਾਂ ਦੇ ਸਿਦਕ ਤਾਂਈਂ
ਵਾਹਿ ਵਾਹਿ ਦਾ ਸ਼ਬਦ ਅਲਾਵੰਦੇ ਜੀ।
ਪੰਜ ਰੋਜ ਨਾਂ ਖਾਦਾ ਸੀ ਅੰਨ ਪਾਣੀ
ਸਿਧੇ ਗੁਰਾਂ ਦੀ ਪੁਰੀ ਨੂੰ ਜਾਵੰਦੇ ਜੀ।
ਕਾਲਾ ਸਿੰਘ ਤੂੰ ਵਾਹਿਗੁਰੂ ਨਾਮ ਜਪਲੈ
ਦਿਨ ਮੌਤ ਵਾਲੇ ਨੇੜੇ ਆਵੰਦੇ ਜੀ॥੧੬੯॥

**ਮਾਈ ਇੰਦ ਕੌਰ ਤੇ ਖੇਮ ਕੌਰ ਨੇ ਬਰਲਾਪ ਕਰਨਾ ਸਰਕਾਰ ਪਾਸ**

ਕਹਤੂ ਸਿੰਘ ਸ਼ਹੀਦ ਜਾਂ ਹੋ ਚੁਕੇ
ਸਾਰਾ ਉਹਨਾਂ ਦਾ ਹਾਲ ਸੁਣਾਇਆ ਹੈ।

Namdhari Elibrary NamdhariElibrary@gmail.com

ਇੰਦ ਕੌਰ ਦੂਜੀ ਖੇਮ ਕੌਰ ਮਾਈ
ਮੂਹਰੇ ਜ਼ੋਰ ਸਰਕਾਰ ਦੇ ਪਾਇਆ ਹੈ।
ਕਰੋ ਬੰਦ ਨਾਂ ਪਾਪੀਓ ਤੋਪ ਤਾਂਈਂ
ਸਾਨੂੰ ਕਾਸਤੇ ਨਹੀਂ ਉਡਾਇਆ ਹੈ।
ਸਾਡੇ ਵਿਚ ਕੀ ਤੁਸੀਂ ਕਸੂਰ ਡਿਠਾ
ਸਾਨੂੰ ਕਾਸਤੇ ਪਰੇ ਹਟਾਇਆ ਹੈ।
ਸਾਥੀ ਨਾਲ ਦੇ ਚਲੇ ਗਏ ਦੂਰ ਬਹੁਤੀ
ਸਾਨੂੰ ਕਾਸਨੂੰ ਚਿਰ ਲਗਾਇਆ ਹੈ।
ਛੇਤੀ ਕਰੋ ਭਰਾਵਾਂ ਦੇ ਨਾਲ ਰਲੀਏ
ਸਾਡਾ ਕਾਸਨੂੰ ਸਾਥ ਤੁੜਾਇਆ ਹੈ।
ਓਹਨਾਂ ਨਾਲ ਬੈਕੁੰਠ ਦੇ ਵਿਚ ਜਾਈਏ
ਜਿਥੇ ਸਤਿਗੁਰਾਂ ਨੇ ਡੇਰਾ ਲਾਇਆ ਹੈ।
ਰਬ ਵਾਸਤੇ ਤੋਪ ਦਗਾ ਦੇਵੋ
ਸਾਨੂੰ ਮਾਰ ਕਿਉਂ ਨਹੀਂ ਮੁਕਾਇਆ ਹੈ।
ਜੋੜਾ ਸਿੰਘਾਂ ਨੇ ਕੁਝ ਕਸੂਰ ਕਰਿਆ
ਅਸੀ ਉਹਨਾਂ ਤੇ ਬਧ ਕਰਾਇਆ ਹੈ।
ਸਾਡੇ ਨਾਲ ਕਿਉਂ ਨਹੀ ਇਨਸਾਫ ਕਰਦੇ
ਕਰੋ ਅਦਲ ਕਿਉਂ ਨੇਰ ਪਵਾਇਆ ਹੈ।
ਰੋਂਦੀਆਂ ਪਿਟੀਆਂ ਆਕੇ ਸਰਕਾਰ ਅਗੇ
ਕਾਲਾ ਸਿੰਘ ਦੇ ਆਖ ਸੁਣਾਇਆ ਹੈ॥੧੭੦॥

ਸਰਕਾਰ ਨੇ ਕਿਹਾ ਮਾਈਆਂ ਨੂੰ ਮਾਰਨ ਦਾ ਹੁਕਮ ਨਹੀ ਹੈ

ਦਿਤਾ ਹੁਕਮ ਸੀ ਹਾਕਮਾਂ ਬਖਤ ਉਸੇ
ਬੁਢੀ ਤਾਈਂ ਸਰਕਾਰ ਨਾ ਮਾਰਦੀ ਹੈ।
ਚਲੀਆਂ ਜਾਓ ਮਾਈ ਥੋਨੂੰ ਬਰੀ ਕੀਤਾ
ਵਾਰ ਵਾਰ ਸਰਕਾਰ ਪੁਕਾਰਦੀ ਹੈ।
ਰੋਣੋਂ ਪਿਟਣੋਂ ਮੂਲ ਨਾ ਫੇਰ ਹਟੀਆਂ
ਖੇਮ ਕੌਰ ਇੰਦੋ ਧਾਹਾਂ ਮਾਰਦੀ ਹੈ।

ਸਾਡੇ ਨਾਲ ਹੈ ਗੁਰੂ ਜੀ ਜੁਲਮ ਕੀਤਾ
ਅਗੇ ਗੁਰਾਂ ਦੇ ਅਰਜ ਗੁਜਾਰਦੀ ਹੈ।
ਗੁਰਾਂ ਹੁਕਮ ਦਿਤਾ ਤੁਸੀਂ ਬਰੀ ਕਰੀਆਂ
ਮਰਜੀ ਬਣੀ ਏਹੋ ਪਰਵਦਗਾਰਦੀ ਹੈ।
ਜਮਡੰਡ ਚੁਰਾਸੀ ਤੇ ਬਰੀ ਦੋਵੇਂ
ਰਿਧ ਸਿਧ ਥੋੜਾ ਜਸ ਧਾਰਦੀ ਹੈ।
ਕਾਲਾ ਸਿੰਘ ਏ ਸਤਿਗੁਰਾਂ ਹੁਕਮ ਦਿਤਾ
ਮਾਈ ਦਾਸ ਦੇ ਤਾਂਈ ਪੁਕਾਰ ਦੀ ਹੈ॥੧੭੧॥

ਵਾਕ ਕਵੀ

ਤੂੰਬੇ ਤੂੰਬੇ ਸਰੀਰ ਦੇ ਤੋਪ ਕਰਦੀ
ਜਿਵੇਂ ਪਿੰਜਕੇ ਰੂਏ ਬਰਾਨ ਹੁੰਦਾ।
ਬੋਟੀ ਬੋਟੀਆਂ ਕੁਲ ਸਰੀਰ ਹੋਇਆ
ਮਾਂਗ ਛਾਨਣੀ ਦੇ ਸਾਰਾ ਛਾਨ ਹੁੰਦਾ।
ਰਤੀ ਰਤੀਆਂ ਮਾਸ ਉਡਾ ਦਿਤਾ
ਦੇਖ ਖੂਨ ਨੂੰ ਸ਼ਹਿਰ ਹੈਰਾਨ ਹੁੰਦਾ।
ਧੌਲ ਕੰਬਿਆ ਧਰਤ ਭੁਚਾਲ ਆਇਆ
ਲਾਲ ਰੰਗ ਦਾ ਦਿਸੇ ਅਸਮਾਨ ਹੁੰਦਾ॥ ੧੭੨॥
ਧੰਨ ਜਨਮ ਵਾਰੇ ਸੀਸ ਧਰਮ ਉਤੇ
ਕਾਲਾ ਸਿੰਘ ਭੀ ਦੇਖ ਕੁਰਵਾਨ ਹੁੰਦਾ।
ਮੁਸਲਮਾਨ ਹਿੰਦੂ ਤੌਬਾ ਕਰਨ ਤੌਬਾ
ਸਾਰਾ ਦੇਖ ਕੇ ਸ਼ਹਿਰ ਹੈ ਦੰਗ ਹੋਇਆ।
ਸੰਮਤ ਉੱਨੀ ਸੌ ਅਠਾਈਆ ਬਰਤਿਆ ਸੀ
ਸੰਤ ਖਾਲਸੇ ਦਾ ਜਦੋਂ ਜੰਗ ਹੋਇਆ।
ਪੰਜ ਛੀ ਪ੍ਰਵਿਸ਼ਟਾ ਸੀ ਮਾਘ ਚੜਿਆ
ਵੀਰਵਾਰ ਸ਼ੁਕਰ ਦਿਨ ਅੰਗ ਹੋਇਆ।[18]
ਸਾਰੇ ਵਿਚ ਜਹਾਨ ਸੀ ਖਬਰ ਹੋਈ
ਹੈਸੀ ਲਾਲ ਅਕਾਸ ਦਾ ਰੰਗ ਹੋਇਆ।

Namdhari Elibrary NamdhariElibrary@gmail.com

ਕਈ ਮੁਕਬਰਾਂ ਸਿੰਘ ਫੜਾਇ ਦਿਤੇ
ਸਿਦਕ ਕਈਆਂ ਦਾ ਅੰਤ ਤੇ ਭੰਗ ਹੋਇਆ।
ਕਈ ਨਮੇਂ ਬਹੀਰ ਦੇ ਵਿਚ ਹੋਏ
ਕਈ ਹੋਣ ਦਾ ਚਿਤ ਤੁਰੰਗ ਹੋਇਆ।
ਜੈਮਲ ਜੱਟ ਦੋਸੌ ਲੈਲਿਆ ਦਮੜਾ
ਸੁਣਿਆਂ ਅੰਤ ਦੇ ਹੈ ਵੇਲੇ ਤੰਗ ਹੋਇਆ।
ਫਿਣਸੀ ਨਿਕਲੀ ਸੀ ਖੱਬੀ ਅੱਖ ਉਤੇ
ਕੀੜੇ ਪੈ ਮਰਿਆ ਤਾਪ ਖੰਘ ਹੋਇਆ।
ਉਤਮ ਪੰਜ ਸੌ ਲਿਆ ਅਨਾਮ ਜਾ ਕੇ
ਸੁਣਿਆਂ ਕੋਟਲੇ ਵਿਚ ਪ੍ਰਸੰਗ ਹੋਇਆ।
ਕਾਲਾ ਸਿੰਘ ਤੂੰ ਬੈਠਕੇ ਨਾਮ ਜਪਲੈ
ਤੇਰੇ ਵਾਹਿਗੁਰੂ ਹੈ ਅੰਗ ਸੰਗ ਹੋਇਆ॥੧੭੩॥
ਜੋ ਕੁਛ ਪੰਥ ਅੰਦਰ ਕੇਹਰ ਵਰਤਿਆ ਸੀ
ਸੋਈ ਖਾਲਸੇ ਤਾਂਈ ਸੁਣਾ ਦਿਤਾ।
ਜੋ ਕੁਝ ਸ਼ਹਿਰ ਮਲੌਦ ਤੇ ਕੋਟਲੇ ਦਾ
ਰਜ ਸ਼ੇਰਪੁਰ ਦਾ ਹਾਲ ਪਾ ਦਿਤਾ।
ਜੇ ਕੁਝ ਏਸ ਅੰਦਰ ਮੇਰੀ ਭੁੱਲ ਹੋਵੇ
ਬਖਸ਼ੇ ਖਾਲਸਾ ਦਾਸ ਅਲਾ ਦਿਤਾ।
ਕਾਲਾ ਸਿੰਘ ਆਏ ਸਿੰਘ ਕੋਟਲੇ
ਓਧਰ ਗੁਰਾਂ ਭਾਣਾ ਵਰਤਾ ਦਿਤਾ॥੧੭੪॥

### ਗੁਰੂ ਜੀ ਨੇ ਪਰਦੇਸ ਨੂੰ ਜਾਣਾ ਬਾਰਾਂ ਸੂਬਿਆਂ ਦੇ ਸਾਥ

ਕਥਾ ਕੋਟਲੇ ਦੀ ਸੁਣੀਂ ਖਾਲਸੇ ਨੇ
ਫੇਰ ਗੁਰਾਂ ਕੀ ਖੇਲ ਰਚਾਇਆ ਸੀ।
ਨਿਆਂਕਾਰ ਸਰਕਾਰ ਵਿਚਾਰ ਕੀਤੀ
ਜੋ ਕੁਛ ਸਮਝਿਆ ਸੋਈ ਕਰਾਇਆ ਸੀ।
ਹੁਕਮ ਭੇਜ ਦਿਤਾ ਭੈਣੀ ਸਾਹਿਬ ਵੱਲੋਂ
ਪੂਰੇ ਸਤਿਗੁਰਾਂ ਤਾਂਈ ਬੁਲਾਇਆ ਸੀ।

ਪੰਚਮ ਗੁਰੂ ਵਾਂਗੂੰ ਗੁਰਾਂ ਖੇਡ ਕੀਤਾ
ਬੰਦੋਬਸਤ ਜੋ ਸਰਬ ਕਰਾਇਆ ਸੀ।
ਬਰਦੀ ਪੈਹਨ ਕਾਲੀ ਕਾਲੀ ਓਢ ਕੰਬਲੀ
ਉਪਰ ਗਡੇ ਦੇ ਚੜ ਸਧਾਇਆ ਸੀ।
ਪਹੁੰਚ ਗਏ ਸੇ ਆਣਕੇ ਲੁਦਿਹਾਣੇ
ਗੁਰੂ ਪਾਸ ਸਰਕਾਰ ਦੇ ਆਇਆ ਸੀ।
ਉਸੇ ਵਕਤ ਝੜਾਇਕੇ ਰੇਲ ਉਤੇ
ਗੁਰੂ ਵਿਚ ਪਰਾਗ ਪੁਚਾਇਆ ਸੀ।
ਉਮਰ ਸਾਲ ਛਿਵੰਜਾ ਸੀ ਸਤਿਗੁਰੂ ਦੀ
ਜਦੋਂ ਭਾਣੇ ਦਾ ਕਾਰ ਵਰਤਾਇਆ ਸੀ।
ਸੂਬੇ ਗਏ ਦਸੇ ਸਾਥ ਸਤਿਗੁਰੂ ਦੇ
ਡੇਰਾ ਵਿਚ ਪਰਾਗ ਲਗਾਇਆ ਸੀ।
ਜਵਾਰ ਸਿੰਘ ਲਖਾ ਸਿੰਘ ਕਾਨ ਸਿੰਘ ਜੀ
ਬਰਮਾ ਸਿੰਘ ਤੇ ਸਾਹਿਬ ਸਿੰਘ ਧਾਇਆ ਸੀ।
ਰੂੜ ਸਿੰਘ ਮਲੂਕ ਸਿੰਘ ਮਾਨਸਿੰਘ ਜੀ
ਹੁਕਮਾ ਸਿੰਘ ਪਹਾੜਾ ਸਿੰਘ ਆਇਆ ਸੀ।
ਨਾਨੂ ਸਿੰਘ ਰਹੇ ਸੰਗ ਸਤਿਗੁਰੂ ਦੇ
ਨਿਤ ਨੇਮ ਜੋ ਸੇਵ ਕਰਾਇਆ ਸੀ।
ਪੰਜ ਮਾਸ ਕੁਛ ਦਿਨ ਪਰਾਗ ਰਹਿਕੇ
ਫੇਰ ਵਿਚ ਰੰਗੂਨ ਪੁਚਾਇਆ ਸੀ।
ਸੂਬੇ ਤੋਰੇ ਸੇ ਦੇਸ ਦਸੌਰਾਂ ਨੂੰ
ਗਵਰਨਮਿੰਟ ਨੇ ਜਹਾਂ ਪਠਾਇਆ ਸੀ।
ਜਿਥੇ ਗਏ ਗੁਰਮਤ ਪਰਚਾਰ ਕੀਤੀ
ਭਜਨ ਦਸਕੇ ਜੀਵ ਤਰਾਇਆ ਸੀ।
ਕਾਲਾ ਸਿੰਘ ਪੰਜਾਬ ਦਾ ਹਾਲ ਦਸੀਂ
ਜੇੜਾ ਖਾਲਸੇ ਦੁਖ ਉਠਾਇਆ ਸੀ। ੧੭੫॥
ਗਵਰਨਮਿੰਟ ਲਿਖਿਆ ਵੱਲ ਰਾਜਿਆਂ ਦੀ
ਰਖੋ ਕੂਕਿਆਂ ਦੀ ਖਬਰਸਾਰ ਭਾਈ।

Namdhari Elibrary NamdhariElibrary@gmail.com

ਰਬਟ ਦੇਕੇ ਅਓਣ ਤੇ ਜਾਣ ਸਾਰੇ
ਥੋਨੂੰ ਆਖਿਆ ਅਸੀ ਬੇਕਾਰ ਭਾਈ।
ਏਹੋ ਹੁਕਮ ਨਿਆਂਕਾਰ ਸੂਕਾਰ ਦਿਤਾ
ਸੋਈ ਬਰਤਦੇ ਸਿੰਘ ਵਿਹਾਰ ਭਾਈ।
ਕਾਲਾ ਸਿੰਘ ਤੁਸੀਂ ਬੰਦੋਬਸਤ ਕਰਨਾ
ਗਵਰਮਿੰਟ ਨੇ ਕਿਹਾ ਪੁਕਾਰ ਭਾਈ ॥ ੧੭੬ ॥
ਰਾਜੇ ਆਖਦੇ ਨੇ ਗਵਰਮਿੰਟ ਅੱਗੇ
ਸਮਝ ਕੂਕਿਆਂ ਤਾਂਈ ਅਸਾਨ ਕਰੀਏ।
ਦੇਈਏ ਖਬਰ ਜੋ ਸਿਖੀ ਦੀ ਹੈ ਸਾਨੂੰ
ਏਸ ਪੰਥ ਦਾ ਦੂਰ ਨਿਸ਼ਾਨ ਕਰੀਏ।
ਸੋਧ ਕੜੇ ਕੱਛਾਂ ਸਭੋ ਦੂਰ ਕਰਕੇ
ਉਪਰ ਇਨਾਂ ਦੇ ਖੜਾ ਤੁਫਾਨ ਕਰੀਏ।
ਕਾਲਾ ਸਿੰਘ ਹਟਾਇਕੇ ਪੰਥ ਕੂਕਾ
ਸਿੱਧੇ ਇਨ੍ਹਾਂ ਨੂੰ ਸਰੂ ਸਮਾਨ ਕਰੀਏ ॥ ੧੭੭ ॥
ਸੱਦ ਰਾਜਿਆਂ ਆਪਣੇ ਰਾਜ ਵਿਚੋਂ
ਸਿੰਘ ਕੈਦ ਕੀਤੇ ਕੁਟਮਾਰ ਭਾਈ।
ਕਈ ਰੋਜ ਨਾ ਖਾਣ ਨੂੰ ਅੰਨ ਦਿੰਦੇ
ਕੱਢਣ ਗਾਲ ਗਲੋਜ ਹਜਾਰ ਭਾਈ।
ਰਾਜੇ ਆਖਦੇ ਕੂਕਿਓ ਸਿੰਘ ਬਣ ਜੋ
ਅਮ੍ਰਿਤ ਛਕੋ ਹੋਕੇ ਸਾਰੇ ਤਿਆਰ ਭਾਈ।
ਕਾਲਾ ਸਿੰਘ ਛਡੋ ਮੰਤਰ ਕੂਕਿਆਂ ਦਾ
ਉੱਨ ਮਾਲਾ ਨੂੰ ਦੇਵੋ ਉਤਾਰ ਭਾਈ ॥੧੭੮ ॥
ਸਿੰਘ ਆਖਦੇ ਰਹਿਤ ਏਹ ਦਸਮ ਗੁਰ ਦੀ
ਅਸੀ ਰਖਣੀ ਭਾਵੇਂ ਦਿਓ ਮਾਰ ਸਾਨੂੰ।
ਦਸੋ ਆਪ ਤੇ ਤੁਸੀ ਹੋ ਸਿਖ ਕੀਦੇ
ਕਹੋ ਸੋਚਕੇ ਜਰਾ ਵਿਚਾਰ ਸਾਨੂੰ।
ਦਾਰੂ ਮਾਸ ਤੇ ਕੰਜਰੀ ਪਾਸ ਰਖੋ
ਸਿਖ ਬਣੇ ਕੀਦੇ ਦਸੋ ਯਾਰ ਸਾਨੂੰ।

ਕਾਲਾ ਸਿੰਘ ਅਸੀਂ ਘਰੀਂ ਕਾਟ ਕਰੀਏ
ਕੀਤੀ ਕੈਦ ਕਿਉਂ ਬੇੜੀਆਂ ਮਾਰ ਸਾਨੂੰ ॥੧੭੯॥
ਅਹਿਲਕਾਰ ਸਲਾਹ ਏ ਕਰਨ ਰਾਜੇ
ਦੇਵੋ ਕੂਕਿਆਂ ਨੂੰ ਇਥੋਂ ਟਾਰ ਪਿਆਰੇ।
ਨਾਭੇ ਬਕਰੀਪਾਲ ਕੇ ਭੇਜ ਡੇਰੇ
ਅਮ੍ਰਿਤ ਛਕੋ ਆਖਣ ਵਾਰ ਵਾਰ ਪਿਆਰੇ।[19]
ਕੂਕੇ ਆਖਦੇ ਛਕਾਂਗੇ ਖ਼ੁਸ਼ੀ ਹੋਕੇ
ਸਾਡਾ ਸੁਣ ਲਿਓ ਇਕ ਕਰਾਰ ਪਿਆਰੇ।
ਦਾਰੂ ਮਾਸ ਤੇ ਕੰਜਰੀ ਬਾਜ ਕੋਈ
ਓਹਨੂੰ ਪੰਜਾਂ ਤੇ ਦੇਣਾ ਦਰਕਾਰ ਪਿਆਰੇ।
ਸੁਚ ਸੋਧ ਸਣ ਕੇਸ ਇਸਨਾਨ ਹੋਵੇ
ਹੁਕਮ ਦਸਾਂ ਦਾ ਕਰੇ ਬਿਹਾਰ ਪਿਆਰੇ।
ਅਸੀਂ ਉਸਤੇ ਹੈ ਅਮ੍ਰਿਤ ਪਾਨ ਕਰਨਾ
ਦੂਜਾ ਕਰੇ ਨਾ ਆ ਐਵੇਂ ਰਾਰ ਪਿਆਰੇ।
ਉਨਾਂ ਦਿਤਾ ਜਬਾਬ ਸੀ ਰਾਜਿਆਂ ਨੂੰ
ਕੂਕੇ ਛਕਣ ਨਾ ਕਰਨ ਇਨਕਾਰ ਪਿਆਰੇ।
ਉਨਾਂ ਨਾਲ ਨਾ ਸਾਡੀ ਹੈ ਰਹਿਤ ਮਿਲਦੀ
ਰਹਿਤ ਉਨਾਂ ਦੀ ਅਪਰ ਅਪਾਰ ਪਿਆਰੇ।
ਕੂਕੇ ਫੇਰ ਅਮ੍ਰਿਤਸਰ ਤਖਤ ਭੇਜੇ
ਓਥੇ ਹੋਇਆ ਸੀ ਇਹੋ ਬਿਹਾਰ ਪਿਆਰੇ।
ਸਿੰਘ ਦਿਤੇ ਸੇ ਮੋੜ ਰਿਆਸਤਾਂ ਨੂੰ
ਘਰੀਂ ਜਾ ਕੀਤੇ ਕੰਮ ਕਾਰ ਪਿਆਰੇ।
ਕਾਲਾ ਸਿੰਘ ਮੈਂ ਅਖਾਂ ਦੇ ਨਾਲ ਡਿਠੇ
ਸੁਣੇ ਨਹੀਂ ਜੋ ਕਰੋ ਅਤਬਾਰ ਪਿਆਰੇ ॥੧੮੦॥

### ਜਦੋਂ ਰਾਜਿਆਂ ਦੁਖ ਦਿਤਾ ਤਾਂ ਨਾਮਧਾਰੀਆਂ ਦੀ ਕੀ ਦਸ਼ਾ ਹੋਈ

ਕਈ ਸਿੰਘ ਬਿਸਿਦਕ ਹੋ ਗਏ ਬਹੁਤੇ
ਜਦੋਂ ਰਾਜਿਆਂ ਏਹ ਘੁਢੰਗ ਕੀਤਾ।

Namdhari Elibrary NamdhariElibrary@gmail.com

ਕਈ ਦੇਖ ਸੁਣ ਘਣੇਂ ਬਿਸਿਦਕ ਹੋਏ
ਕਈਆਂ ਬੇ ਸਿਦਕਾਂ ਵਾਲਾ ਰੰਗ ਕੀਤਾ।
ਕਈ ਮੁਕਬਰਾਂ ਸਿੰਘ ਫੜਾ ਦਿਤੇ
ਸਿਦਕ ਕਈਆਂ ਨੇ ਅੰਗ ਤੇ ਭੰਗ ਕੀਤਾ।
ਕਈ ਨਮੋਂ ਬਹੀਰ ਵਿਚ ਸਿੰਘ ਹੋਏ
ਕਈਆਂ ਹੋਣ ਦਾ ਚਿਤ ਤੁਰੰਗ ਕੀਤਾ।
ਕਿਰਤ ਕਰਦਿਆਂ ਰਹਿਤ ਨੂੰ ਰਖਦਿਆਂ ਨੂੰ
ਇਨਾਂ ਰਾਜਿਆਂ ਸਿੰਘਾਂ ਨੂੰ ਤੰਗ ਕੀਤਾ।
ਸੰਮਤ ਉਨੀ ਸੈ ਵਿਚ ਅਠਾਈਏ ਦੇ
ਕਾਲਾ ਸਿੰਘ ਏ ਰਾਜਿਆਂ ਢੰਗ ਕੀਤਾ॥ ੧੮੧॥

ਜੇੜੇ ਅੰਗਰੇਜਾਂ ਦੇ ਰਾਜ ਵਿਚ ਨਾਮਧਾਰੀ ਸੇ ਉਹਨਾਂ ਦਾ ਹਾਲ ਸੁਣੋ

ਗਵਰ ਮਿੰਟ ਨੇ ਕੀ ਇੰਤਜਾਮ ਕੀਤਾ
ਰਵਟ ਦੇਕੇ ਆਉਣ ਤੇ ਜਾਨ ਕੂਕੇ।
ਸ਼ਾਦੀ ਗਮੀਂ ਬਰਨੀ ਸ਼ਬਦ ਭਜਨ ਬਾਣੀ
ਭੋਗ ਅਰਜੀਓਂ ਬਿਨਾਂ ਨਾਂ ਪਾਨ ਕੂਕੇ।
ਇਹੋ ਹੁਕਮ ਦਿਤਾ ਨਾਮਧਾਰੀਆਂ ਨੂੰ
ਸੁਣਕੇ ਹੋਇ ਸੇ ਬਹੁਤ ਹੈਰਾਨ ਕੂਕੇ।
ਲੰਬਰਦਾਰ ਸਰਦਾਰ ਰਹੀਸ ਹਿੰਦੂ
ਕੀਤੇ ਇੰਨਾਂ ਨੇ ਬਹੁਤ ਬਰਾਨ ਕੂਕੇ।
ਆਖਣ ਕਰਨ ਕੂਕੇ ਮੰਤਰ ਤੁਸਾਂ ਉਪਰ
ਥੋਡੇ ਰਾਜ ਨੂੰ ਖੋਹਿਕੇ ਖਾਨ ਕੂਕੇ।
ਕੱਠੇ ਹੋਇ ਅਖੰਡ ਨੇ ਪਾਠ ਕਰਦੇ
ਕੋਈ ਚਾੜ ਨਾ ਦੇਣ ਤੁਫਾਨ ਕੂਕੇ।
ਪੌਂਦੇ ਭਰਮ ਸਰਕਾਰ ਨੂੰ ਲੋਕ ਹਿੰਦੂ
ਅਖੰਡ ਪਾਠ ਕਰਦੇ ਫੜੇ ਆਨ ਕੂਕੇ।
ਨਾਲੇ ਕੈਦ ਜੁਰਮਾਨੇ ਸਰਕਾਰ ਕਰਦੀ
ਕਈ ਸੈਂਕੜੇ ਜੇਲ ਨੂੰ ਜਾਨ ਕੂਕੇ।

ਸੰਮਤ ਉੱਨੀਸੈ ਵਿਚ ਉਣੱਤੀਏ ਦੇ
ਲੋਹ ਗੜ ਪਿੰਡ ਵਿਚੋਂ ਫੜੇ ਆਨ ਕੂਕੇ।
ਤਿੰਨ ਸਾਲ ਦੀ ਜੇਲ ਕਰਵਾਉਣ ਵਾਲਾ
ਦੋ ਦੋ ਸਾਲ ਪਾਠੀ ਜੇਲ ਪਾਨ ਕੂਕੇ।
ਕਾਲਾ ਸਿੰਘ ਏ ਹੁਕਮ ਸਰਕਾਰ ਦਾ ਸੀ
ਦਿਨੋ ਦਿਨ ਝਲਦੇ ਸਿਰ ਜਾਨ ਕੂਕੇ ॥੧੮੨॥

### ਸਿੰਘਾਂ ਨੇ ਸਮੁੰਦਰ ਲੰਘ ਕੇ ਗੁਰੂ ਜੀ ਦਾ ਦਰਸ਼ਨ ਕਰਨਾ

ਜੇੜੇ ਸਿੰਘ ਗਏ ਪਾਸ ਸਤਿਗੁਰਾਂ ਦੇ
ਕੀਤੇ ਟਾਪੂਆਂ ਵਿਚ ਦੀਦਾਰ ਭਾਈ।
ਅਬਲ ਗਿਆ ਦਰਵਾਰਾ ਹੈ ਸਿੰਘ ਬਾਬਾ
ਰੈ ਪੁਰ ਪਿੰਡ ਦਾ ਨਾਂਮ ਉਚਾਰ ਭਾਈ।
ਲਾਲ ਸਿੰਘ ਪ੍ਰਤਾਪ ਕੁਰ ਧੰਨਾ ਸਿੰਘ ਜੀ
'ਪਿੰਡ ਗੁਮਟੀ ਮਾਲਵੇ ਟਾਰ ਭਾਈ।
ਭਾਣੇ ਪਿੰਡ ਚੰਦੋ ਹਰਨਾਮ ਸਿੰਘ ਦੀ
ਜੁਆਲਾ ਦਈ ਅਮਰਸਰੋਂ ਤਿਆਰ ਭਾਈ।
ਮਤਾਬ ਸਿੰਘ ਕ੍ਰਿਪਾਲ ਸਿੰਘ ਹਰੀ ਸਿੰਘ ਜੀ
ਰਹਿੰਦੇ ਵਿਚ ਤਿੰਨ ਅਮਰਸਾਰ ਭਾਈ।
ਕ੍ਰਿਪਾਲ ਸਿੰਘ ਭਦੌੜ ਦੇ ਵਿਚ ਰਾਗੀ
ਹਰਨਾਮ ਸਿੰਘ ਮੰਡੀ ਜੱਥੇਦਾਰ ਭਾਈ।
ਲਾਲ ਸਿੰਘ ਲਤਾਲੇ ਦੇ ਰਹਿਣ ਵਾਲਾ
ਸੋਭਾ ਸਿੰਘ ਖੁਰਦ ਪੁਰੋਂ ਉਚਾਰ ਭਾਈ।
ਸਾਹਿਬ ਸਿੰਘ ਹੈ ਜੋਹਲਾਂ ਦੇ ਪਿੰਡ ਰਹਿੰਦਾ
ਸਰਮੁਖ ਸਿੰਘ ਰਹਿੰਦਾ ਲੱਲੂਵਾਰ ਭਾਈ।
ਕਾਲਾ ਸਿੰਘ ਭਗਵਾਨ ਸਿੰਘ ਵਤੇ ਵਾਲੋਂ
ਬਘੇਲ ਸਿੰਘ ਨਾਰਲੀ ਪੁਕਾਰ ਭਾਈ।
ਹੀਰਾ ਸਿੰਘ ਸਢੌਰਾ ਸਮੁਦ ਸਿੰਘ ਖੋਟੇ
ਹਰਨਾਮ ਸਿੰਘ ਨਥਾਣਾਂ ਵਿਚਾਰ ਭਾਈ।

Namdhari Elibrary NamdhariElibrary@gmail.com

ਚੰਦਾ ਸਿੰਘ ਸੰਤੂ ਨੰਗਲ ਵਿਚ ਵਸਦਾ
ਹੀਰਾ ਸਿੰਘ ਬਰੜ੍ਹਖੋ ਸਰਦਾਰ ਭਾਈ।
ਸੌਣ ਸਿੰਘ ਨਰੈਣ ਸਿੰਘ ਰਹੇ ਰੋਡੀਂ
ਸਾਹਿਬ ਸਿੰਘ ਰਹਿੰਦਾ ਨਾਰੰਗਵਾਲ ਭਾਈ।
ਭੋਮਾਂ ਪਿੰਡ ਬਡਾਲਾ ਬਸਾਖਾ ਸਿੰਘ ਜੀ ਦਾ
ਨੈਣਾਂ ਸਿੰਘ ਬ੍ਰਿਆਹਾਂ ਦਾ ਯਾਰ ਭਾਈ।
ਸਿਆਮ ਸਿੰਘ ਜੀਉਣ ਸਿੰਘ ਸੜਿਆਲੀ ਵਾਲੇ
ਮੀਹਾਂ ਸਿੰਘ ਗਿਆ ਤਿੰਨ ਵਾਰ ਭਾਈ।
ਸਵੇਗ ਸਿੰਘ ਮਰਹਾਣਾ ਅੜਵੰਗ ਸਿੰਘ ਜੀ
ਗੁਰਦਿਤ ਸਿੰਘ ਧਰਮੂ ਕੋਟੋਂ ਤਿਆਰ ਭਾਈ।
ਮਨੀ ਸਿੰਘ ਖਾਨਾਂ ਸੁੰਦਰ ਸਿੰਘ ਚੀਮਾਂ
ਗੁਰਦਿਤ ਸਿੰਘ ਘੁੰਗਰਾਲੀ ਸਰਦਾਰ ਭਾਈ।
ਟਹਿਲ ਸਿੰਘ ਮਤਾਬ ਸਿੰਘ ਸ਼ੇਖਮਾਂ ਦੇ
ਭਗਵਾਨ ਸਿੰਘ ਛੋਕਰ ਜੱਥੇਦਾਰ ਭਾਈ।
ਹਰਨਾਮ ਸਿੰਘ ਮੋਰੋਂ ਈਸ਼ਰ ਸਿੰਘ ਚੁਨ੍ਹੀ
ਕਾਨ ਸਿੰਘ ਬੁਰਜਾਂ ਵਾਲਾ ਤਿਆਰ ਭਾਈ।
ਨਥਾ ਸਿੰਘ ਹੈ ਗਾਦੜੀ ਵਿਚ ਰਹਿੰਦਾ
ਗੁਲਾਬ ਸਿੰਘ ਹੋਲਾਂ ਵਾਲੀਓਂ ਟਾਰ ਭਾਈ।
ਮਸਤਾਨ ਸਿੰਘ ਰਾਈਆਂ ਗੋਧਾ ਸਿੰਘ ਅਵਲੂ
ਲੰਘ ਗਏ ਸਮੁੰਦਰੋਂ ਪਾਰ ਭਾਈ।
ਕਾਲਾ ਸਿੰਘ ਬਹੁਤੇ ਗਏ ਲਿਖੇ ਥੋੜੇ
ਜਿਨਾਂ ਗੁਰਾਂ ਦੇ ਕਰੇ ਦੀਦਾਰ ਭਾਈ॥ ੧੯੩॥

### ਪ੍ਰਸੰਗ ਮਹਾਰਾਜ ਗੁਰੂ ਹਰੀ ਸਿੰਘ ਜੀ ਨੂੰ ਸਤਿਗੁਰਾਂ ਨੇ ਸ਼ਬਦ ਦੀ ਸ਼ਕਤੀ ਬਖਸ਼ਣੀ ਤੇ ਜੋਤ ਦਾ ਪਰਕਾਸ਼ ਕਰ ਦੇਣਾ

ਸਿੰਘ ਮਿਲਣ ਜਾਂਦੇ ਪੂਰੇ ਸਤਿਗੁਰਾਂ ਨੂੰ
ਦਰਸ਼ਨ ਟਾਪੂਆਂ ਦੇ ਵਿਚ ਪਾਇਆ ਹੈ।

Namdhari Elibrary NamdhariElibrary@gmail.com

ਗੁਰੂ ਸਿਖ ਦਾ ਜਦੋਂ ਮਲਾਪ ਹੋਵੇ
ਜਨਮ-ਜਨਮ ਦਾ ਦੁਖ ਮਟਾਇਆ ਹੈ।
ਆਤਮਕ ਸ਼ਕਤੀ ਵਾਲੀ ਜੋਤ ਭੇਜਣ
ਪਰਚਾ ਸਿੰਘਾਂ ਦੇ ਹਥ ਫੜਾਇਆ ਹੈ।
ਭੈਂਣੀ ਸਾਹਿਬ ਨੂੰ ਭੇਜਿਆ ਹੁਕਮਨਾਮਾਂ
ਸ੍ਰੀ ਆਪ ਮੁਖਵਾਕ ਫ਼ਰਮਾਇਆ ਹੈ।
ਸੰਮਤ ਉਨੀਂ ਸੈ ਚੌਤੀਏ ਸਾਲ ਅੰਦਰ
ਸੰਤ ਖਾਲਸੇ ਤਾਈਂ ਸੁਣਾਇਆ ਹੈ।[20]
ਹਰੀ ਸਿੰਘ ਨੂੰ ਜਾਣਨਾਂ ਰੂਪ ਮੇਰਾ
ਮੇਰਾ ਏਸਦਾ ਭੇਦ ਨਾ ਪਾਇਆ ਹੈ।
ਜੀ ਨੂੰ ਏਹ ਬਖਸ਼ਣ ਮੇਰੀ ਬਖਸ਼ ਓਨੂੰ
ਥੌਂਨੂੰ ਇਨਾਂ ਦਾ ਪੱਲਾ ਫੜਾਇਆ ਹੈ।
ਸਿੰਘਾਂ ਹੁਕਮ ਹਿਰਦੇ ਵਿਚ ਧਾਰ ਲੀਤਾ
ਗੁਰਾਂ ਦਸਿਆ ਸੋਈ ਕਮਾਇਆ ਹੈ।
ਕਾਲਾ ਸਿੰਘ ਛੀਵੇਂ ਫੇਰ ਸਾਲ ਪਿਛੋਂ
ਸੁਕੇ ਬਾਗ ਨੂੰ ਹਰਾ ਕਰਾਇਆ ਹੈ ॥੧੮੪॥

**ਸਤਿਗੁਰਾਂ ਨੇ ਸਰਕਾਰ ਨੂੰ ਪੁਛਣਾ ਸਾਨੂੰ ਕੇੜੇ ਕਸੂਰ ਤੇ ਟਾਪੂਏਂ ਆਂਦਾ ਹੈ**

ਸਤਿਗੁਰ ਪੁਛਦੇ ਨੇ ਸਰਕਾਰ ਤਾਂਈ
ਅਸੀ ਕੀ ਕਸੂਰ ਕਮਾਇਆ ਹੈ।
ਏਸ ਜਗਾ ਆਂਦਾ ਤੁਸੀ ਅਸਾਂ ਤਾਂਈ
ਸਾਡੇ ਨਾਲ ਕੀ ਅਦਲ ਕਰਾਇਆ ਹੈ।
ਜਿਨਾਂ ਕਰੀ ਓਹਨਾਂ ਸਜਾ ਭਰੀ ਥੋੜੀ
ਤੁਸੀਂ ਤੋਪ ਦੇ ਨਾਲ ਉਡਾਇਆ ਹੈ।
ਏਹ ਦਾ ਮੋੜਕੇ ਦਿਓ ਜਵਾਬ ਸਾਨੂੰ
ਸਚੇ ਸਤਿਗੁਰਾਂ ਆਖ ਸੁਣਾਇਆ ਹੈ।
ਪੁਛਦੀ ਫੇਰ ਸਰਕਾਰ ਹੈ ਰਾਜਿਆਂ ਨੂੰ
ਸਤਿਗੁਰ ਦੇਸ ਅੰਦਰ ਆਉਣਾ ਚਾਹਿਆ ਹੈ।

Namdhari Elibrary NamdhariElibrary@gmail.com

ਲਏ ਪੁਛ ਪੁਜਾਰੀ ਤੇ ਭੇਖ ਧਾਰੀ
ਜਿੰਨਾਂ ਮਾਫ ਜੰਗੀਰਾਂ ਨੂੰ ਖਾਇਆ ਹੈ।
ਰਾਜੇ ਕਹਿਣ ਖੋਹਿ ਲੈਣਗੇ ਰਾਜ ਸਾਡਾ
ਥੋਨੂੰ ਕਰਣ ਬਰਾਨ ਅਲਾਇਆ ਹੈ।
ਭੇਖ ਧਾਰੀ ਪੁਜਾਰੀ ਵੀ ਕਹਿਣ ਏਹੋ
ਸਾਡੀ ਸਿਖੀ ਖਰਾਬ ਕਰਾਇਆ ਹੈ।
ਕਿਹਾ ਦੋਹਾਂ ਨੂੰ ਗੁਰਾਂ ਦਾ ਖਰਚ ਦੇਵੋ
ਲੈਕੇ ਖਰਚ ਸਰਕਾਰ ਪੁਚਾਇਆ ਹੈ।
ਜੋ ਕੁਛ ਕਿਹਾ ਪੁਜਾਰੀਆਂ ਰਾਜਿਆਂ ਨੇ
ਸੋਈ ਜਾਏ ਸਰਕਾਰ ਸੁਣਾਇਆ ਹੈ।
ਥੋੜੇ ਸਿੰਘਾਂ ਭਰਾਵਾਂ ਦਾ ਹੁਕਮ ਦਿਹੋ
ਸਾਤੋਂ ਬਰੀ ਸਰਕਾਰ ਫਰਮਾਇਆ ਹੈ।
ਦਿੰਦੇ ਰਹੇ ਪੁਜਾਰੀ ਤੇ ਖਰਚ ਰਾਜੇ
ਫੇਰ ਹੁਕਮ ਸਰਕਾਰ ਸੁਣਾਇਆ ਹੈ।
ਗਵਰ ਮਿੰਟ ਆਖੇ ਬਾਬਾ ਦੇਸ ਜਾਵੇ
ਅਸੀ ਸੂਬਿਆਂ ਤਾਂਈਂ ਪੁਚਾਇਆ ਹੈ।
ਓਵੀ ਜਾਏ ਮਿਲੇ ਬਾਲ ਬੱਚਿਆਂ ਨੂੰ
ਤੁਸੀਂ ਜਾਉ ਸਰਕਾਰ ਫਰਮਾਇਆ ਹੈ।
ਸਤਿਗੁਰ ਆਖਦੇ ਪੁਛ ਲੌ ਰਾਜਿਆਂ ਨੂੰ
ਇਨਾਂ ਓਹੁ ਜੁਵਾਬ ਸੁਣਾਇਆ ਹੈ।
ਸਤਿਗੁਰ ਰਹੇ ਕਹੇ ਓਦਰ ਰਾਜਿਆਂ ਦੇ
ਇੰਨਾਂ ਰਾਜਿਆਂ ਖਰਚ ਪੁਚਾਇਆ ਹੈ।
ਕਾਲਾ ਸਿੰਘ ਏ ਰਹਿ ਗਿਆ ਹਾਲ ਬਹੁਤਾ
ਥੋੜਾ ਖਾਲਸੇ ਤਾਂਈ ਸੁਣਾਇਆ ਹੈ ॥੧੮੫॥

**ਸਤਿਗੁਰਾਂ ਨੇ ਸੰਤ ਖਾਲਸੇ ਤੇ ਸੂਬੇ ਟਾਪੂਆਂ ਦੇ ਸਾਜ ਦੇਣ**

ਰੰਗੂਨ ਵਿਚ ਸਿਦਕੀ ਸਿੰਘ ਸਜੇ ਬਹੁਤੇ
ਲੋਕਾਂ ਸ਼ੁਭਾ ਸਰਕਾਰ ਨੂੰ ਪਾਇਆ ਹੈ।

ਮੋਰਮਈ ਤੀਜੀ ਜਗਾ ਭੇਜ ਦਿਤੇ
ਓਥੇ ਖਾਲਸਾ ਪੰਥ ਸਜਾਇਆ ਹੈ।
ਮੁਰਗੀ ਫ਼ੇਰ ਚੌਥੇਟਾਪੂ ਬਦਲ ਦਿਤੇ
ਓਥੇ ਜਾਇ ਸਿੰਘਾਂ ਦਰਸ਼ਨ ਪਾਇਆ ਹੈ।
ਪੁਲਾ ਰਾਮ ਸੁਦਰਾਬੀ ਸੀ ਸਿੰਘ ਬਣ ਗਏ
ਸੂਬੇ ਓਧਰੇ ਬਹੁਤ ਬਣਾਇਆ ਹੈ।[21]
ਰੰਗਾ ਸੁਆਮੀ ਪੁੱਲਾਰਾਮ ਸੀ ਸੇਠ ਭਾਰਾ
ਮਾਲਕ ਅਸੀਆਂ ਖੂਹਾਂ ਦਾ ਭਾਇਆ ਹੈ।
ਹੋਏ ਬਹੁਤ ਮੁਦਰਾਬੀ ਸੋ ਨਾਮ ਧਾਰੀ
ਪੰਥ ਖਾਲਸਾ ਫੈਲ ਫਲਾਇਆ ਹੈ।
ਐਥੋਂ ਜਾਏ ਸਿੰਘਾਂ ਵਿਚ ਓਸ ਟਾਪੂ
ਦਰਸ਼ਨ ਪੂਰਿਆਂ ਗੁਰਾਂ ਦਾ ਪਾਇਆ ਹੈ।
ਗੁਰੂ ਪਾਸ ਜਾਣਾ ਨਾਮਧਾਰੀਆਂ ਦਾ
ਵਿਚ ਗੁਰੂ ਗਰੰਥ ਲਿਖਾਇਆ ਹੈ।
ਸੰਮੁਦ ਸਾਗਰ ਹੋਵੇ ਅਤਿ ਨੀਰ ਭਰਿਆ
ਗੁਰ ਸਿਖ ਗੁਰਪਹਿ ਲੰਘ ਜਾਇਆ ਹੈ।
ਟਾਪੂ ਓਸਦੇ ਵਿਚ ਪ੍ਰਤਾਪ ਬਧਿਆ
ਲੋਕਾਂ ਭਰਮ ਸਰਕਾਰ ਨੂੰ ਪਾਇਆ ਹੈ।
ਟਾਪੂ ਪੰਜਵੇਂ ਤ੍ਰਵਾਈ ਦੇ ਬਦਲ ਦਿਤੇ
ਓਥੇ ਕਿਸੇ ਨੂੰ ਜਾਣਾ ਨਾ ਪਾਇਆ ਹੈ।
ਕਰਦੇ ਜਤਨ ਰੂਹਿਪੋਸ਼ ਹੋ ਸਿੰਘ ਗੁਰ ਕੇ
ਦਰਸ਼ਨ ਉਥੇ ਭੀ ਜਾਇਕੇ ਪਾਇਆ ਹੈ।
ਮੀਹਾਂ ਸਿੰਘ ਗਿਆ ਸਿਖ ਸਤਿਗੁਰੂ ਦਾ
ਗੁਰਾਂ ਸੀਨੇ ਦੇ ਨਾਲ ਲਗਾਇਆ ਹੈ।
ਸਤਿਗੁਰ ਆਖਦੇ ਧੰਨ ਹੋ ਧੰਨ ਭਾਈ
ਤੁਸੀ ਸਿਖੀ ਨੂੰ ਸਿਰੇ ਚੜ੍ਹਾਇਆ ਹੈ।
ਖਬਰ ਸਾਰ ਪੰਜਾਬ ਦੀ ਪੁਛ ਸਾਰੀ
ਫੇਰ ਆਪਣਾ ਹਾਲ ਬਤਾਇਆ ਹੈ।

ਅਠ ਰੋਜ ਮੀਹਾਂ ਸਿੰਘ ਰਖਿਆ ਸੀ
ਹੁਕਮ ਨਾਮਾ ਲਿਖ ਗੁਰੂ ਫੜਾਇਆ ਹੈ।
ਕਿਹਾ ਜਾਏ ਦੇਵੀਂ ਹਰੀ ਸਿੰਘ ਤਾਂਈ
ਮੰਨੇ ਪੰਥ ਤੇ ਆਪ ਮਨਾਇਆ ਹੈ।
ਗੁਰੂ ਗਰੰਥ ਜੀ ਹੈ ਸਾਡਾ ਹੁਕਮ ਨਾਮਾ
ਪੜੇ ਸੁਣੇਂ ਜੋ ਰਹਿਤ ਕਮਾਇਆ ਹੈ।
ਕਾਲਾ ਸਿੰਘ ਸੋਈ ਪਰੇ ਪਾਰ ਭਾਈ
ਮੀਹਾਂ ਸਿੰਘ ਦੇ ਤਾਂਈ ਸੁਣਾਇਆ ਹੈ ॥੧੮੬॥

### ਭਾਈ ਮੀਹਾਂ ਸਿੰਘ ਜੀ ਨੇ ਅਰਜ ਕਰਨੀ ਸਤਿਗੁਰਾਂ ਪਾਸ ਹਥ ਜੋੜ ਕੇ

ਮੀਹਾਂ ਸਿੰਘ ਨੇ ਆਖਿਆ ਸਤਿਗੁਰਾਂ ਨੂੰ
ਕਦੋਂ ਦੇਹੁਗੇ ਫੇਰ ਦੀਦਾਰ ਸਾਨੂੰ।
ਨੈਣੀ ਨੀਂਦ ਨਾਂ ਆਂਵਦੀ ਦਿਨੇ ਰਾਤੀਂ
ਤੇਰੇ ਬਾਝ ਹਨੇਰ ਗੁਬਾਰ ਸਾਨੂੰ।
ਤੇਰੇ ਦਰਸ ਬਗੈਰ ਹੈ ਮਰਨ ਚੰਗਾ
ਤੇਰੇ ਦਿਤਾ ਵਿਛੋੜੇ ਨੇ ਮਾਰ ਸਾਨੂੰ।
ਖਾਣ ਪੀਣ ਨਾਂ ਸੁਝਦਾ ਅਸਾਂ ਤਾਂਈ
ਚੰਗਾ ਲਗੇ ਨਾਂ ਕੋਈ ਵਿਹਾਰ ਸਾਨੂੰ।
ਨੈਨ ਤਰਸਦੇ ਨੇ ਤੇਰੇ ਦਰਸ ਤਾਂਈ
ਨੀਂਦ ਆਵੇ ਨਾ ਰਾਤ ਵਿਚਕਾਰ ਸਾਨੂੰ।
ਚਾਤ੍ਰਿਕ ਜਿਵੇਂ ਤਰਸੇ ਪਾਣੀ ਬੂੰਦ ਤਾਂਈ
ਅਸੀ ਤਰਸੀਏ ਦਈ ਦੀਦਾਰ ਸਾਨੂੰ।
ਸਾਡਾ ਵੱਸ ਨਹੀਓਂ ਚਲੇ ਕੁਝ ਗੁਰ ਜੀ
ਦਿੰਦੀ ਅਗ ਵਛੋੜੇ ਦੀ ਮਾਰ ਸਾਨੂੰ।
ਕੋਈ ਦੱਸੋ ਉਪਾਉ ਨਿਮਾਣਿਆਂ ਨੂੰ
ਹੋਇਆ ਜੀਉਂਣ ਔਖਾ ਕਰਨਹਾਰ ਸਾਨੂੰ।
ਬਾਝ ਆਪਦੇਂ ਬਾਗ ਬਰਾਨ ਹੋਇਆ
ਦੇਖੋ ਆਪ ਆ ਨਿਗਾ ਪਸਾਰ ਸਾਨੂੰ।

Namdhari Elibrary NamdhariElibrary@gmail.com

ਸੰਗਤ ਖੜੀ ਉਡੀਕਦੀ ਤੁਸਾਂ ਤਾਂਈ
ਚੰਗੇ ਨਹੀਂ ਲੱਗਦੇ ਘਰਬਾਰ ਸਾਨੂੰ।
ਕਈ ਦਰਸ ਤੇ ਬਿਨਾਂ ਬੈਕੁੰਠ ਪਹੁੰਚੇ
ਬਣੀਂ ਪੁਜਕੇ ਗੁਰੂ ਲਚਾਰ ਸਾਨੂੰ।
ਦਰਸਨ ਕਦੋਂ ਪੰਜਾਬ ਦੇ ਵਿਚ ਹੋਸੀ
ਕੋਈ ਬੰਨਕੇ ਦਿਓ ਕਰਾਰ ਸਾਨੂੰ।
ਰਾਮ ਚੰਦਨੇ ਦਸਿਆ ਭਰਥ ਤਾਂਈ
ਤਿਵੇਂ ਆਜਜਾਂ ਨੂੰ ਕਰੋ ਪਾਰ ਸਾਨੂੰ।
ਕਾਲਾ ਸਿੰਘ ਏ ਅਰਜ ਮਨਜ਼ੂਰ ਹੋਵੇ
ਸਿੰਘ ਕਹੇ ਦਸੋ ਕਰਨ ਹਾਰ ਸਾਨੂੰ ॥੧੮੭॥

ਸਤਿਗੁਰਾਂ ਨੇ ਭਾਈ ਮੀਹਾਂ ਸਿੰਘ ਜੀ ਨੂੰ ਉਪਦੇਸ਼ ਦੇਣਾ

ਸਚੇ ਸਤਿਗੁਰੂ ਆਖਦੇ ਖੁਸ਼ੀ ਹੋ ਕੇ
ਬਲਹਾਰ ਬਲਹਾਰ ਬਲਿਹਾਰ ਬੇਟਾ।
ਟਾਪੂ ਵਿਚ ਮੈਨੂੰ ਦਰਸਨ ਆਣ ਦਿਤਾ
ਧਨ-ਧਨ ਥੋਨੂੰ ਵਾਰ ਵਾਰ ਬੇਟਾ।
ਹਾਜਰ ਨਾਜ਼ਰ ਸਾਨੂੰ ਤੁਸੀ ਪਾਸ ਜਾਣੋ
ਕਰਨਾ ਵਾਹਿਗੁਰੂ ਨਾਮ ਉਚਾਰ ਬੇਟਾ।
ਕੜਾ ਕੱਛ ਕਿਰਪਾਨ ਇਸ਼ਨਾਨ ਕੇਸੀਂ
ਕਰਨਾ ਰਹਿਤ ਦੇ ਨਾਲ ਪਿਆਰ ਬੇਟਾ।
ਸੁਚ ਸੋਧ ਬਾਣੀ ਨਾਲੇ ਨਾਮ ਜਪਣਾਂ
ਦੇਣਾਂ ਨਹੀਂ ਇਸ਼ਨਾਨ ਵਿਸਾਰ ਬੇਟਾ।
ਪਾਓ ਭੋਗ ਅਖੰਡ ਸੁਧਾਰ ਵਿਚੋ
ਕਰਨੀ ਖਾਲਸੇ ਨੇ ਇਹੋ ਕਾਰ ਬੇਟਾ।
ਬੀਬੀ ਮਾਈ ਲੜਕਾ ਲੜਕੀ ਬੁਢਾ ਬਾਲਾ
ਸਾਰਾ ਭਜਨ ਦਾ ਕਰੇ ਵਿਹਾਰ ਬੇਟਾ।
ਜੋ ਕੁਝ ਵਿਚ ਹੈ ਗੁਰੂ ਗਰੰਥ ਲਿਖਿਆ
ਬਰਤੇ ਸੋਈ ਸੰਸਾਰ ਵਿਚਕਾਰ ਬੇਟਾ।

Namdhari Elibrary NamdhariElibrary@gmail.com

ਆਉਣਾ ਜਾਣਾ ਸਾਡਾ ਉਹਦੇ ਵਿਚ ਲਿਖਿਆ
ਪੜਕੇ ਦੇਖ ਕੇ ਕਰੋ ਵਿਚਾਰ ਬੇਟਾ।
ਸਾਡੇ ਪਾਸ ਹੁਣ ਹੋਰ ਨਾ ਸਿੰਘ ਆਵੇ
ਮੇਲਾ ਹੋਣ ਨਾ ਦਿੰਦੀ ਸਰਕਾਰ ਬੇਟਾ।
ਖਰਚ ਬਹੁਤ ਲਗਦਾ ਮੇਲਾ ਹੋਏ ਥੋੜਾ
ਹਰਜਾ ਹੁੰਦਾ ਹੈ ਬੇਸ਼ੁਮਾਰ ਬੇਟਾ।
ਮੇਰੀ ਜੋਤ ਪੰਜਾਬ ਦੇ ਵਿਚ ਆਵੇ
ਦਰਸ ਹੋਇ ਸਤਸੰਗ ਵਿਚਕਾਰ ਬੇਟਾ।
ਤੁਸੀਂ ਘਰਾਂ ਦੇ ਵਿਚ ਅਡੋਲ ਰਹਿਣਾਂ
ਮੇਰਾ ਕਹਿਣ ਥੋਨੂੰ ਵਾਰ ਵਾਰ ਬੇਟਾ।
ਜੇਹੜਾ ਹੁਕਮ ਸੁਣਾਇਆ ਤੁਸਾਂ ਤਾਂਈ
ਰਖੋ ਸੋਈ ਹਿਰਦੇ ਵਿਚ ਧਾਰ ਬੇਟਾ।
ਹਰੀ ਸਿੰਘ ਨੂੰ ਹਾਲ ਹਵਾਲ ਸਾਰਾ
ਦਸੀਂ ਜਾਇਕੇ ਨਾਲ ਪਿਆਰ ਬੇਟਾ।
ਸੰਗਤ ਸਾਰੀ ਨੂੰ ਹਰੀ ਅਬਾਦ ਰਖੇ
ਆਤਮਕ ਸ਼ਕਤੀ ਪ੍ਰਚਾਰ ਬੇਟਾ।
ਕਿਹਾ ਥੋੜਾ ਤੇ ਬਹੁਤਾ ਏ ਸਮਝ ਲੈਣਾ
ਕਰਨਾਂ ਵਾਹਿਗੁਰੂ ਨਾਮ ਉਚਾਰ ਬੇਟਾ।
ਕਾਲਾ ਸਿੰਘ ਮੀਹਾਂ ਸਿੰਘ ਨੂੰ ਵਿਦਾ ਕਰਦੇ
ਆਖਣ ਸਤਿਗੁਰੂ ਹੋਈਂ ਤਿਆਰ ਬੇਟਾ॥੧੮੮॥

### ਮੀਹਾਂ ਸਿੰਘ ਨੇ ਸਤਿਗੁਰਾਂ ਪਾਸੋਂ ਭੈਣੀ ਸਾਹਿਬ ਜਾ ਕੇ ਗੁਰੂ ਹਰੀ ਸਿੰਘ ਨੂੰ ਮਿਲਣਾ

ਹੁਕਮ ਨਾਮੇਂ ਤੇ ਸਿਖਿਆ ਦੇ ਸਾਰੀ
ਮੀਹਾਂ ਸਿੰਘ ਨੂੰ ਵਿਦਾ ਕਰਾਇਆ ਹੈ।
ਸਾਗਰ ਲੰਘ ਪੰਜਾਬ ਦੇ ਵਿਚ ਪਹੁੰਚਾ
ਭੈਣੀ ਸਾਹਿਬ ਆਕੇ ਦਰਸਨ ਪਾਇਆ ਹੈ।

ਸੰਗਤ ਪਾਸ ਕਠੀ ਹੋਈ ਆਣ ਬਹੁਤੀ
ਸਾਰਾ ਗੁਰਾਂ ਦਾ ਹਾਲ ਸੁਣਾਇਆ ਹੈ।
ਸੁਣਕੇ ਹਾਲ ਸੰਗਤ ਸਾਰੀ ਹਰੀ ਹੋਈ
ਮੀਹਾਂ ਸਿੰਘ ਸਿਆਲੀ ਨੂੰ ਧਾਇਆ ਹੈ।
ਮਿਲਿਆ ਘਰੀ ਜਾਕੇ ਬਾਲ ਬਚਿਆਂ ਨੂੰ
ਸਿੰਘਾਂ ਜਾਇ ਦਰਸਨ ਓਦਾ ਪਾਇਆ ਹੈ।
ਸਿੰਘ ਪੁਛਦੇ ਹਾਲ ਜਾਂ ਸਤਿਗੁਰਾਂ ਦਾ
ਓਸ ਸਰਬ ਦੇਤਾਂਈ ਸੁਣਾਇਆ ਹੈ।
ਸੰਮਤ ਉੱਨੀਸੌਂ ਵਿਚ ਬਤਾਲੀਏ ਦੇ
ਕਾਲਾ ਸਿੰਘ ਮੀਹਾਂ ਸਿੰਘ ਆਇਆ ਹੈ ॥੧੯੯॥

ਪ੍ਰਸੰਗ ਮਹਾਰਾਜ ਸ੍ਰੀ ਗੁਰੂ ਹਰੀ ਸਿੰਘ ਜੀ ਦਾ

ਗਿਆਂ ਸਤਿਗੁਰਾਂ ਨੂੰ ਛੀ ਸਾਲ ਬੀਤੇ
ਫੇਰ ਓਧਰੋਂ ਹੁਕਮ ਸੁਣਾਇਆ ਹੈ।
ਸੰਮਤ ਉੱਨ ਸੌ ਚੌਤੀਏ ਸਾਲ ਅੰਦਰ
ਛੋਟੇ ਭਾਈ ਦੇ ਤਾਂਈ ਅਲਾਇਆ ਹੈ।
ਸ਼ਕਤੀ ਆਪਣੀ ਬਖਸ਼ ਭਰਾਓ ਤਾਂਈ
ਜੋਤ ਸ਼ਬਦ ਪਰਕਾਸ਼ ਕਰਾਇਆ ਹੈ।
ਓਹਨਾਂ ਬਖਸ਼ਕੇ ਨਾਮ ਤੇ ਦਾਨ ਸਭ ਨੂੰ
ਨਰਕੀ ਜੀਵ ਬੈਕੁੰਠ ਪੁਚਾਇਆ ਹੈ।
ਜੇੜਾ ਪਾਸ ਆਵੇ ਸੋ ਮੁਰਾਦ ਪਾਵੇ
ਨਾਮਦਾਨ ਇਸ਼ਨਾਨ ਦਿੜਾਇਆ ਹੈ।
ਰਹੇ ਭੀੜ ਹਜੂਰ ਹਮੇਸ਼ ਲਗੀ
ਕਈ ਆਉਂਣ ਕਈਆਂ ਜਾਣਾ ਪਾਇਆ ਹੈ।
ਢਾਈ ਲੱਖ ਅਖੰਡ ਸੀ ਭੋਗ ਪਾਇਆ
ਗੁਰਾਂ ਨਾਮ ਪਰਵਾਹਿ ਚਲਾਇਆ ਹੈ।
ਆਉਂਣ ਸੰਗਤਾਂ ਦਰਸ ਦੀਦਾਰ ਕਾਰਨ
ਮਾਨਸ ਜਨਮ ਨੂੰ ਸੁਫਲ ਕਰਾਇਆ ਹੈ।

Namdhari Elibrary NamdhariElibrary@gmail.com

ਤਨ ਮਨ ਤੇ ਧਨ ਲਾ ਕਰਨ ਸੇਵਾ
ਭੇਟਾ ਨਗਦ ਹਜ਼ੂਰ ਝੜਾਇਆ ਹੈ।
ਰਹੇ ਦੇਗ ਕੜਾਹਿ ਤਿਆਰ ਹਰਦਮ
ਛਕਣ ਪੰਗਤਾਂ ਸਿੰਘਾਂ ਛਕਾਇਆ ਹੈ।
ਲੰਗਰ ਬੰਦ ਨਾਂ ਹੋਮਦਾ ਦਿਨੇ ਰਾਤੀ
ਚਲ ਰਿਹਾ ਜੋ ਦੂਣ ਸਵਾਇਆ ਹੈ।
ਭਜਨ ਦਸਕੇ ਮਰਦ ਤੇ ਔਰਤਾਂ ਨੂੰ
ਸਭਨੂੰ ਸਾਗਰੋਂ ਪਾਰ ਲੰਘਾਇਆ ਹੈ।
ਚੜ੍ਹਨ ਸੈਂਕੜੇ ਰੋਜ ਜਹਾਜ ਗੁਰ ਦੇ
ਗੁਰਾਂ ਨਾਮ ਤੇ ਦਾਨ ਦੜਾਇਆ ਹੈ।
ਦਇਆ ਜਿਸ ਤੇ ਕਰਨ ਦਿਆਲ ਹੋਕੇ
ਸੋਈ ਵਿਚ ਬੈਕੁੰਠ ਪਚਾਇਆ ਹੈ।
ਹਰੀ ਸਿੰਘ ਸਚੇ ਗੁਰੂ ਕਰਨ ਕਾਰਨ
ਸੰਗਤ ਤਾਂਈਂ ਵੀ ਹਰੀ ਕਰਾਇਆ ਹੈ।
ਗਰੂ ਬਾਰਮਾਂ ਬਾਰਮੀਂ ਜਾਣ ਗੱਦੀ
ਜੋਤ ਇਕ ਦੋ ਰੂਪ ਬਟਾਇਆ ਹੈ।
ਸਾਹਿਬ ਕੌਰ ਮਾਈ ਸੇਵਾ ਦਾਰ ਗੁਰ ਕੀ
ਜੀਉਣਕੌਰ ਤੋਂ ਵਡੀ ਸਦਾਇਆ ਹੈ।
ਫਤੇ ਕੌਰ ਮਾਈ ਤੀਜੀ ਹੋਰ ਛੋਟੀ
ਓਸ ਪੰਥ ਦੀ ਸੇਵ ਕਮਾਇਆ ਹੈ।
ਪੁਤ੍ਰ ਤਿੰਨ ਮਾਤਾ ਜੀਉਣ ਕੌਰ ਜੀ ਦੇ
ਗੁਰ ਅੰਸ ਜੋ ਬੰਸ ਸਦਾਇਆ ਹੈ।
ਬਾਬਾ ਬਡਾ ਪ੍ਰਤਾਪ ਸਿੰਘ ਨਾਮ ਹੈ ਜੋ
ਵਖਤ ਉਹਨਾਂ ਨੂੰ ਗੱਦੀ ਦਾ ਆਇਆ ਹੈ।
ਹਰੀ ਸਿੰਘ ਸਚੇ ਪਾਤਸ਼ਾਹਿ ਜੀ ਨੇ
ਸ਼ਾਂਤੀ ਬਖਸ਼ਕੇ ਪੰਥ ਬਧਾਇਆ ਹੈ।
ਸਿੰਘਾਂ ਪੁਛਿਆ ਸਾਡਾ ਹੈ ਕੌਣ ਵਾਲੀ
ਮਹਾਰਾਜ ਜੀ ਆਖ ਸੁਣਾਇਆ ਹੈ।

Namdhari Elibrary NamdhariElibrary@gmail.com

ਅਗੋਂ ਆਖਿਆ ਥੋੜਾ ਹੈ ਗੁਰੂ ਭਾਲੂ
ਹੱਥ ਬਾਬੇ ਜੀ ਵਲ ਉਠਾਇਆ ਹੈ।
ਕਾਲਾ ਸਿੰਘ ਸਿੰਘਾਂ ਫੇਰ ਅਰਜ ਕੀਤੀ
ਸੀਸ ਚਰਨਾਂ ਦੇ ਉਤੇ ਟਕਾਇਆ ਹੈ॥੧੯੦॥

ਸਿੰਘਾਂ ਨੇ ਅਰਜ ਕਰਨੀ ਸ੍ਰੀ ਗੁਰੂ ਹਰੀ ਸਿੰਘ ਜੀ ਪਾਸ

ਮਹਾਰਾਜ ਹਰੀ ਸਿੰਘ ਗੁਰੂ ਅਗੇ
ਸਿੰਘਾਂ ਅਰਜ ਕੀਤੀ ਲਾਈਂ ਪਾਰ ਸਾਨੂੰ।
ਸਾਡਾ ਕੌਣ ਭਾਲੂ ਤੇਰੇ ਬਾਝ ਹੋਵੇ
ਏ ਵੀ ਦਸ ਦੇਵੋ ਕ੍ਰਿਪਾ ਧਾਰ ਸਾਨੂੰ।
ਪੱਲਾ ਜਿਸ ਦਾ ਤੁਸੀਂ ਫੜਾਇ ਦੇਵੋ
ਅਸੀਂ ਪਕੜੀਏ ਕਹੋ ਪੁਕਾਰ ਸਾਨੂੰ।
ਕਾਲਾ ਸਿੰਘ ਏ ਅਰਜ ਮਨਜ਼ੂਰ ਹੋਵੇ
ਦੱਸੋ ਧਾਰ ਕ੍ਰਿਪਾ ਕਰਨ ਹਾਰ ਸਾਨੂੰ॥੧੯੧॥

ਗੁਰੂ ਹਰੀ ਸਿੰਘ ਜੀ ਨੇ ਸੰਗਤ ਨੂੰ ਗੁਰੂ ਪ੍ਰਤਾਪ ਸਿੰਘ ਜੀ
ਦਾ ਪੱਲਾ ਫੜਾ ਦੇਣਾ

ਮਹਾਰਾਜ ਸਤਿਗੁਰ ਹਰੀ ਸਿੰਘ ਆਖੇ
ਬਲਹਾਰ ਬਲਹਾਰ ਬਲਹਾਰ ਵਾਰੀ।
ਥੋੜਾ ਭਾਲੂ ਅਕਾਲ ਤੇ ਗੁਰੂ ਬਾਰਾਂ
ਵਾਹਿਗੁਰੂ ਭਾਲੂ ਕਰਨਹਾਰ ਵਾਰੀ।
ਏਸ ਬਾਗ ਗੁਲਜਾਰ ਦਾ ਆਪ ਰਾਖਾ
ਰਾਮ ਸਿੰਘ ਸਤਿਗੁਰ ਪ੍ਰਵਦਗਾਰ ਵਾਰੀ।
ਅਸੀਂ ਦਿਤਾ ਸੁਮਾਲ ਪ੍ਰਤਾਪ ਸਿੰਘ ਨੂੰ
ਸਾਰਾ ਬਾਗ ਬਹਾਰ ਗੁਲਜ਼ਾਰ ਵਾਰੀ।
ਰਾਖੀ ਕਰੂ ਪਾਣੀ ਪਾਊ ਨਾਮ ਰੂਪੀ
ਕਰੂ ਖਾਲਸੇ ਨਾਲ ਪਿਆਰ ਵਾਰੀ।
ਜੋਕੁਛ ਕਹਿਣ ਸੋ ਮੰਨਣਾ ਖਾਲਸੇ ਨੇ
ਸਾਡਾ ਹੁਕਮ ਏਹੋ ਵਾਰ-ਵਾਰ ਵਾਰੀ।

Namdhari Elibrary NamdhariElibrary@gmail.com

ਆਤਮਕ ਸ਼ਕਤੀ ਸ਼ਬਦ ਜੋਤ ਸਾਰੀ
ਅਸੀਂ ਬਖਸ਼ ਦਿਤੀ ਇਕੋ ਵਾਰ ਵਾਰੀ।
ਕਾਲਾ ਸਿੰਘ ਏਹੋ ਸੰਤ ਖਾਲਸੇ ਨੂੰ
ਦਿੰਦੇ ਸਤਿਗੁਰੂ ਹੁਕਮ ਉਚਾਰ ਵਾਰੀ ॥੧੯੨॥

**ਪ੍ਰਸੰਗ ਮਹਾਰਾਜ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਸਚ ਖੰਡ ਨੂੰ ਜਾਣਾ**

ਪੰਜ ਰੋਜ ਅਗੋਂ ਸਿੰਘਾਂ ਅਰਜ ਕੀਤੀ
ਗੁਰਾਂ ਸਰਬ ਦੇ ਤਾਂਈਂ ਸੁਣਾਇਆ ਹੈ।
ਜੋੜਾ ਹੁਕਮ ਹੈ ਗੁਰੂ ਗਰੰਥ ਅੰਦਰ
ਸਤ ਧਰਮ ਉਪਦੇਸ ਦੜਾਇਆ ਹੈ।
ਸੰਮਤ ਉਨੀ ਸੈ ਚੌਂਤੀ ਤੇ ਸ਼ੁਰੂ ਕਰਕੇ
ਸੰਮਤ ਬਾਹਟ ਦੇ ਤਾਂਈਂ ਪੁਚਾਇਆ ਹੈ।
ਅਠਾਈ ਸਾਲ ਸੁਕਾ ਪੰਥ ਹਰਾ ਕੀਤਾ
ਹਰੀ ਸਿੰਘ ਗੁਰ ਨਾਮ ਸਦਾਇਆ ਹੈ।
ਸੰਮਤ ਉਨੀ ਸੌ ਬਾਹਟ ਦੇ ਵਿਚ ਸੰਤੋ
ਗੁਰਾਂ ਗਮਨ ਪਰਲੋਕ ਦਾ ਪਾਇਆ ਹੈ।
ਮਾਂਹਿ ਜੇਠ ਪੱਖ ਨ੍ਹੇਰ ਦੀ ਤਿੱਥ ਦਸਮੀਂ
ਸੋਮਵਾਰ ਦਾ ਦਿਨ ਸੁਹਾਇਆ ਹੈ।[22]
ਆਉਣ ਵਾਲੀ ਨਮਾਣੀ ਸਤਾਰਵੇਂ ਨੂੰ
ਮੇਲਾ ਗੁਰਾਂ ਦਾ ਮਥ ਮਥਾਇਆ ਹੈ।
ਸੰਗਤ ਬਹੁਤ ਆਈ ਪਾਏ ਭੋਗ ਬਹੁਤੇ
ਕੁਝ ਅੰਤਸ਼ੁਮਾਰ ਨਾ ਆਇਆ ਹੈ।
ਭਾਰਕ ਜਗਤ ਗੁਰ ਦੀ ਯਾਦਗਾਰ ਓਹੋ
ਮੇਲਾ ਸਾਲ ਬਰਸਾਲ ਲਗਾਇਆ ਹੈ।
ਹੁਣ ਵੀ ਆਵੇ ਨਿਮਾਣੀਂ ਨੂੰ ਕਰੋ ਦਰਸ਼ਨ
ਮਾਨਸ ਜਨਮ ਹੋਵੇ ਸੁਫਲ ਪਾਇਆ ਹੈ।
ਆਦਿ ਅੰਤ ਤੋਂ ਏਹ ਪ੍ਰਸੰਗ ਸਾਰਾ
ਜੇਹਾ ਸੁਣਿਆ ਮੈਂ ਸੋਈ ਸੁਣਾਇਆ ਹੈ।

Namdhari Elibrary NamdhariElibrary@gmail.com

ਹੱਥ ਜੋੜ ਕੇ ਫਤੇ ਹੈ ਵਾਹਿਗੁਰੂ ਦੀ
ਸਤਿ ਸ੍ਰੀ ਅਕਾਲ ਗਜਾਇਆ ਹੈ।
ਕਰੇ ਮੁਸ਼ਕਲਾਂ ਹੱਲ ਅਕਾਲ ਸਚਾ
ਕਾਲਾ ਸਿੰਘ ਤੇਰੀ ਸ਼ਰਨ ਆਇਆ ਹੈ ॥੧੯੩॥

ਪ੍ਰਸੰਗ ਮਹਾਰਾਜ ਸ੍ਰੀ ਗੁਰੂ ਬਾਬਾ ਪਰਤਾਪ ਸਿੰਘ ਜੀ ਦਾ

ਸੰਮਤ ਉੱਨੀ ਸੈ ਬਾਹਟ ਦੇ ਵਿਚ ਲਾਵੇ
ਮੇਲਾ ਆਪ ਨਮਾਣੀ ਉਚਾਰ ਬਾਬਾ।
ਮਹਾਂਰਾਜ ਜੀ ਸੇ ਸੱਚਖੰਡ ਪਹੁੰਚੇ
ਕਰੇ ਸਤਿਗੁਰਾਂ ਦੀ ਯਾਦਗਾਰ ਬਾਬਾ।
ਸੰਗਤ ਆਈ ਸੀ ਦਰਸ ਬੇਅੰਤ ਕਰਨੇ
ਪਾਵੇ ਭੋਗ ਬੇਅੰਤ ਸ਼ੁਮਾਰ ਬਾਬਾ।
ਦਰਸਨ ਕਰੇ ਆਕੇ ਸੰਤ ਖਾਲਸੇ ਨੇ
ਬੈਠਾ ਨਜ਼ਰ ਆਵੇ ਕਰਨ ਹਾਰ ਬਾਬਾ।
ਚਰਨ ਕਰੀ ਬੰਦਨ ਸੰਤ ਖਾਲਸੇ ਨੇ
ਕਰੇ ਸਰਬ ਦੇ ਨਾਲ ਪਿਆਰ ਬਾਬਾ।
ਨਾਮ ਦਾਨ ਦ੍ਰਿੜਾਇਕੇ ਸਰਬ ਤਾਂਈ
ਕਰੇ ਜੂੰਨ ਚੁਰਾਸੀ ਤੋ ਪਾਰ ਬਾਬਾ।
ਜੇਹੜਾ ਪਾਸ ਆਵੇ ਸੋ ਮੁਰਾਦ ਪਾਵੇ
ਦਸੇ ਵਾਹਿਗੁਰੂ ਨਾਮ ਉਚਾਰ ਬਾਬਾ।
ਨਿਗਾ ਜਿਸਤੇ ਕਰੇ ਦਿਆਲ ਹੋਕੇ
ਦਿੰਦਾ ਜੀਵ ਦੇ ਕਸ਼ਟ ਖਡਾਰ ਬਾਬਾ।
ਬਰਖਾ ਨਾਮ ਤੇ ਦਾਨ ਦੀ ਕਰਨ ਸਾਰੇ
ਲਾਹੇ ਜੀਵਦੇ ਜਰਮਦੇ ਭਾਰ ਬਾਬਾ।
ਸੁਧ ਆਤਮਾ ਜਿਨਾ ਦੀਦਾਰ ਕੀਤਾ
ਦੇਵੇ ਬਖਸ਼ ਬੈਕੁੰਠ ਬਹਾਰ ਬਾਬਾ।
ਨਾਮ ਦਾਨ ਇਸ਼ਨਾਨ ਦ੍ਰਿੜਾਇ ਸਭ ਨੂੰ
ਦੇਵੇ ਸਾਗਰੋਂ ਪਾਰ ਉਤਾਰ ਬਾਬਾ।

Namdhari Elibrary NamdhariElibrary@gmail.com

ਮਹਾਰਾਜ ਗੁਰੂ ਸਾਹਿਬ ਪ੍ਰਤਾਪ ਸਿੰਘ ਜੀ
ਭੈਣੀ ਸਾਹਿਬ ਹੈ ਕਾਰ ਗੁਜਾਰ ਬਾਬਾ।
ਕਾਲਾ ਸਿੰਘ ਤੇਰੀ ਸਰਨ ਦਾਸ ਆਯਾ
ਫਤੇ ਵਾਹਿਗੁਰੂ ਕਰੇ ਉਚਾਰ ਬਾਬਾ॥ ੧੯੪॥

### ਕਵੀ ਦਾ ਜਨਮ

ਸੰਮਤ ਉੱਨੀਸੈ ਅਠਾਈਆ ਵਰਤਿਆ ਸੀ
ਸਿੰਘ ਹੋਇ ਸ਼ਹੀਦ ਪਛਾਨ ਸੰਤੋਂ।
ਜੇੜਾ ਦੇਖਿਆ ਸੁਣਿਆਂ ਮੈਂ ਖਾਲਸੇ ਤੇ
ਕੀਤਾ ਤੁਸਾਂ ਦੇ ਪਾਸ ਬਖਾਨ ਸੰਤੋ।
ਸਾਲ ਉੱਨੀ ਸੇ ਸੱਤ੍ਰੇ ਵਿਚ ਕਰਿਆ
ਬੈਂਤਾਂ ਵਿਚ ਮੈ ਕਾਵ ਦਾ ਬਿਆਨ ਸੰਤੋ।
ਜਿਥੇ ਜਨਮ ਲੀਤਾ ਦੇਹੀ ਧਾਰਕੇ ਮੈ,
"ਨੰਗਲ ਵਡਾ ਹੈ ਪਿੰਡ ਮਕਾਨ ਸੰਤੋ।
ਭੈਣੀ ਸਾਹਿਬ ਤੇ ਦਖਣ ਦੀ ਤਰਫ ਜਾਂਣੋ
ਸੋਲਾਂ ਕੋਸ ਦਾ ਫੈਸਲਾ ਮਾਨ ਸੰਤੋ।
ਸਾਲ ਉੱਨੀਸੈ ਵਿਚ ਬਤਾਲੀਏ ਦੇ
ਭਜਨ ਪੁਛਿਆ ਸੀ ਮੈ ਭੀ ਆਣ ਸੰਤੋ।
ਹੀਰਾ ਸਿੰਘ ਦੂਜਾ ਬਿਸ਼ਨ ਸਿੰਘ ਬੇਟਾ
ਸਿੱਖੀ ਸਿਦਕ ਦੇ ਨਾਮ ਬਿਆਨ ਸੰਤੋ।
ਕੜਾ ਕਛ ਕਿਰਪਾਨ ਪਰਵਾਰ ਪਾਵੇ
ਸਣੇ ਕੇਸ ਕਰਦਾ ਇਸ਼ਨਾਨ ਸੰਤੋ।
ਚੰਗਾ ਸਤਿਗੁਰਾਂ ਨਾਲ ਪਿਆਰ ਸਭਦਾ
ਕਿਰਤ ਧਰਮ ਦੀ ਕਰਨ ਲਾ ਭਾਨ ਸੰਤੋ।
ਮੈ ਅਵਾਣ ਜੇ ਕੁਝ ਅੱਜੋਗ ਹੋਵੇ
ਭੁਲ ਬਖਸ਼ ਦੇਣੀ ਮੇਹਰਵਾਨ ਸੰਤੋ।
ਕਾਲਾ ਸਿੰਘ ਸਾਰੇ ਸੰਤ ਖਾਲਸੇ ਨੂੰ
ਫਤੇ ਵਾਹਿਗੁਰੂ ਕਹੀ ਬਖਾਨ ਸੰਤੋ॥

kkk

Namdhari Elibrary NamdhariElibrary@gmail.com

# ਫੁਟਨੋਟ ਅਤੇ ਟਿਪਣੀਆਂ (ਅੰਤਿਕਾ)

1. ਫਗਨ ਸੁਦੀ 15 ਸਮੰਤ 1841 (24 ਫਰਵਰੀ 1784 ਈਸਵੀ) ਨੂੰ ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਜਨਮ ਸਹਿਰ ਸਰਵਾਲਾ, ਪੰਜਾਬ ਦੇ ਪਛਮੀ ਭਾਗ ਪੋਠੋਹਾਰ, ਜਿਲਾ ਅਟਕ ਪਿਤਾ ਦਿਆਲ ਸਿੰਘ ਅਰੋੜੇ ਦੇ ਘਰ ਬਤਰਾ ਗੋਤ, ਮਾਤਾ ਭਾਗ ਭਰੀ ਦੀ ਕੁਖੋਂ ਹੋਇਆ।
   ਕਵੀ ਕਾਹਲਾ ਸਿੰਘ ਨੇ ਗਿਆਨੀ ਗਿਆਨ ਸਿੰਘ ਦੇ ਗਰੰਥ "ਪੰਥ ਪ੍ਰਕਾਸ਼" ਅਨੁਸਾਰ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਧਾਰਨ ਦਾ ਸੰਮਤ ਲਿਖਿਆ ਹੈ।
2. ਇਹ ਸੰਮਤ ਉਹਨਾਂ ਨੇ ਗਿਆਨੀ ਗਿਆਨ ਸਿੰਘ ਦੇ ਗਰੰਥ "ਪੰਥ ਪ੍ਰਕਾਸ਼" ਅਨੁਸਾਰ ਦਿੱਤਾ ਹੈ।
3. ਇਹੋ ਸਾਲ ਡਾ. ਗੰਡਾ ਸਿੰਘ ਨੇ ਪੁਸਤਕ "ਕੂਕਿਆਂ ਦੀ ਵਿਥਿਆ" ਵਿਚ ਪੰਨਾ 7 ਤੇ ਦਿਤਾ ਹੈ ਪਰੰਤੂ ਸਤਿਗੁਰੂ ਬਿਲਾਸ (ਪਹਿਲਾ ਹਿੱਸਾ) ਪੰਨਾ 103 ਤੇ ਫੁਟ ਨੋਟ ਵਿਚ ਸੰਪਾਦਕ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਫੌਜ ਵਿਚ ਭਰਤੀ ਹੋਣ ਦਾ ਸਾਲ 1837 ਈਸਵੀ (1894 ਬਿਕਰਮੀ) ਦਿੱਤਾ ਹੈ।
4. ਮੁਦਕੀ ਦੀ ਜੰਗ 18 ਦਸੰਬਰ 1845 ਈਸਵੀ ਨੂੰ ਹੋਈ ਸੀ।
5. ਕਰਮ ਸਿੰਘ ਪਟਵਾਰੀ ਦੀ ਪੁਸਤਕ 'ਗੁਰ ਇਤਿਹਾਸ ਜਾਣਕਾਰੀ' ਪੰਨਾ 260 ਅਨੁਸਾਰ ਸਤੰਬਰ 1841 ਈਸਵੀ (ਅਸੂ ਦੀ ਸੰਗ੍ਰਾਂਦ 1898 ਬਿਕਰਮੀ) ਨੂੰ ਹਜਰੋ ਸਾਹਿਬ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਏ ਸਨ।
6. ਉਞ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ 18 ਜਨਵਰੀ 1872 ਈਸਵੀ ਨੂੰ ਜਲਾਵਤਨੀ ਤੋਂ ਬਾਅਦ ਪੰਥ ਦੀ ਵਾਗਡੋਰ ਬਾਬਾ ਬੁਧ ਸਿੰਘ ਜੀ ਛੋਟੇ ਭਰਾਤਾ ਕੋਲ ਆ ਗਈ ਸੀ ਪ੍ਰੰਤੂ ਬਾਬਾ ਦਰਬਾਰਾ ਸਿੰਘ ਜੀ ਰਾਹੀਂ, ਸੰਗਤ ਦੀ ਜਾਣਕਾਰੀ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਜਨਵਰੀ 1875 (1931 ਬਿਕਰਮੀ) ਨੂੰ ਦਰਸ਼ਨ ਕਰਨ ਗਏ ਨੂੰ ਇਕ ਹੁਕਮਨਾਮਾਂ ਬਖਸ਼ਿਆ ਸੀ, ਜਿਸ ਵਿਚ ਲਿਖਿਆ ਸੀ "ਅਜ ਤੋਂ ਬੁਧ ਸਿੰਘ ਦਾ ਨਾਮ ਹਰੀ ਸਿੰਘ ਹੋ ਗਿਆ ਹੈ। ਉਹਨਾਂ ਨੂੰ ਸਿਰ ਕਰਤਾ ਜਾਨਣਾ। ਮੇਰੇ ਧੱਕੇ ਹੋਏ ਨੂੰ ਉਹ ਬਖਸ਼ ਸਕਦਾ ਹੈ। ਉਸਦੇ ਧਕੇ ਹੋਏ ਨੂੰ ਮੈਂ ਨਹੀ ਬਖਸ਼ਾਂਗਾ।"

Namdhari Elibrary NamdhariElibrary@gmail.com

7. ਸਤਿਗੁਰੂ ਬਾਲਕ ਸਿੰਘ ਜੀ ਸੰਮਤ 1919 ਬਿਕਰਮੀ ਮੁਤਾਬਿਕ ਸੰਨ 1862 ਈਸਵੀ ਸ਼ਨੀਵਾਰ ਨੂੰ ਮਘਰ ਦੀ ਪੂਰਨਮਾਸ਼ੀ ਨੂੰ ਜੋਤੀ ਜੋਤ ਸਮਾਏ ਸਨ। (ਦੇਖੋ ਸਿਖ ਇਤਿਹਾਸ ਦੇ ਚੋਣਵੇਂ ਸਵਾਲ-ਜਵਾਬ, ਪੰਨਾ 61)
8. ਸਤਿਗੁਰੂ ਰਾਮ ਸਿੰਘ ਜੀ 1919 ਬਿਕਰਮੀ (1862 ਈਸਵੀ) ਨੂੰ ਅੰਮ੍ਰਿਤਸਰ ਗਏ ਸਨ।(ਦੇਖੋ ਜੁਗ ਪਲਟਾਊ ਸਤਿਗੁਰੂ ਲੇਖਕ ਨਿਧਾਨ ਸਿੰਘ ਆਲਮ ਪੰਨਾ 46)
9. ਜੂਨ 1863 ਈਸਵੀ (1920 ਬਿਕਰਮੀ) ਨੂੰ ਖੋਟੇ ਵਿਖੇ ਅਨੰਦ ਮਰਯਾਦਾ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤੀ ਸੀ ਤਾਂ ਪੰਡਤਾਂ ਨੇ ਬਹੁਤ ਰੌਲਾ ਪਾਇਆ ਤੇ ਸਤਿਗੁਰੂ ਜੀ ਖਿਲਾਫ ਸਰਕਾਰ ਕੋਲ ਅਰਜ਼ੀਆਂ ਪਾਈਆਂ ਸਨ। ਨਤੀਜੇ ਵਜੋਂ ਸਤਿਗੁਰੂ ਜੀ ਤੇ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ ਸੀ। ਹੁਣ ਧਰਮ ਪ੍ਰਚਾਰ ਪ੍ਰਚੰਡ ਕਰਨ ਲਈ ਸਤਿਗੁਰੂ ਜੀ ਨੇ ਸੂਬਿਆਂ ਦੀ ਥਾਪਨਾ ਕੀਤੀ ਸੀ।

   (ਦੇਖੋ ਸਿਖ ਇਤਿਹਾਸ ਦੇ ਸਵਾਲ ਜਵਾਬ, ਪੰਨਾ 69)
10. ਅੰਮ੍ਰਿਤਸਰ ਦਾ ਸਾਕਾ 14 ਜੂਨ 1871 ਈਸਵੀ (1928 ਬਿਕਰਮੀ) ਨੂੰ ਹੋਇਆ ਸੀ। (ਦੇਖੋ ਸਤਿਗੁਰੂ ਬਿਲਾਸ, ਪਹਿਲਾ ਹਿੱਸਾ ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ, ਪੰਨਾ 426)
11. ਇਨਸਪੈਕਟਰ
12. 15 ਸਤੰਬਰ 1871 ਈਸਵੀ ਨੂੰ ਰਾਮ ਬਾਗ ਦੇ ਕੋਲ ਇਕ ਵਡੇ ਬੋਹੜ ਨਾਲ ਰੇਸ਼ਮ ਦੇ ਰੱਸੇ ਨਾਲ ਚਾਰ ਸਿੰਘਾਂ ਨੂੰ ਫਾਂਸੀ ਦਿੱਤੀ ਗਈ।ਬਾਅਦ ਵਿਚ ਪੰਜਵਾਂ ਸਿਖ ਭੰਡਾ ਸਿੰਘ ਠੱਟਾ ਨੂੰ 11 ਅਗਸਤ 1873 ਈਸਵੀ ਨੂੰ ਫਾਂਸੀ ਦਿੱਤੀ ਗਈ ਸੀ। (ਸਤਿਗੁਰੂ ਬਿਲਾਸ ਪਹਿਲਾ ਹਿੱਸਾ, ਕਿਰਤ ਸੰਤੋਖ ਸਿੰਘ ਬਾਹੋਵਾਲ, ਪੰਨਾ 429-430)
13. 15 ਜੁਲਾਈ 1871 ਈਸਵੀ (1928 ਬਿਕਰਮੀ) ਨੂੰ ਰਾਇਕੋਟ ਦਾ ਸਾਕਾ ਵਾਪਰਿਆ ਸੀ। ਨਾਮਧਾਰੀ ਸਿੰਘਾਂ ਨੇ ਬੁਚੜ ਕਤਲ ਕੀਤੇ ਸਨ (ਬਾਬਾ ਰਾਮ ਸਿੰਘ ਨਾਮਧਾਰੀ ਲੇਖਕ ਜਸਵੰਤ ਸਿੰਘ ਜਸ, ਪੰਨਾ 100 ਅਤੇ ਸਤਿਗੁਰੂ ਬਿਲਾਸ, ਪਹਿਲਾ ਹਿੱਸਾ, ਪੰਨਾ 439)

Namdhari Elibrary NamdhariElibrary@gmail.com

14. 5 ਅਗਸਤ 1871 ਈਸਵੀ ਨੂੰ ਰਾਏਕੋਟ ਦੇ ਸਾਕੇ ਦੇ ਸੰਬੰਧ ਵਿਚ ਗੁਰਮੁਖ ਸਿੰਘ, ਮੰਗਲ ਸਿੰਘ ਤੇ ਮਸਤਾਨ ਸਿੰਘ ਨੂੰ ਬਸੀਆਂ ਦੀ ਕੋਠੀ ਵਿਖੇ ਫਾਂਸੀ ਦਿਤੀ ਗਈ ਸੀ।

15. 26 ਨਵੰਬਰ 1871 ਈਸਵੀ ਐਤਵਾਰ ਵਾਲੇ ਦਿਨ ਗਿਆਨੀ ਸਿੰਘ ਅਤੇ ਰਤਨ ਸਿੰਘ ਸ਼ਹੀਦਾਂ ਨੂੰ ਲੁਧਿਆਣੇ ਫਾਂਸੀ ਦਿੱਤੀ ਗਈ।

(ਸਤਿਗੁਰੂ ਬਿਲਾਸ, ਪਹਿਲਾ ਹਿੱਸਾ, ਪੰਨਾ 444)

16. ਮਾਤਾ ਜੱਸਾ ਜੀ ਨੇ ਸੰਮਤ 1928 ਕਤਕ ਵਦੀ ਨੂੰ ਚੜ੍ਹਾਈ ਕੀਤੀ ਸੀ।

17. ਮਾਤਾ ਜੱਸਾ ਨਮਿਤ ਭੋਗ 12 ਜਨਵਰੀ 1872 ਈਸਵੀ (ਮਾਘ 1928 ਬਿਕਰਮੀ) ਨੂੰ ਪਏ ਸੀ।

18. ਮਲੇਰਕੋਟਲੇ 17-18 ਜਨਵਰੀ 1872 ਈਸਵੀ ਨੂੰ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ। ਪਹਿਲੇ ਦਿਨ ਇਕ ਤਲਵਾਰ ਨਾਲ ਅਤੇ 49 ਤੋਪਾਂ ਨਾਲ ਸ਼ਹੀਦ ਕੀਤੇ ਗਏ। ਦੂਜੇ ਦਿਨ 16 ਸਿੰਘ ਤੋਪਾਂ ਅਗੇ ਸ਼ਹੀਦ ਕੀਤੇ ਗਏ। ਪ੍ਰੰਤੂ ਕਵੀ ਕਾਹਲਾ ਸਿੰਘ ਨੇ 71 ਸਿੰਘ ਸ਼ਹੀਦ ਹੋਏ ਲਿਖਿਆ ਹੈ।

19. ਕਵੀ ਕਾਲਾ ਸਿੰਘ ਨੇ ਗੁਰਦੁਆਰਾ ਅਜਪਾਲ ਸਿੰਘ (ਨਾਭਾ) ਨੂੰ ਡੇਰਾ ਬਕਰੀਪਾਲ ਲਿਖਿਆ ਹੈ। ਸਵਾਮੀ ਕਲਿਆਣ ਦਾਸ ਉਦਾਸੀ ਨੇ ਪੁਸਤਕ "ਸਭ ਤੋਂ ਵਡਾ ਸਤਿਗੁਰੂ ਨਾਨਕ" ਵਿਚ ਗੁਰਦੁਆਰਾ ਅਜਾਪਾਲ ਸਿੰਘ ਜੀ ਨੂੰ ਬਕਰੀਪਾਲ ਹੀ ਮੰਨਿਆ ਹੈ ਕਿਉਂਕਿ ਉਹ ਅਜਾ ਦੇ ਅਰਥ ਬਕਰੀ ਅਤੇ ਪਾਲ ਦਾ ਅਰਥ ਪਾਲਕ ਕਰਦਾ ਹੈ। ਇਸਦੀ ਹਾਮੀ ਕਵੀ ਕਾਲਾ ਸਿੰਘ ਨੇ ਇਥੇ ਭਰੀ ਹੈ।

20. ਇਹ ਵਾਕ ਸਤਿਗੁਰੂ ਰਾਮ ਸਿੰਘ ਜੀ ਨੇ 1934 ਬਿਕਰਮੀ ਨਹੀ, 1931 ਬਿਕਰਮੀ (ਜਨਵਰੀ 1875 ਈਸਵੀ) ਨੂੰ ਇਕ ਹੁਕਮਨਾਮੇ ਰਾਹੀ ਸ੍ਰੀ ਭੈਣੀ ਸਾਹਿਬ ਭੇਜੇ ਸਨ ਜੋ ਬਾਬਾ ਦਰਬਾਰਾ ਸਿੰਘ ਰੰਗੂਨ ਤੋਂ ਲਿਆਇਆ ਸੀ (ਸਤਿਗੁਰੂ ਬਿਲਾਸ, ਦੂਜਾ ਹਿੱਸਾ, ਪੰਨਾ 45 ਤੋਂ 49)

21. ਮੁਦਰਾਬੀ ਅਤੇ ਸੁਦਰਾਬੀ ਸ਼ਬਦ ਅਸਪਸ਼ਟ ਹਨ, ਇਹਨਾਂ ਬਾਰੇ ਮੈਂ ਵਿਦਵਾਨਾਂ ਜਸਵਿੰਦਰ ਸਿੰਘ ਅਤੇ ਸੁਵਰਨ ਸਿੰਘ ਵਿਰਕ ਨਾਲ

Namdhari Elibrary NamdhariElibrary@gmail.com

ਵਿਚਾਰ ਕੀਤੀ ਸੀ, ਉਹਨਾਂ ਆਖਿਆ ਸੀ ਕਿ ਇਹ ਸ਼ਬਦ "ਮਦਰਾਸੀ" ਹੋਵੇਗਾ। ਪ੍ਰੰਤੂ ਇਹ ਸ਼ਬਦ ਫਿਰ ਵੀ ਸਪਸ਼ਟ ਨਹੀ ਹੋਏ ਹਨ।

22. ਸਤਿਗੁਰੂ ਹਰੀ ਸਿੰਘ ਜੀ 1963 ਬਿਕਰਮੀ ਜੇਠ ਵਦੀ ਦਸਵੀ ਵੀਰਵਾਰ (17 ਮਈ 1906 ਈਸਵੀ) ਨੂੰ ਪੰਜ ਵਜਕੇ ਪੰਜ ਮਿੰਟ ਤੇ ਜੋਤੀ ਜੋਤ ਸਮਾਏ ਸਨ। (ਸਤਿਗੁਰੂ ਬਿਲਾਸ, ਦੂਜਾ ਹਿੱਸਾ, ਪੰਨਾ 398)

◆◆◆

Namdhari Elibrary NamdhariElibrary@gmail.com

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਪੁਸਤਕ ਦੇ ਸੰਪਾਦਕ ਦੇਵਿੰਦਰ ਸਿੰਘ ਗਿਲ
(ਜੀਆ ਨੱਥਾ) ਨਾਲ ਬਚਨ ਕਰ ਰਹੇ ਹਨ।

## ਸੰਪਾਦਕ ਦੀ ਕਲਮ ਤੋਂ

- ਬ੍ਰਹਮ ਗਿਆਨੀ ਭਾਈ ਲਾਲੋ
- ਮਹਾਰਾਜਾ ਜਸਾ ਸਿੰਘ ਰਾਮਗੜ੍ਹੀਆ
- ਸੰਤ ਵਰਿਆਮ ਸਿੰਘ ਮੁਸਵਰ - ਜੀਵਨ ਤੇ ਚਿਤਰਾਵਲੀ
- ਨਾਂਦੇੜ ਤੋਂ ਬਾਅਦ ਦਸਮ ਗੁਰੂ
- ਕਲਮ ਦੇ ਧਨੀ ਸੰਤ ਇੰਦਰ ਸਿੰਘ ਚਕਰਵਰਤੀ
- ਸੰਤ ਨਿਧਾਨ ਸਿੰਘ ਆਲਿਮ ਜੀਵਨ ਤੇ ਸਾਹਿਤ ਰਚਨਾ
- ਪੰਜ ਤਖਤ ਸਾਹਿਬਾਨ ਦੀ ਮਹਾਨਤਾ

ਅਨੇਕ ਖੋਜ ਪੱਤਰ ਅਤੇ ਲੇਖ ਦੇਸ਼ ਵਿਦੇਸ਼ ਦੀਆਂ ਅਖ਼ਬਾਰਾ ਅਤੇ ਰਿਸਾਲਿਆਂ ਵਿਚ ਛਪ ਚੁੱਕੇ ਹਨ।

Namdhari Elibrary NamdhariElibrary@gmail.com